ਕੌਮਾਂਤਰੀ
# ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES

West/East Coast Edition | Volume 8 | Issue 45 | 28 November 2018 to 04 December 2018 | Ph.: (510) 240-5949 | For Advt.: (510) 677-2777 | Fax: (888) 323-6950 | Email: info@amritsartimes.com, asrtimes@gmail.com


03 ■ ਭਾਈਚਾਰਾ
ਗੁਰਦੁਆਰਾ ਸਾਹਿਬ ਫਰੀਮੌਂਟ ਵਿਖੇ ਗੁਰੂ ਨਾਨਕ ਜੀ ਦਾ ਪ੍ਰਕਾਸ਼ ਪੁਰਬ ਸ਼ਰਧਾ ਨਾਲ ਮਨਾਇਆ


09 ■ ਵਿਸ਼ੇਸ਼ ਲੇਖ
ਨਿਰੰਕਾਰੀ ਧਮਾਕਾ ਕੇਸ ਵਿਚ ਸਿੱਖ ਨੌਜਵਾਨਾਂ ਦੀਆਂ ਗ੍ਰਿਫਤਾਰੀਆਂ ਸ਼ੱਕ ਦੇ ਘੇਰੇ 'ਚ ਆਈਆਂ


13 ■ ਭਖਦਾ ਮਸਲਾ
ਸਿੱਖਾਂ ਨੂੰ ਗੁਰਬਾਣੀ ਤੇ ਇਤਿਹਾਸ ਦੀ ਰੌਸ਼ਨੀ ਵਿਚ ਹੀ ਮਿਲੇਗੀ ਮੰਜ਼ਿਲ

# ਕਰਤਾਰਪੁਰ ਸਾਹਿਬ ਦਾ ਲਾਂਘਾ : ਸਾਂਝੇ ਪੰਜਾਬ ਦੀ ਗੁਰੂ ਦੇ ਨਾਂ 'ਤੇ ਗਲਵੱਕੜੀ

- ਪੰਜਾਬ ਦੇ ਸਿਆਸਤਦਾਨਾਂ ਨੇ ਖੇਡੀ ਕੂੜ ਸਿਆਸਤ
- ਸਿਆਸੀ ਸੰਕਟ ਵਿਚ ਘਿਰੇ ਅਕਾਲੀ ਦਲ ਦੀ ਕਰਤਾਰਪੁਰ ਲਾਂਘੇ 'ਤੇ ਟੇਕ
- ਹਰਸਿਮਰਤ ਦੇ ਭਾਸ਼ਣ ਸਮੇਂ ਸੰਤਾਂ ਨੇ ਪੰਡਾਲ ਛੱਡਿਆ
- ਨੀਂਹ ਪੱਥਰ 'ਤੇ ਬਾਦਲਾਂ ਦੇ ਨਾਂ ਵੇਖ ਕੇ ਭੜਕੇ ਰੰਧਾਵਾ


ਲਾਂਘੇ ਲਈ ਨੀਂਹ ਪੱਥਰ ਵਾਲੇ ਸਮਾਗਮ ਦੇ ਮੰਚ 'ਤੇ ਪੰਜਾਬ ਤੇ ਕੇਂਦਰ ਸਰਕਾਰਾਂ ਦੇ ਨੁਮਾਇੰਦੇ

## ਕੈਪਟਨ ਵੱਲੋਂ 965 ਕਰੋੜ ਦੇ ਪ੍ਰਾਜੈਕਟਾਂ ਦਾ ਐਲਾਨ

ਕੈਪਟਨ ਅਮਰਿੰਦਰ ਸਿੰਘ ਨੇ ਡੇਰਾ ਬਾਬਾ ਨਾਨਕ ਅਤੇ ਨਾਲ ਲਗਦੇ ਇਲਾਕਿਆਂ ਦੇ ਵਿਕਾਸ ਲਈ 965 ਕਰੋੜ ਰੁਪਏ ਦੇ ਪ੍ਰਾਜੈਕਟਾਂ ਦਾ ਐਲਾਨ ਕੀਤਾ। ਪਿੰਡ ਕੋਟਲੀ ਨੰਗਲ ਵਿਚ 400 ਕਰੋੜ ਰੁਪਏ ਦੀ ਲਾਗਤ ਨਾਲ ਸਰਕਾਰੀ ਮੈਡੀਕਲ ਕਾਲਜ ਅਤੇ ਸੁਪਰ ਸਪੈਸ਼ਲਿਟੀ ਹਸਪਤਾਲ, ਤੇ ਕਲਾਨੌਰ ਵਿਚ 10 ਕਰੋੜ ਰੁਪਏ ਦੀ ਲਾਗਤ ਨਾਲ ਡਿਗਰੀ ਕਾਲਜ ਖੋਲ੍ਹਿਆ ਜਾਵੇਗਾ। ਲਿੰਕ ਸੜਕਾਂ

ਬਾਕੀ ਸਫ਼ਾ 29 'ਤੇ

**ਡੇਰਾ ਬਾਬਾ ਨਾਨਕ /ਬਿਊਰੋ ਨਿਊਜ਼ :** ਭਾਰਤ ਅਤੇ ਪਾਕਿਸਤਾਨ ਦਰਮਿਆਨ ਬੜੇ ਹੀ ਨਾਟਕੀ ਢੰਗ ਨਾਲ ਡੇਰਾ ਬਾਬਾ ਨਾਨਕ ਤੋਂ ਕਰਤਾਰਪੁਰ ਸਾਹਿਬ ਗੁਰਦੁਆਰਾ ਦਰਬਾਰ ਸਾਹਿਬ ਤੱਕ ਲਾਂਘਾ ਉਸਾਰਨ ਸਬੰਧੀ ਹੋਈ ਸਹਿਮਤੀ ਨਾਲ ਦੇਸ਼-ਵਿਦੇਸ਼ ਵਿਚ ਵਸਦੇ ਸਮੂਹ ਪੰਜਾਬੀਆਂ ਅਤੇ ਖ਼ਾਸ ਕਰਕੇ ਸਿੱਖ ਸ਼ਰਧਾਲੂਆਂ ਵਿਚ ਖੁਸ਼ੀ ਦੀ ਲਹਿਰ ਦੌੜ ਗਈ ਹੈ। ਪਿਛਲੇ ਲੰਮੇ ਸਮੇਂ ਤੋਂ ਸਿੱਖ ਸੰਗਤਾਂ ਇਸ ਦੀ ਮੰਗ ਕਰਦੀਆਂ ਆ ਰਹੀਆਂ ਸਨ ਪਰ ਦੋਵਾਂ ਦੇਸ਼ਾਂ ਦਰਮਿਆਨ ਬਣਿਆ ਆ ਰਿਹਾ ਦੁਸ਼ਮਣੀ ਵਾਲਾ ਮਾਹੌਲ ਇਸ ਦੇ ਰਾਹ ਵਿਚ ਵੱਡੀ ਰੁਕਾਵਟ ਸੀ। ਪਰ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਦੀ ਆਮਦ ਅਤੇ ਸਿੱਖ ਸੰਗਤਾਂ ਦੀਆਂ ਅਰਦਾਸਾਂ ਨੇ ਆਖਰ ਦੋਵਾਂ ਦੇਸ਼ਾਂ ਦੀਆਂ ਸਰਕਾਰਾਂ ਨੂੰ ਆਪਣਾ ਰਵੱਈਆ ਬਦਲਣ ਲਈ ਮਜਬੂਰ ਕਰ ਦਿੱਤਾ। ਦੁਨੀਆ ਭਰ ਵਿਚੋਂ ਜਿਹੜੇ ਲੋਕ ਭਾਰਤ ਅਤੇ ਪਾਕਿਸਤਾਨ ਦਰਮਿਆਨ ਅਮਨ ਅਤੇ ਭਾਈਚਾਰੇ ਵਾਲਾ ਵਾਤਾਵਰਨ ਦੇਖਣਾ ਚਾਹੁੰਦੇ ਹਨ, ਉਨ੍ਹਾਂ ਨੇ ਵੀ ਇਸ ਘਟਨਾਕ੍ਰਮ ਦਾ ਭਰਪੂਰ ਸਵਾਗਤ ਕੀਤਾ ਹੈ। ਇਸ ਸਬੰਧੀ ਪਾਕਿਸਤਾਨ ਨੇ ਕਿਹਾ ਹੈ ਕਿ ਕਰਤਾਰਪੁਰ ਲਾਂਘਾ ਦੁਸ਼ਮਣੀ ਤੋਂ ਸ਼ਾਂਤੀ ਅਤੇ ਦੁਸ਼ਮਣੀ ਤੋਂ ਦੋਸਤੀ ਵੱਲ ਇਕ ਵੱਡਾ ਕਦਮ ਹੋ ਸਕਦਾ ਹੈ। ਪਾਕਿਸਤਾਨ ਦੇ ਸੂਚਨਾ ਅਤੇ ਪ੍ਰਸਾਰਨ ਮੰਤਰੀ ਫ਼ਵਾਦ ਚੌਧਰੀ ਨੇ ਇਸ ਨੂੰ ਖਿੱਤੇ ਵਿਚ ਅਮਨ ਤੇ ਸਦਭਾਵਨਾ ਲਈ ਯਤਨਸ਼ੀਲ ਲੋਕਾਂ ਦੀ ਜਿੱਤ ਦੱਸਿਆ ਹੈ। ਇਸੇ ਤਰ੍ਹਾਂ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕਿਹਾ ਹੈ ਕਿ ਕਰਤਾਰਪੁਰ ਦਾ ਲਾਂਘਾ ਸਿਰਫ ਲਾਂਘਾ ਹੀ ਨਹੀਂ, ਬਲਕਿ ਦੋਵਾਂ ਮੁਲਕਾਂ ਦੇ ਲੋਕਾਂ ਨੂੰ

ਬਾਕੀ ਸਫ਼ਾ 29 'ਤੇ

## ਨਵਜੋਤ ਸਿੰਘ ਸਿੱਧੂ ਨੂੰ ਹਾਸ਼ੀਏ 'ਤੇ ਧੱਕਿਆ



ਕਰਤਾਰਪੁਰ ਲਾਂਘੇ ਲਈ ਬੇਸ਼ੱਕ ਕੈਪਟਨ ਸਰਕਾਰ ਆਪਣੇ ਮੌਰਾਂ ਤੇ ਫੀਤੀਆਂ ਲਵਾਏ ਤੇ ਬੇਸ਼ੱਕ ਮੋਦੀ ਸਰਕਾਰ ਆਪਣੀ ਪਿੱਠ ਥਾਪੜੇ ਪਰ ਇਹ ਇਤਿਹਾਸਕ ਸੱਚ ਹੋ ਨਿਬੜਿਆ ਹੈ ਕਿ ਦੋਵਾਂ ਮੁਲਕਾਂ ਦੀ ਇਸ ਮੁੱਦੇ ਉੱਤੇ ਜੰਮੀ ਹੋਈ ਬਰਫ ਨੂੰ ਕੈਬਨਿਟ ਮੰਤਰੀ ਨਵਜੋਤ ਸਿੰਘ ਸਿੱਧੂ ਦੀ ਨਿੱਘੀ ਗਲਵੱਕੜੀ ਨੇ ਪਿਘਲਾਇਆ। ਜਦੋਂ ਨੀਂਹ ਪੱਥਰ ਰੱਖਿਆ ਗਿਆ ਤਾਂ ਉਸ ਸਮਾਗਮ ਵਿੱਚ ਨਵਜੋਤ ਸਿੱਧੂ ਨੂੰ ਕੋਈ ਸੱਦਾ ਨਹੀਂ ਦਿੱਤਾ ਗਿਆ।

ਪਾਕਿਸਤਾਨੀ ਦੇ ਪ੍ਰਧਾਨ ਮੰਤਰੀ ਇਮਰਾਨ ਖ਼ਾਨ ਦੇ ਸਹੁੰ ਚੁੱਕ ਸਮਾਗਮ ਵਿਚ ਜਾ ਕੇ ਕਰਤਾਰ ਲਾਂਘੇ ਦਾ ਮੁੱਦਾ ਭਖਾਉਣ ਵਾਲੇ ਕੈਬਨਿਟ ਮੰਤਰੀ ਨਵਜੋਤ ਸਿੰਘ ਸਿੱਧੂ ਦੀ ਗ਼ੈਰ ਹਾਜ਼ਰੀ ਇਸ ਸਮਾਗਮ ਵਿਚ ਰੜਕਦੀ ਰਹੀ। ਹਾਲਾਂਕਿ ਉਹ ਨੀਂਹ ਪੱਥਰ ਰੱਖੇ ਜਾਣ ਮੌਕੇ ਸਵੇਰੇ ਜਹਾਜ਼ ਰਾਹੀਂ ਮੱਧ ਪ੍ਰਦੇਸ਼ ਤੋਂ ਅੰਮ੍ਰਿਤਸਰ ਰਾਹੀਂ ਡੇਰਾ ਬਾਬਾ ਨਾਨਕ ਪੁੱਜੇ। ਸਰਹੱਦ ਤੋਂ ਦੂਰਬੀਨ ਰਾਹੀਂ ਕਰਤਾਰਪੁਰ ਸਾਹਿਬ ਦੇ ਦਰਸ਼ਨ ਕੀਤੇ ਤੇ ਪਰਤ ਗਏ। ਉਸ ਸਮਾਗਮ ਵਾਲੀ ਥਾਂ ਨਹੀਂ ਗਏ, ਕਿਉਂਕਿ ਉਨ੍ਹਾਂ ਦਾ ਨਾਂ ਮਹਿਮਾਨਾਂ ਦੀ ਸੂਚੀ ਵਿਚ ਨਹੀਂ ਸੀ। ਇਸ ਸੰਬੰਧੀ ਜਦੋਂ ਉਨ੍ਹਾਂ ਤੋਂ ਪੁੱਛਿਆ ਗਿਆ ਤਾਂ ਉਨ੍ਹਾਂ ਸੁਰਜੀਤ ਪਾਤਰ ਦਾ ਸ਼ੇਅਰ ਸੁਣਾ ਦਿੱਤਾ :

***'ਏਨਾ ਹੀ ਬਹੁਤ ਹੈ ਕਿ ਮੇਰੇ ਖ਼ੂਨ ਨੇ ਰੁੱਖ ਸਿੰਜਿਆ ਕੀ ਹੋਇਆ ਜੇ ਪੱਤਿਆਂ 'ਤੇ ਮੇਰਾ ਨਾਮ ਨਹੀਂ ਹੈ।'***

# ਗੁਰਦੁਆਰਾ ਸਾਹਿਬ ਫਰੀਮੌਂਟ ਵਿਚ ਗੁਰਪੁਰਬ ਮੌਕੇ ਕਿਰਪਾਨ ਨਾਲ ਹਮਲਾ, ਇਕ ਜ਼ਖ਼ਮੀ

## ਸਿੱਖ ਸੰਗਤਾਂ 'ਚ ਗੁਰੂ ਦੀ ਹਜ਼ੂਰੀ ਵਿਚ ਕੀਤੀ ਬੇਅਦਬੀ ਖਿਲਾਫ ਰੋਸ

**ਫਰੀਮੌਂਟ/ਬਿਊਰੋ ਨਿਊਜ਼ :** ਜਦੋਂ ਦੁਨੀਆ ਭਰ ਦੇ ਸਿੱਖ ਆਪਸੀ ਵਿਚਾਰਧਾਰਕ ਮੱਤਭੇਦ ਇਕ ਪਾਸੇ ਰੱਖ ਕੇ, ਮਿਲਜੁਲ ਕੇ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਗੁਰਪੁਰਬ ਮਨਾ ਰਹੇ ਸਨ, ਤਾਂ ਫਰੀਮੌਂਟ ਗੁਰਦੁਆਰਾ ਸਾਹਿਬ ਵਿਚ ਆਪਣੇ-ਆਪ ਨੂੰ 'ਸਿੱਖ' ਅਖਵਾਉਂਦੇ ਇਕ ਵਿਅਕਤੀ ਨੇ ਬਹੁਤ ਹੀ ਘਟੀਆ ਹਰਕਤ ਕੀਤੀ ਹੈ। ਦਰਸ਼ਨ ਸਿੰਘ ਸੰਧੂ, ਜੋ ਆਪਣੇ-ਆਪ ਨੂੰ ਸਾਬਕਾ ਖਾੜਕੂ ਵੀ ਦੱਸਦਾ ਹੈ, ਨੇ ਮਾਮੂਲੀ ਜਿਹੀ ਬਹਿਸ ਨੂੰ ਲੈ ਕੇ ਕਮੇਟੀ ਮੈਂਬਰ ਕੰਵਲਜੀਤ ਸਿੰਘ ਉਤੇ ਸ੍ਰੀ-ਸਾਹਿਬ ਨਾਲ ਹਮਲਾ ਕਰ ਦਿੱਤਾ।ਇਸ ਸਾਰੀ ਘਟਨਾ ਦਾ ਅਸਲ ਸੂਤਰਧਾਰ ਹਰਜੀਤ ਸਿੰਘ ਸਾਬਕਾ ਕਮੇਟੀ ਮੈਂਬਰ ਦੱਸਿਆ ਜਾਂਦਾ ਹੈ। ਝਗੜਾ ਪਾਲਕੀ ਸਾਹਿਬ ਦੇ ਇਕ ਵਿਸ਼ੇਸ਼ ਰੰਗ ਨੂੰ ਲੈਕੇ ਹੋਇਆ ਦੱਸਿਆ ਜਾਂਦਾ ਹੈ। ਮਿਲੀ ਜਾਣਕਾਰੀ ਮੁਤਾਬਕ ਕਿਸੇ ਸ਼ਰਧਾਲੂ ਨੇ 15 ਹਜ਼ਾਰ ਡਾਲਰ ਲਗਾ ਕੇ, ਕਮੇਟੀ ਦੀ ਮਨਜ਼ੂਰੀ ਨਾਲ ਪਾਲਕੀ ਸਾਹਿਬ ਨੂੰ ਅਸਮਾਨੀ ਰੰਗ ਕਰਵਾਇਆ ਸੀ। ਹਰਜੀਤ ਸਿੰਘ ਤੇ ਦਰਸ਼ਨ ਸਿੰਘ ਸੰਧੂ ਕੁਝ ਬੱਚਿਆਂ ਨੂੰ ਲੈ ਕੇ ਕਮੇਟੀ ਕੋਲ ਆਏ ਅਤੇ ਕਹਿਣ ਲੱਗੇ ਕਿ ਪਾਲਕੀ ਦਾ ਰੰਗ ਸਾਨੂੰ ਪਸੰਦ ਨਹੀਂ,

ਬਾਕੀ ਸਫ਼ਾ 28 'ਤੇ


ਦਰਸ਼ਨ ਸਿੰਘ ਸੰਧੂ


ਹਰਜੀਤ ਸਿੰਘ

## ਹਮਲੇ ਦੇ ਚਸ਼ਮਦੀਦ ਗਵਾਹ ਵੱਲੋਂ ਦੱਸੀ ਕਹਾਣੀ

**ਫਰੀਮੌਂਟ/ਬਿਊਰੋ ਨਿਊਜ਼ :** ਸ਼ੁੱਕਰਵਾਰ 23 ਨਵੰਬਰ ਰਾਤ 10 ਤੋਂ 11 ਵਜੇ ਵਿੱਚ ਜੋ ਗੁਰਦੁਆਰਾ ਫਰੀਮੌਂਟ ਵਿਖੇ ਮੰਦਭਾਗੀ ਘਟਨਾ ਘਟੀ ਹੈ, ਉਸ ਬਾਰੇ ਹਮਲਾਵਰਾਂ ਵੱਲੋਂ ਸੰਗਤਾਂ ਵਿੱਚ ਕਾਫ਼ੀ ਗੁਮਰਾਹਕੁੰਨ ਪ੍ਰਚਾਰ ਕੀਤਾ ਜਾ ਰਿਹਾ ਹੈ। ਸਾਨੂੰ ਇੱਕ ਪਰਤੱਖਦਰਸ਼ੀ ਨੇ ਜੋ ਉਸ ਘਟਨਾ ਬਾਰੇ ਦੱਸਿਆ ਹੈ, ਉਹ ਆਪ ਜੀ ਨਾਲ ਸਾਂਝਾ ਕਰ ਰਹੇ ਹਾਂ।

**ਮੁੱਦਾ :** ਗੁਰਦੁਆਰਾ ਸਾਹਿਬ ਦੇ ਦੀਵਾਨ ਹਾਲ ਅੰਦਰ ਰੰਗ ਕਰਨ ਦੀ ਸੇਵਾ ਬਲਕਾਰ ਸਿੰਘ ਬੰਬੇ ਗਾਰਡਨ ਵਾਲਿਆਂ ਵੱਲੋਂ ਇੱਕ ਹਫ਼ਤਾ ਪਹਿਲਾ ਹੀ ਕਰਾਈ ਗਈ ਸੀ। ਉਸ ਪਰਿਵਾਰ ਨੇ ਕੰਸਟਰਕਸ਼ਨ ਕਮੇਟੀ ਤੋਂ

ਬਾਕੀ ਸਫ਼ਾ 28 'ਤੇ



















ਨਾਨਕਸ਼ਾਹੀ
2019
ਕੈਲੰਡਰ
Order your 2019 Calendars today with Sikh Historical Dates and Licensed Paintings by renown Sikh artists.
Delivery before New Year's Eve
Quantity 500, 1,000, 2,500, 5,000+
Customized Calendars also Available with your Pictures.
2019 ਕੈਲੰਡਰ ਦੀਆਂ ਪੇਂਟਿੰਗ ਗੁਰੂ ਨਾਨਕ ਸਾਹਿਬ ਦੇ 550 ਸਾਲਾ ਪ੍ਰਕਾਸ਼ ਪੁਰਬ ਨੂੰ ਸਮਰਪਿਤ ਹਨ।
We also have five other sets of paintings you can choose from.
print13
CREATIVE SOLUTIONS
CONCEPT | DESIGN | PRINT
PH 510.657.8110
EMAIL info@print13.com
GURDWARA SAHIB FREMONT
NISHKAM SEVA GURDWARA SAHIB
SIKH Religious Society
Travel for Less Inc. 510.791.3300 • 408.791.2600
JASPREET SINGH

# ਗੁਰਦੁਆਰਾ ਸਾਹਿਬ ਫਰੀਮੌਂਟ ਵਿਖੇ ਗੁਰੂ ਨਾਨਕ ਜੀ ਦਾ ਪ੍ਰਕਾਸ਼ ਪੁਰਬ ਪੂਰਨ ਸ਼ਰਧਾ ਨਾਲ ਮਨਾਇਆ ਗਿਆ

## ਪੰਜ-ਪਿਆਰਿਆਂ ਵਲੋਂ ਖਾਲਸਾ ਸਕੂਲ ਅਤੇ ਗੁਰੂ ਕੇ ਲੰਗਰਾਂ ਲਈ ਨਵੀਂ ਬਣੀ ਅਲੀਸ਼ਾਨ ਇਮਾਰਤ ਦਾ ਜੈਕਾਰਿਆਂ ਦੀ ਗੂੰਜ਼ 'ਚ ਉਦਘਾਟਨ

**ਫਰੀਮੌਂਟ/ਬਿਊਰੋ ਨਿਊਜ਼**

ਗੁਰੂ ਨਾਨਕ ਦੇਵ ਜੀ ਦਾ 549ਵਾਂ ਪ੍ਰਕਾਸ਼ ਪੁਰਬ ਗੁਰਦੁਆਰਾ ਸਾਹਿਬ ਫਰੀਮੌਂਟ ਵਿਖੇ ਬੜੀ ਸ਼ਰਧਾ ਨਾਲ ਮਨਾਇਆ ਗਿਆ। ਇਸ ਮੌਕੇ ਜੋ ਸੰਗਤਾਂ ਵਲੋਂ 51 ਸ੍ਰੀ ਸਹਿਜ ਪਾਠ ਸਾਹਿਬ ਆਰੰਭ ਕੀਤੇ ਗਏ ਸਨ , ਉਹਨਾਂ ਦੇ ਭੋਗ ਐਤਵਾਰ ਸਵੇਰੇ ਪਾਏ ਗਏ। ਇਸ ਦੌਰਾਨ ਵੱਡੀ ਗਿਣਤੀ ਵਿਚ ਸੰਗਤਾਂ ਨੇ ਬਾਣੀ-ਪੜ੍ਹ ਕੇ, ਸੁਣ ਕੇ ਆਪਣੇ ਜੀਵਨ ਦੀਆਂ ਅਮੋਲਕ ਘੜੀਆਂ ਨੂੰ ਸਫ਼ਲਾ ਕੀਤਾ। ਗੁਰਦੁਆਰਾ ਸਾਹਿਬ ਵਿਖੇ ਤਿੰਨ ਦਿਨ ਭਾਰੀ ਗਿਣਤੀ ਵਿੱਚ ਸੰਗਤਾਂ ਨੇ ਹਾਜ਼ਰੀ ਭਰੀ। ਐਤਵਾਰ ਸਵੇਰੇ ਨਿਸ਼ਾਨ ਸਾਹਿਬ ਦੀ ਸੇਵਾ ਲਈ ਵੀ ਸੰਗਤਾਂ ਵੱਧ ਚੜ੍ਹ ਕੇ ਪਹੁੰਚੀਆਂ। ਸੰਗਤਾਂ ਨੇ ਨਿਸ਼ਾਨ-ਸਾਹਿਬ ਦੇ ਚੋਲਾ ਸਾਹਿਬ ਦੀ ਸੇਵਾ ਕੀਤੀ। ਭੋਗ ਪੈਣ ਤੋਂ ਬਾਅਦ ਕੀਰਤਨ ਦਰਬਾਰ ਸਜਾਏ ਗਏ, ਜਿਸ ਵਿੱਚ ਗੁਰੂ-ਘਰ ਦੇ ਹਜ਼ੂਰੀ-ਰਾਗੀ ਭਾਈ ਦਿਲਬਾਗ ਸਿੰਘ ਜੀ, ਭਾਈ ਗੁਰਪ੍ਰੀਤ ਸਿੰਘ ਜੀ ਅਤੇ ਭਾਈ ਜਗਤਾਰ ਸਿੰਘ ਜੀ ਨੇ ਕੀਰਤਨ ਸਰਵਣ ਕਰਵਾਇਆ। ਵਿਸ਼ੇਸ਼ ਤੌਰ 'ਤੇ ਪਹੁੰਚੇ ਪੰਥ ਦੇ ਮਹਾਨ ਕੀਰਤਨੀ ਜਥਿਆ ਅਤੇ ਕਥਾ ਵਾਚਕਾਂ ਨੇ ਸੰਗਤਾਂ ਨੂੰ ਕਥਾ-ਗੁਰ-ਇਤਹਾਸ ਦੁਆਰਾ ਗੁਰੂ ਨਾਨਕ ਦੇਵ ਜੀ ਦੇ ਇਤਿਹਾਸ ਨਾਲ ਜੋੜਿਆ।

ਜਿੱਥੇ ਸੰਗਤਾਂ ਗੁਰੂ-ਘਰ ਵਿਖੇ ਕੀਰਤਨ ਸੁਣ ਰਹੀਆਂ ਸਨ, ਉੱਥੇ ਬਾਹਰ ਸ਼ਰਧਾਵਾਨ ਸੰਗਤਾਂ ਵਲੋਂ ਅਤੁੱਟ-ਲੰਗਰ ਚੱਲ ਰਹੇ ਸਨ, ਜਿਸ ਵਿੱਚ ਬੰਬੇ ਗਾਰਡਨ (ਫਰੈਂਚਾਈਜ਼) ਦੇ ਮਾਲਕ ਭਾਈ ਬਲਕਾਰ ਸਿੰਘ, ਭਾਈ ਦੀਦਾਰ ਸਿੰਘ ਅਤੇ ਬਾਬਾ ਲਸ਼ਕਰ ਸਿੰਘ ਜੀ ਸਮੇਤ ਪਰਿਵਾਰ ਸੰਗਤ ਦੀ ਸੇਵਾ ਕਰ ਰਹੇ ਸਨ। ਉਨ੍ਹਾਂ ਦੇ



ਨਾਲ-ਨਾਲ ਪ੍ਰਸਿੱਧ ਰੈਸਟੌਰੈਂਟ ਮਹਿਫ਼ਲ ਇੰਡੀਆ ਕੁਜੀਨ ਫਰੈਂਚਾਈਜ਼ ਦੇ ਮਾਲਕ ਸ. ਸਤਨਾਮ ਸਿੰਘ ਬੱਲ ਪਰਿਵਾਰ ਸਮੇਤ ਸੰਗਤਾਂ ਦੀ ਲੰਗਰ ਦੁਆਰਾ ਸੇਵਾ ਕਰ ਰਹੇ ਸਨ। ਹਮੇਸ਼ਾ ਦੀ ਤਰ੍ਹਾਂ ਤਕਰੀਬਨ 90 ਸਾਲ ਦੀ ਉਮਰ ਵਿੱਚ ਸਵੇਰ ਤੋਂ ਸ਼ਾਮ ਤੱਕ ਸੇਵਾ ਕਰਨ ਵਾਲੇ ਬਾਬਾ ਬਿੱਕਰ ਸਿੰਘ ਜੀ, ਉਨ੍ਹਾਂ ਦੇ ਬਜ਼ੁਰਗ ਸਾਥੀ, ਆਉਣ ਵਾਲੀ ਪੀੜ੍ਹੀ ਲਈ ਖਿੱਚ ਦਾ ਕੇਂਦਰ ਬਣੇ ਹੋਏ ਸਨ। ਇਸ ਬਾਰੇ ਗੱਲ ਕਰਦਿਆਂ ਗੁਰਦੁਆਰਾ ਸਾਹਿਬ ਦੀ ਸੁਪਰੀਮ

**ਇਸ ਸਮਾਗਮ ਸਬੰਧੀ ਹੋਰ ਫ਼ੋਟੋਆਂ ਰੰਗਦਾਰ ਸਫ਼ੇ 16-17 'ਤੇ ਵੇਖੋ**

ਕੌਂਸਲ ਦੇ ਮੈਂਬਰ ਅਤੇ ਸੀਨੀਅਰ ਆਗੂ ਭਾਈ ਜਸਵਿੰਦਰ ਸਿੰਘ ਜੰਡੀ ਨੇ ਕਿਹਾ ਕਿ ਸਿੱਖੀ ਦਾ ਧੁਰਾ ਅਸਲ ਵਿੱਚ 'ਗੁਰੂ ਕਾ ਲੰਗਰ' ਹੀ ਹੈ। ਸੰਗਤ ਅਤੇ ਪੰਗਤ ਸਿੱਖੀ ਦੇ ਦੋ ਥੰਮ ਹਨ। ਇਸ ਦੀ ਸੇਵਾ ਕਰਕੇ ਅਸੀਂ ਸਿੱਖੀ ਦੇ ਮਿਸ਼ਨ ਨੂੰ ਅੱਗੇ ਤੋਰ ਸਕਦੇ ਹਾਂ। ਉਹ ਹਮੇਸ਼ਾ ਹੀ ਲੰਗਰਾਂ ਵਿੱਚ ਪਰਿਵਾਰ ਸਮੇਤ ਸੇਵਾ ਕਰਦੇ ਰਹਿੰਦੇ ਹਨ। ਇਸੇ ਤਰ੍ਹਾਂ ਹੀ ਗੁਰੂ ਕੇ ਲੰਗਰਾਂ ਨਾਲ ਸੰਗਤਾਂ ਦੀ ਸੇਵਾ ਕਰਨ ਵਾਲੇ ਬੰਬੇ ਗਾਰਡਨ ਦੇ ਮਾਲਕ ਸ. ਬਲਕਾਰ ਸਿੰਘ ਨੇ ਕਿਹਾ ਕਿ ਸੇਵਾ ਹੀ ਹੈ ਜਿਸ ਨੇ ਸਿੱਖ ਨੂੰ ਦੁਨੀਆ ਦੇ ਹਰੇਕ ਕੋਨੇ ਵਿੱਚ ਉਜਾਗਰ ਕੀਤਾ ਹੈ। ਭਾਈ ਸਤਨਾਮ ਸਿੰਘ ਬੱਲ ਨੇ ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ ਅਖਬਾਰ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਸ਼ਰਧਾ ਨਾਲ ਕੀਤੀ ਹੋਈ ਸੇਵਾ, ਕਦੇ ਵੀ ਨਿਹਫ਼ਲ ਨਹੀਂ ਜਾਂਦੀ ਅਤੇ ਇਸ ਦਾ ਫ਼ਲ ਦੀਨ ਅਤੇ ਦੁਨੀਆ ਵਿੱਚ ਪ੍ਰਾਪਤ ਹੁੰਦਾ ਹੈ। ਗੁਰਦੁਆਰਾ ਫਰੀਮੌਂਟ ਦੇ ਸਾਰੇ ਪ੍ਰਬੰਧਕਾਂ ਨੇ ਜਿੱਥੇ ਸਮੂਹ ਸੰਗਤਾਂ ਨੂੰ ਗੁਰਪੁਰਬ ਦੀ ਵਧਾਈ ਦਿੱਤੀ, ਉੱਥੇ ਆਈਆਂ ਹੋਈਆਂ ਸਮੂਹ ਸੰਗਤਾਂ ਦਾ ਬਹੁਤ-ਬਹੁਤ ਧੰਨਵਾਦ ਵੀ ਕੀਤਾ।

# ਗੁਰਦੁਆਰਾ ਸਿੰਘ ਸਭਾ ਮਿਲਪੀਟਸ ਦੀ ਪੰਜਵੀਂ ਵਰੇਗੰਢ ਸ਼ਾਨੋਸ਼ੌਕਤ ਨਾਲ ਮਨਾਈ

## *ਸੰਯੁਕਤ ਰਾਸ਼ਟਰ ਸੰਘ ਦੇ ਚਾਰਟਰ ਵਿਚ ਸ਼ਾਮਲ ਗੁਰਬਾਣੀ ਵਾਲੀ ਪਲੈਕ 15 ਗੁਰਦੁਆਰਿਆਂ ਨੂੰ ਕੀਤੀ ਭੇਟ*

**ਮਿਲਪੀਟਸ/ਬਲਵਿੰਦਰਪਾਲ ਸਿੰਘ ਖਾਲਸਾ :**

ਸੈਨ ਫਰਾਂਸਿਸਕੋ ਬੇਅ ਏਰੀਏ ਦੇ ਸ਼ਹਿਰ ਮਿਲਪੀਟਸ ਵਿਚ ਸਥਾਪਤ ਗੁਰਦੁਆਰਾ ਸਿੰਘ ਸਭਾ ਮਿਲਪੀਟਸ ਨੂੰ ਬਣਿਆਂ ਪੰਜ ਸਾਲ ਹੋ ਗਏ ਹਨ ਤੇ ਪੰਜਾਂ ਸਾਲਾਂ ਤੋਂ ਹੀ ਇੱਥੇ ਵੱਡੇ ਪੰਥਕ ਸਮਾਗਮ ਹੋ ਰਹੇ ਹਨ।

ਇਸ ਵਾਰ ਗੁਰੂ ਨਾਨਕ ਸਾਹਿਬ ਦੇ ਪ੍ਰਕਾਸ਼ ਉਤਸਵ ਦੀ ਖੁਸ਼ੀ ਵਿਚ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਰਗਰਮ ਸੇਵਦਾਰਾਂ ਭਾਈ ਬਲਬੀਰ ਸਿੰਘ ਢਿੱਲੋਂ, ਭਾਈ ਬਚਿੱਤਰ ਸਿੰਘ ਸੰਘਾ ਤੇ ਲੰਗਰ ਦੀ ਸੇਵਾ ਕਰਨ ਵਾਲੇ ਭਾਈ ਹਰਜੀਤ ਸਿੰਘ ਦੇ ਭਰਵੇਂ ਸਾਥ ਤੇ ਸੰਗਤ ਦੇ ਸਹਿਯੋਗ ਨਾਲ 21 ਸ੍ਰੀ ਅਖੰਡ ਪਾਠਾਂ ਦੀ ਲੜੀ ਸ਼ੁਰੂ ਕੀਤੀ ਗਈ ਸੀ, ਜਿਸ ਦੀ ਸੰਪੂਰਨਤਾ



ਹਫਤਾਵਾਰੀ ਗੁਰੂ ਨਾਨਕ ਸਾਹਿਬ ਦੇ ਗੁਰਪੁਰਬ ਵਾਲੇ ਦੀਵਾਨਾਂ ਵਿਚ ਕੀਤੀ ਗਈ।

ਇਸ ਮੌਕੇ ਇਲਾਹੀ ਕੀਰਤਨ ਹੋਏ ਤੇ ਨਾਮ-ਰਸ ਨਾਲ ਸੰਗਤਾਂ ਨਿਹਾਲ ਹੋਈਆਂ। ਸ੍ਰੀ ਆਖੰਡ ਪਾਠਾਂ ਦੀਆਂ ਲੜੀਆਂ ਦੀ ਸੰਪੂਰਨਤਾ ਸਮੇਂ ਸੰਗਤ ਦੀ ਭਰਵੀਂ ਹਾਜ਼ਰੀ ਸੀ।

ਗੁਰਪੁਰਬ ਦੀਆਂ ਵੱਡੀਆਂ ਖੁਸ਼ੀਆਂ ਦੇ ਨਾਲ-ਨਾਲ ਇਕ ਹੋਰ ਖੁਸ਼ੀ ਵੀ ਬੜੀ ਵੱਡੀ ਸੀ, ਜੋ ਸੰਗਤਾਂ ਨਾਲ ਸਾਂਝੀ ਕੀਤੀ ਗਈ। ਇਸ ਖੁਸ਼ੀ ਨੂੰ ਸਾਂਝਾ ਕਰਨ ਲਈ ਵਲਾਇਤ ਤੋਂ ਖਾਸ ਤੌਰ ਉਤੇ ਸਿੱਖ ਕੌਮ ਦੇ ਦੋਸਤ, ਹਮਦਰਦ ਤੇ

**ਬਾਕੀ ਸਫ਼ਾ 29 'ਤੇ**




### ਬੇਅਦਬੀ ਕਾਂਡ ਤੇ ਸਿਰਸਾ-ਸਾਧ ਨੂੰ ਮੁਆਫੀ ਦਿਵਾਉਣ ਦਾ ਮਾਮਲਾ

# ਦੋਵੇਂ ਬਾਦਲਾਂ ਤੋਂ ਬਾਅਦ ਕਥਿਤ ਵਿਚੋਲੇ ਅਕਸ਼ੈ ਕੁਮਾਰ ਦਾ ਨੰਬਰ ਲੱਗਿਆ

**ਚੰਡੀਗੜ੍ਹ/ਬਿਊਰੋ ਨਿਊਜ਼ :** ਅਕਾਲੀ-ਭਾਜਪਾ ਰਾਜ ਵਿਚ ਵਾਪਰੇ ਬੇਅਦਬੀ ਅਤੇ ਗੋਲੀ ਕਾਂਡ ਦੀ ਤਫ਼ਤੀਸ਼ ਲਈ ਕਾਇਮ ਕੀਤੀ ਵਿਸ਼ੇਸ਼ ਜਾਂਚ ਟੀਮ 'ਸਿੱਟ' ਵੱਲੋਂ ਤਲਬ ਕੀਤੇ ਜਾਣ ਮਗਰੋਂ ਬੌਲੀਵੁੱਡ ਸਟਾਰ ਅਕਸ਼ੈ ਕਮਾਰ ਪਹਿਲੀ ਵਾਰ ਪੁਲੀਸ ਅਧਿਕਾਰੀਆਂ ਸਾਹਮਣੇ ਪੁੱਛਗਿੱਛ ਲਈ ਪੇਸ਼ ਹੋਇਆ। ਵਿਸ਼ੇਸ਼ ਜਾਂਚ ਟੀਮ ਦੇ ਸਵਾਲਾਂ ਦਾ ਜਵਾਬ ਦੇਣ ਵਿਚ 'ਖਿਲਾੜੀਉਂ ਕੇ ਖਿਲਾੜੀ' ਦੇ ਨਾਮ ਨਾਲ ਪ੍ਰਸਿੱਧ ਅਭਿਨੇਤਾ ਅਕਸ਼ੈ ਕੁਮਾਰ ਨੂੰ ਖਾਸਾ ਤਰੱਦਦ ਕਰਨਾ ਪਿਆ। ਅਕਸ਼ੈ ਕੁਮਾਰ ਬੌਲੀਵੁੱਡ ਦੀਆਂ ਕਈ ਫਿਲਮਾਂ ਵਿਚ ਪੁਲੀਸ ਅਫ਼ਸਰ ਅਤੇ ਸਿੱਖ ਨੌਜਵਾਨ ਦਾ ਕਿਰਦਾਰ ਨਿਭਾਅ ਚੁੱਕੇ ਹਨ ਪਰ ਅਸਲ ਜ਼ਿੰਦਗੀ ਵਿਚ ਉਨ੍ਹਾਂ ਨੂੰ ਪੁਲਿਸ ਮੂਹਰੇ ਪੇਸ਼ ਹੋਣ ਤੋਂ ਪਹਿਲਾਂ ਵਕੀਲ ਦਾ ਸਹਾਰਾ ਲੈਣਾ ਪਿਆ। ਉਹ ਸੁਖਬੀਰ ਬਾਦਲ ਦੀ ਡੇਰਾ ਮੁਖੀ ਨਾਲ ਮੁਲਾਕਾਤ (ਸੌਦੇਬਾਜ਼ੀ) ਕਰਵਾਉਣ ਸਬੰਧੀ ਚਰਚਾ ਵਿਚ ਹਨ।



ਪੁਲੀਸ ਸੂਤਰਾਂ ਮੁਤਾਬਕ ਅਕਸ਼ੈ ਕੁਮਾਰ ਸਿੱਟ ਮੈਂਬਰਾਂ ਵੱਲੋਂ ਪੁੱਛੇ ਸਵਾਲਾਂ ਦੇ ਜਵਾਬ ਸਮੇਂ ਅਸਹਿਜ ਮਹਿਸੂਸ ਕਰ ਰਿਹਾ ਸੀ। ਸਵੇਰੇ ਤਕਰੀਬਨ ਸਾਢੇ ਨੌਂ ਵਜੇ ਪਹੁੰਚੇ ਅਕਸ਼ੈ ਕੁਮਾਰ ਨੇ ਪੰਜਾਬ ਹਰਿਆਣਾ ਹਾਈ ਕੋਰਟ ਦੇ ਸੀਨੀਅਰ ਵਕੀਲ ਸੰਤਪਾਲ ਸਿੰਘ ਸਿੱਧੂ ਦੀਆਂ ਸੇਵਾਵਾਂ ਲਈਆਂ। ਉਂਜ ਸਿੱਟ ਮੂਹਰੇ ਉਹ ਇਕੱਲੇ ਹੀ ਪੇਸ਼ ਹੋਏ। ਮਹੱਤਵਪੂਰਨ ਤੱਥ ਇਹ ਹੈ ਕਿ ਵਕੀਲ ਸੰਤਪਾਲ ਸਿੰਘ ਸਿੱਧੂ ਬਹਿਬਲ ਅਤੇ ਕੋਟਕਪੂਰਾ ਗੋਲੀ ਕਾਂਡ 'ਚ ਨਾਮਜ਼ਦ ਚਰਨਜੀਤ ਸ਼ਰਮਾ ਅਤੇ ਹੋਰ ਪੁਲੀਸ ਅਧਿਕਾਰੀਆਂ ਦੇ ਕੇਸਾਂ ਦੀ ਪੰਜਾਬ ਤੇ ਹਰਿਆਣਾ ਹਾਈ ਕੋਰਟ ਵਿਚ ਪੈਰਵੀ ਕਰ ਰਹੇ ਹਨ।

ਅਕਸ਼ੈ ਕੁਮਾਰ ਸਾਢੇ 11 ਵਜੇ ਦੇ ਕਰੀਬ ਪੁਲੀਸ ਹੈੱਡਕੁਆਰਟਰ ਦੇ ਪਿਛਲੇ ਦਰਵਾਜ਼ਿਓਂ ਪੱਤਰਕਾਰਾਂ ਨੂੰ ਝਕਾਨੀ ਦੇ ਕੇ ਚਲਦੇ ਬਣੇ। ਉਹ ਮੁੰਬਈ ਤੋਂ ਚਾਰਟਿਡ ਜਹਾਜ਼ ਰਾਹੀਂ ਉਚੇਚੇ ਤੌਰ 'ਤੇ ਚੰਡੀਗੜ੍ਹ ਪਹੁੰਚੇ ਸਨ।

ਪੁਲੀਸ ਸੂਤਰਾਂ ਨੇ ਕਿਹਾ ਕਿ ਉਨ੍ਹਾਂ ਤੋਂ ਡੇਰਾ ਸਿਰਸਾ ਦੇ ਮੁਖੀ ਗੁਰਮੀਤ ਰਾਮ ਰਹੀਮ ਸਿੰਘ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨਾਲ ਮੀਟਿੰਗ ਕਰਾਉਣ ਸਬੰਧੀ ਸਵਾਲ ਪੁੱਛੇ ਗਏ। ਅਕਸ਼ੈ ਕੁਮਾਰ ਨੇ ਪੁਲੀਸ ਅਧਿਕਾਰੀਆਂ ਨੂੰ ਕਿਹਾ ਕਿ ਡੇਰਾ ਮੁਖੀ ਨੂੰ ਉਹ ਤਾਂ ਅੱਜ ਤੱਕ ਮਿਲਿਆ ਹੀ ਨਹੀਂ ਸਗੋਂ ਸੁਖਬੀਰ ਬਾਦਲ ਨਾਲ ਵੀ ਪੰਜਾਬ ਤੋਂ ਬਾਹਰ ਕਦੇ ਮੁਲਾਕਾਤ ਨਹੀਂ ਹੋਈ ਹੈ। ਸਿੱਟ ਵਿੱਚ ਸ਼ਾਮਲ ਪੁਲੀਸ ਅਧਿਕਾਰੀਆਂ ਨੇ ਪੁੱਛ-ਗਿੱਛ ਸਬੰਧੀ ਕੋਈ ਵੀ ਖ਼ੁਲਾਸਾ ਕਰਨ ਤੋਂ ਇਨਕਾਰ ਕਰਦਿਆਂ ਕਿਹਾ ਕਿ ਜਾਂਚ ਮੁਕੰਮਲ ਹੋਣ ਤਕ ਕੁਝ ਵੀ ਮੀਡੀਆ ਨਾਲ ਸਾਂਝਾ ਨਹੀਂ ਕੀਤਾ ਜਾ ਸਕਦਾ।

ਸੂਤਰਾਂ ਨੇ ਕਿਹਾ ਕਿ ਪੁਲੀਸ ਅਧਿਕਾਰੀਆਂ ਵੱਲੋਂ ਤਿੰਨ ਦਰਜਨ ਦੇ ਕਰੀਬ ਸਵਾਲ ਪੁੱਛੇ ਗਏ ਅਤੇ ਫਿਲਮ ਅਦਾਕਾਰ ਨੂੰ ਸਵਾਲਾਂ ਵਿੱਚ ਘੇਰਨ ਦਾ ਯਤਨ ਕੀਤਾ ਗਿਆ। ਸਿੱਟ ਵੱਲੋਂ ਇਸ ਤੋਂ ਪਹਿਲਾਂ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਅਤੇ ਸੁਖਬੀਰ ਸਿੰਘ ਬਾਦਲ ਤੋਂ ਵੀ ਪੁੱਛ-ਗਿੱਛ ਕੀਤੀ ਜਾ ਚੁੱਕੀ ਹੈ। ਹੁਣ ਸਾਬਕਾ ਪੁਲੀਸ ਮੁਖੀ ਸੁਮੇਧ ਸਿੰਘ ਸੈਣੀ ਅਤੇ ਮੁੱਖ ਮੰਤਰੀ ਦਫ਼ਤਰ ਵਿੱਚ ਤਾਇਨਾਤ ਰਹੇ ਆਈਏਐਸ ਅਧਿਕਾਰੀਆਂ ਨੂੰ ਵੀ ਤਲਬ ਕੀਤੇ ਜਾਣ ਦੇ ਆਸਾਰ ਹਨ।

ਜ਼ਿਕਰਯੋਗ ਹੈ ਕਿ ਕੈਪਟਨ ਸਰਕਾਰ ਵੱਲੋਂ ਜਸਟਿਸ (ਸੇਵਾਮੁਕਤ) ਰਣਜੀਤ ਸਿੰਘ ਦੀ ਅਗਵਾਈ ਹੇਠ ਕਾਇਮ ਕੀਤੇ ਪੜਤਾਲੀਆ ਕਮਿਸ਼ਨ ਦੀ ਰਿਪੋਰਟ ਵਿਚ ਅਕਸ਼ੈ ਕੁਮਾਰ ਦਾ ਨਾਮ ਉਭਰ ਕੇ ਸਾਹਮਣੇ ਆਇਆ ਸੀ। ਕਮਿਸ਼ਨ ਦੀ ਰਿਪੋਰਟ ਮੁਤਾਬਕ ਅਕਸ਼ੈ 'ਤੇ ਡੇਰਾ ਸਿਰਸਾ ਦੇ ਮੁਖੀ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਦਿੱਤੀ ਮੁਆਫ਼ੀ ਤੋਂ ਪਹਿਲਾਂ ਮੁੰਬਈ ਵਿਚ ਡੇਰਾ ਮੁਖੀ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਦਰਮਿਆਨ ਮੀਟਿੰਗ ਕਰਾਉਣ ਦੇ ਦੋਸ਼ ਹਨ।

ਅਕਸ਼ੈ ਕੁਮਾਰ ਦੇ ਵਕੀਲ ਸੰਤਪਾਲ ਸਿੰਘ ਸਿੱਧੂ ਨੇ ਕਿਹਾ ਕਿ ਫਿਲਮ ਅਦਾਕਾਰ ਗਵਾਹ ਵਜੋਂ ਪੇਸ਼ ਹੋਏ ਸਨ ਅਤੇ ਉਨ੍ਹਾਂ ਨੂੰ ਦੋਸ਼ੀ ਨਹੀਂ ਸਮਝਿਆ ਜਾਣਾ ਚਾਹੀਦਾ। ਉਨ੍ਹਾਂ ਕਿਹਾ ਕਿ ਅਕਸ਼ੈ ਕੁਮਾਰ ਪੰਜਾਬ ਦੇ ਮਾਹੌਲ ਤੋਂ ਫਿਕਰਮੰਦ ਹੈ ਅਤੇ ਉਨ੍ਹਾਂ ਪੁਲੀਸ ਵੱਲੋਂ ਪੁੱਛੇ ਸਵਾਲਾਂ ਦੇ ਸਾਰੇ ਜਵਾਬ ਦਿੱਤੇ। ਉਨ੍ਹਾਂ ਇਹ ਵੀ ਕਿਹਾ ਕਿ ਫਿਲਮ ਅਦਾਕਾਰ ਨੂੰ ਜਿਸ ਤਰ੍ਹਾਂ ਦੇ ਸਵਾਲ ਪੁੱਛੇ ਗਏ, ਉਸ ਤੋਂ ਇਹੀ ਗੱਲ ਸਾਹਮਣੇ ਆਉਂਦੀ ਹੈ ਕਿ ਪੁਲੀਸ ਦੇ ਸਵਾਲ ਮਨਘੜਤ ਲਗਦੇ ਹਨ ਅਤੇ ਕੋਈ ਠੋਸ ਤੱਥ ਨਹੀਂ ਹਨ।

## ਪ੍ਰਗਟ ਸਿੰਘ ਸੰਧੂ ਮਾਲਟ ਤੋਂ ਕੌਂਸਲ ਮੈਂਬਰ ਚੁਣੇ ਗਏ

**ਸੈਕਰਾਮੈਂਟੋ/ਹੁਸਨ ਲੜੋਆ ਬੰਗਾ :** ਕੈਲੀਫੋਰਨੀਆ ਦੇ ਮਾਲਟ ਸ਼ਹਿਰ ਦੀਆਂ ਕੌਂਸਲ ਚੋਣਾਂ ਦੌਰਾਨ ਸਥਾਨਕ ਭਾਈਚਾਰੇ ਵਿਚ ਮੁਕਾਮ ਰੱਖਣ ਵਾਲੇ ਪ੍ਰਗਟ ਸਿੰਘ ਸੰਧੂ ਉਰਫ਼ ਪਾਲ ਸੰਧੂ ਜੇਤੂ ਰਹੇ। ਮੌਜੂਦਾ ਸਮੇਂ ਉਹ ਮਾਲਟ ਸਿਟੀ ਦੇ ਪਲੈਨਿੰਗ ਕਮਿਸ਼ਨਰ ਹਨ। ਉਹ ਕਰੀਬ 24 ਸਾਲਾਂ ਤੋਂ ਮਾਲਟ ਸ਼ਹਿਰ ਵਿਚ ਆਪਣੀ ਪਤਨੀ ਅਮਰਜੀਤ ਸੰਧੂ ਅਤੇ ਬੱਚਿਆਂ ਨਾਲ ਰਹਿ ਰਹੇ ਹਨ। ਇਥੇ ਆ ਕੇ ਸੰਧੂ ਨੇ ਪਹਿਲਾਂ ਖੇਤਾਂ ਵਿਚ ਕੰਮ ਕੀਤਾ ਤੇ ਅੱਜ-ਕੱਲ੍ਹ ਉਹ ਅਮਰੀਕਾ ਦੇ ਬੇਹਤਰੀਨ ਮੰਨੇ ਜਾਂਦੇ ਹੋਟਲ ਬੈਸਟ ਵੈਸਟਰਨ ਦੇ ਮਾਲਕ ਹਨ। ਪ੍ਰਗਟ ਸਿੰਘ ਸੰਧੂ ਸੈਕਰਾਮੈਂਟੋ ਦੇ ਸ਼ਹੀਦ ਬਾਬਾ ਦੀਪ ਸਿੰਘ ਸਪੋਰਟਸ ਅਕੈਡਮੀ ਦੇ ਪ੍ਰਧਾਨ ਵੀ ਹਨ ਅਤੇ ਉਹ ਗੁਰਦੁਆਰਾ ਬਰਾਡਸ਼ਾਅ ਦੇ ਪ੍ਰਧਾਨ ਰਹਿ ਚੁੱਕੇ ਹਨ। ਇਸ ਤੋਂ ਇਲਾਵਾ ਉਹ ਹੋਰ ਦੇ ਕਈ ਸੰਸਥਾਵਾਂ ਰਾਹੀਂ ਭਾਈਚਾਰੇ ਲਈ ਸਰਗਰਮ ਰਹਿੰਦੇ ਹਨ। ਪ੍ਰਗਟ ਸਿੰਘ ਸੰਧੂ ਨੇ ਕਿਹਾ ਕਿ ਹੁਣ ਉਹ ਕੌਂਸਲ ਮੈਂਬਰ ਚੁਣੇ ਜਾਣ ਤੋਂ ਬਾਅਦ ਮਾਲਟ ਨਿਵਾਸੀਆਂ ਦੀ ਪੂਰੀ ਤਨਦੇਹੀ ਨਾਲ ਸੇਵਾ ਕਰਨਗੇ। ਉਨ੍ਹਾਂ ਹੋਰ ਕਿਹਾ ਕਿ ਸਿੱਖ ਭਾਈਚਾਰੇ ਦੀ ਨਵੀਂ ਪੀੜ੍ਹੀ ਨੂੰ ਸਥਾਨਕ ਸਿਆਸਤ ਨਾਲ ਜੁੜ ਕੇ ਉਪਰ ਤੱਕ ਆਉਣਾ ਚਾਹੀਦਾ ਹੈ ਤੇ ਇਸ ਨਾਲ ਪੰਜਾਬੀਆਂ ਦੀ ਹੋਂਦ ਰਹਿ ਸਕਦੀ ਹੈ।



## ਭਾਰਤੀ ਵਿਦਿਆਰਥੀਆਂ ਤੋਂ ਹੋ ਰਹੀ ਹੈ 80 ਹਜ਼ਾਰ ਕਰੋੜ ਦੀ ਸਾਲਾਨਾ ਕਮਾਈ

**ਵਾਸ਼ਿੰਗਟਨ/ਬਿਊਰੋ ਨਿਊਜ਼ :** ਇਥੇ ਪੜ੍ਹਨ ਆ ਰਹੇ ਭਾਰਤੀ ਵਿਦਿਆਰਥੀਆਂ ਤੋਂ ਸਾਲਾਨਾ 80 ਹਜ਼ਾਰ ਕਰੋੜ ਰੁਪਏ ਦੀ ਕਮਾਈ ਹੋ ਰਹੀ ਹੈ। ਆਈਆਈਟੀ, ਐਨਆਈਟੀ, ਆਈਆਈਐਮ, ਕੇਂਦਰੀ ਯੂਨੀਵਰਸਿਟੀ ਸਮੇਤ ਸਾਰੇ ਕੇਂਦਰੀ ਉਚ ਸਿੱਖਿਆ ਸੰਸਥਾਨਾਂ ਨੂੰ ਜਿੰਨਾ ਪੈਸਾ ਕੇਂਦਰ ਨੇ ਆਪਣੇ ਬਜਟ ਵਿਚ ਦਿੱਤਾ ਹੈ, ਉਸ ਤੋਂ ਦੁੱਗਣਾ ਪੈਸਾ ਹਰ ਸਾਲ ਭਾਰਤੀ ਵਿਦਿਆਰਥੀ ਇਕੱਲੇ ਅਮਰੀਕਾ ਵਿਚ ਪੜ੍ਹਾਈ 'ਤੇ ਖਰਚ ਕਰ ਦਿੰਦੇ ਹਨ। ਦੱਸ ਦੇਈਏ ਕਿ ਇਸ ਸਾਲ ਦੇਸ਼ ਦਾ ਉੱਚ ਸਿੱਖਿਆ ਬਜਟ ਪੈਂਤੀ ਹਜ਼ਾਰ ਕਰੋੜ ਦਾ ਹੈ। ਸਰਕਾਰ ਵਲੋਂ ਜਾਰੀ ਰਿਪੋਰਟ ਮੁਤਾਬਕ ਇਸ ਸਾਲ 66 ਫੀਸਦੀ ਵਿਦਿਆਰਥੀ, ਜਾਣੀ ਕਿ ਦੋ ਤਿਹਾਈ ਨਿੱਜੀ ਉੱਚ ਸਿੱਖਿਆ ਸੰਸਥਾਵਾਂ ਵਿਚ ਪੜ੍ਹਾਈ



ਬਾਕੀ ਸਫ਼ਾ 29 'ਤੇ


WHITE HAWK TRUCKING INC

Need Drivers & Owner Operators

Dedicated Load (ਪੱਕੇ ਲੋਡ)

Immediate Payment Option

West Coast I-5 Route



• ਸਾਡੇ ਸਾਰੇ ਟਰੱਕ ਨਵੇਂ ਹਨ • ਪੇਪਰ ਦਿਓ ਪੈਸੇ ਲਓ • Home Time ਵੀ ਦਿੰਦੇ ਹਾਂ

• ਡਰਾਇਵਰਾਂ ਦਾ ਕੋਈ ਵੀ ਪੈਸਾ ਥੱਲੇ ਨਹੀਂ ਰੱਖਿਆ ਜਾਂਦਾ • We Sell New & Used Tires

• Minor to Major Repair • Rebuild Engine Transmission DEF, DPF Cleaning

• Any kind of Road Service • Computer Diagnose

Call for more Info:

510 774 4191 (Kuljit Singh)

209 242 9569 (Dispatched)

209 564 8899 (Davinder Singh)

209 345 6968 (Ranthir Singh)

2101 MARTIN LUTHER KING JR WAY STOCKTON, CA 95205

# ਕਰਤਾਰਪੁਰ ਸਾਹਿਬ ਲਾਂਘੇ ਨੂੰ ਖੁੱਲ੍ਹਵਾਉਣ ਵਿਚ ਅਮਰੀਕਾ ਦੇ ਸਿੱਖਾਂ ਦਾ ਵੀ ਅਹਿਮ ਰੋਲ ਰਿਹਾ

## *ਪਾਕਿਸਤਾਨ ਵਲੋਂ ਲਾਂਘੇ ਵਾਲੀ ਜਗ੍ਹਾ ਵੀਜ਼ਾ ਕੇਂਦਰ ਖੋਲ੍ਹਣ ਦੀ ਮੰਗ*




**ਵਾਸ਼ਿੰਗਟਨ ਡੀਸੀ/ਰਾਜ ਗੋਗਨਾ :** ਕਰਤਾਰਪੁਰ ਸਾਹਿਬ ਸਿੱਖਾਂ ਦਾ ਮੁਕੱਦਸ ਅਸਥਾਨ ਹੈ। ਗੁਰੂ ਨਾਨਕ ਸਾਹਿਬ ਸਰਬ-ਸਾਂਝੀਵਾਲਤਾ ਦਾ ਮੁਜੱਸਮਾ ਹਨ। ਸਾਂਝੇ ਗੁਰੂ ਦੀਆਂ ਸਿੱਖਿਆਵਾਂ ਸਮੁੱਚੀ ਮਾਨਵਤਾ ਲਈ ਪ੍ਰੇਰਨਾਸ੍ਰੋਤ ਹਨ। ਕਿਸੇ ਨੇ ਨਹੀਂ ਸੋਚਿਆ ਸੀ ਕਿ ਸਿੱਖਾਂ ਦੇ ਨੌਂ ਗੁਰੂਆਂ ਦੇ ਅਸਥਾਨ ਪਾਕਿਸਤਾਨ ਵਿਚ ਚਲੇ ਜਾਣਗੇ ਪਰ ਜਦੋਂ ਵੰਡ ਹੋ ਗਈ ਤਾਂ ਖਿਆਲ ਆਇਆ ਕਿ ਸਾਨੂੰ ਸਾਡੇ ਤੀਰਥ ਅਸਥਾਨਾਂ ਦੇ ਖੁੱਲ੍ਹੇ ਦਰਸ਼ਨ ਦੀਦਾਰੇ ਅਤੇ ਸੇਵਾ ਸੰਭਾਲ ਮਿਲਣੀ ਚਾਹੀਦੀ ਹੈ। ਇਸ ਲਈ ਜੱਦੋ-ਜਹਿਦ ਹੁੰਦੀ ਰਹੀ। ਪਹਿਲਾਂ ਗੁਰਦੁਆਰਾ ਪ੍ਰਬੰਧ ਕਮੇਟੀ ਪਾਕਿਸਤਾਨ ਸਵਰਗਵਾਸੀ ਗੰਗਾ ਸਿੰਘ ਢਿਲੋਂ ਨੇ ਹੋਂਦ ਵਿਚ ਲਿਆਂਦੀ।ਉਪਰੰਤ ਵੀਜ਼ੇ ਰਾਹੀਂ ਗੁਰਪੁਰਬ ਮਨਾਉਣ ਦਾ ਉਪਰਾਲਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਰਾਹੀਂ ਹੋਇਆ। ਫਿਰ ਕਰਤਾਰਪੁਰ ਸਾਹਿਬ ਦੇ ਲਾਂਘੇ ਲਈ ਡੇਰਾ ਬਾਬਾ ਨਾਨਕ 'ਚ ਅਰਦਾਸ ਕਰਨ ਦਾ ਸਿਲਸਿਲਾ ਸ਼ੁਰੂ ਹੋਇਆ ਜੋ ਕੁਲਦੀਪ ਸਿੰਘ ਵਡਾਲਾ ਵਲੋਂ ਅਰੰਭਿਆ ਗਿਆ ਸੀ। ਅਜੇ ਵੀ ਇਹ ਅਰਦਾਸ ਕਰਨੀ ਜਾਰੀ ਹੈ, ਜਿਸ ਵਿਚ ਯੁਨਾਇਟਡ ਨੇਸ਼ਨ ਦੇ ਅੰਬੈਸਡਰ ਜਾਨ ਮੈਕਡੋਨਲ ਵੀ ਸ਼ਾਮਲ ਹੋਏ ਸਨ। ਜ਼ਿਕਰਯੋਗ ਹੈ ਯੁਨਾਇਟਡ ਸਿੱਖ ਮਿਸ਼ਨ ਨੇ ਜਾਨ ਮੈਕਡੋਨਲਡ ਨਾਲ ਸੰਨ 2009 ਵਿੱਚ ਸੰਧੀ ਕਰਕੇ ਇਸ ਕਰਤਾਰਪੁਰ ਲਾਂਘੇ ਦਾ ਕਿਤਾਬਚਾ ਤਿਆਰ ਕਰਵਾਇਆ ਸੀ, ਜਿਸ ਦਾ ਸਾਰਾ ਖਰਚਾ ਰਛਪਾਲ ਸਿੰਘ ਢੀਂਡਸਾ ਮੁੱਖ ਸੇਵਾਦਾਰ ਯੁਨਾਇਟਡ ਸਿੱਖ ਮਿਸ਼ਨ ਨੇ ਕੀਤਾ ਸੀ। ਇਸ ਕਿਤਾਬਚੇ ਨੂੰ ਨੇਪਰੇ ਚਾੜ੍ਹਨ ਲਈ ਪੰਜ ਮੈਂਬਰੀ ਕਮੇਟੀ ਵਾਸ਼ਿੰਗਟਨ ਮੈਟਰੋ ਪੁਲਿਟਨ ਦਾ ਅਹਿਮ ਰੋਲ ਸੀ, ਜਿਨ੍ਹਾਂ ਵਿਚ ਡਾ. ਸੁਰਿੰਦਰ ਸਿੰਘ ਗਿੱਲ, ਗੁਰਚਰਨ ਸਿੰਘ ਵਰਲਡ ਬੈਂਕ, ਆਤਮਾ ਸਿੰਘ, ਸੁਰਿੰਦਰ ਸਿੰਘ ਇੰਜੀਨੀਅਰ ਅਤੇ ਅਮਰ ਮੱਲੀ ਆਦਿ ਸ਼ਾਮਲ ਰਹੇ ਹਨ।ਇਸ ਦੇ ਨਾਲ ਹਰਵਿੰਦਰ ਰਿਆੜ ਟੀਵੀ ਐਂਕਰ, ਅਵਤਾਰ ਸਿੰਘ ਪੰਨੂ ਦਾ ਵੀ ਸਹਿਯੋਗ ਰਿਹਾ ਹੈ।

ਉਪਰੰਤ ਪੰਜਾਬ ਸਰਕਾਰ ਤੋਂ ਮਤਾ ਪਾਸ ਕਰਵਾਉਣ ਵਿਚ ਨਿਰਮਲ ਸਿੰਘ ਕਾਹਲੋਂ ਸਾਬਕਾ ਸਪੀਕਰ ਨੇ ਵੀ ਪੂਰਾ ਯੋਗਦਾਨ ਪਾਇਆ।

ਸਿੱਖਸ ਆਫ ਅਮਰੀਕਾ ਦੇ ਚੇਅਰਮੈਨ ਜਸਦੀਪ ਸਿੰਘ ਜੱਸੀ ਵਲੋਂ ਹਰੇਕ ਪਾਕਿਸਤਾਨ ਦੇ ਨੁਮਾਇੰਦੇ ਅਤੇ ਪਾਕਿਸਤਾਨ ਅੰਬੈਸੀ ਨਾਲ ਲਗਾਤਾਰ ਰਾਬਤਾ ਬਣਾਈ ਰੱਖਿਆ ਅਤੇ ਇਸ ਪ੍ਰੋਜੈਕਟ ਨੂੰ ਜੀਵਤ ਰੱਖਿਆ। ਜਦੋਂ ਨਵਜੋਤ ਸਿੰਘ ਸਿੱਧੂ ਪਾਕਿਸਤਾਨ ਇਮਰਾਨ ਖਾਨ ਵਜ਼ੀਰੇ ਆਜ਼ਮ ਦੀ ਸਹੁੰ ਚੁੱਕ ਸਮਾਗਮ ਵਿੱਚ ਗਏ ਤਾਂ ਜਨਰਲ ਬਾਜਵਾ ਵਲੋਂ ਕਰਤਾਰਪੁਰ ਲਾਂਘੇ ਨੂੰ ਖੋਲ੍ਹਣ ਦੀ ਤਜਵੀਜ਼ ਨੂੰ ਸਾਂਝਿਆ ਕੀਤਾ ਜੋ ਹਰ ਸਿੱਖ ਲਈ ਅਹਿਮ ਕਦਮ ਮਹਿਸੂਸ ਹੋਣ ਲੱਗੀ। ਇਸ ਕਰਕੇ ਸਾਰੀਆਂ ਸਿੱਖ ਜਥੇਬੰਦੀਆਂ ਆਪੋ ਆਪਣੇ ਵਸੀਲਿਆਂ ਰਾਹੀਂ ਕੇਂਦਰ ਤੇ ਹੋਰ ਜ਼ੋਰ ਪਾਉਣ ਲੱਗੀਆਂ। ਸਿੱਖ ਮਿਸ਼ਨ ਨੇ ਸਿੱਖਸ ਆਫ ਅਮਰੀਕਾ ਦੀ ਹਮਾਇਤ ਨਾਲ ਮੀਡੀਆ ਰਾਹੀਂ ਇਸ ਮੰਗ ਨੂੰ ਸੰਸਾਰਕ ਸਿੱਖ ਮੰਗ ਬਣਾ ਦਿੱਤਾ।

ਨਤੀਜੇ ਵਜੋਂ ਕੇਂਦਰ ਸਰਕਾਰ ਦੀ ਕੈਬਨਿਟ ਮੀਟਿੰਗ ਵਿੱਚ ਕਰਤਾਰਪੁਰ ਕੋਰੀਡੋਰ ਨੂੰ ਆਪਣੇ ਪਾਸੇ ਸ਼ੁਰੂਆਤ ਵਿਕਾਸ ਦੇ ਰੂਪ ਵਿੱਚ ਕਰਨ ਦਾ ਫੈਸਲਾ ਲਿਆ ਹੈ ਜੋ ਵਧੀਆ ਉਪਰਾਲਾ ਹੈ।

ਪਾਕਿਸਤਾਨ ਆਪਣੇ ਪਾਸੇ ਵੀ ਅਜਿਹੇ ਕਦਮ ਚੁੱਕ ਰਿਹਾ ਹੈ ਜੋ ਦੋਹਾਂ ਮੁਲਕਾਂ ਵਲੋਂ ਇੱਕ ਚੰਗੀ ਸ਼ੁਰੂਆਤ ਹੈ। ਮਿਲ ਬੈਠ ਕੇ ਅਗਲੀ ਕਾਰਵਾਈ ਕਰਨ ਲਈ ਕਾਫੀ ਕੁਝ ਕਰਨਾ ਬਾਕੀ ਹੈ, ਜਿਸ ਵਿਚ ਮੌਕੇ ਤੇ ਵੀਜ਼ਾ ਪ੍ਰਦਾਨ ਕਰਨਾ, ਸਫਾਰਤਖਾਨਾ ਬਾਰਡਰ ਉਤੇ ਸਥਿਤ ਕਰਨਾ, ਦੋਹਾਂ ਮੁਲਕਾਂ ਦੀ ਆਪਸੀ ਸਕਿਊਰਿਟੀ ਨੂੰ ਤੈਅ ਕਰਨਾ ਹੈ। ਇਸ ਲਈ ਦੁਵੱਲੀਆਂ ਮੀਟਿੰਗਾਂ ਦਾ ਹੋਣਾ ਲਾਜ਼ਮੀ ਹੈ।

ਇਸ ਤਰ੍ਹਾਂ ਬਹੁਤ ਸਾਰੇ ਅਮਰੀਕਾ ਦੇ ਸਿੱਖਾਂ ਵਲੋਂ ਕਰਤਾਰਪੁਰ ਸਾਹਿਬ ਦੇ ਲਾਂਘੇ ਨੂੰ ਖੁਲ੍ਹਵਾਉਣ ਲਈ ਵਿਉਂਤਬੰਦੀ ਨਾਲ ਉਪਰਾਲੇ ਕੀਤੇ ਗਏ ਹਨ। ਪਹਿਲਾਂ ਇਸ ਕਰਤਾਰਪੁਰ ਲਾਂਘੇ ਲਈ ਦੋਹਾਂ ਪਾਸੇ ਦਾ ਸਰਵੇ ਕਰਵਾਕੇ ਇੱਕ ਪ੍ਰੋਜੈਕਟ ਤਿਆਰ ਕੀਤਾ ਗਿਆ, ਜਿਸ ਨੂੰ ਜਾਨ ਮੈਕਡੋਨਲ ਅਤੇ ਯੁਨਾਈਟਡ ਸਿੱਖ ਮਿਸ਼ਨ ਟੀਮ ਦੇ ਸਾਂਝੇ ਉੱਦਮਾਂ ਸਦਕਾ ਮੁਮਕਿਨ ਹੋਇਆ।ਨਨਕਾਣਾ ਸਾਹਿਬ ਦੀ ਐੱਮਐੱਲਏ. ਨੂੰ ਵੀ ਇਸ ਪ੍ਰੋਜੈਕਟ ਸਬੰਧੀ ਸਿੱਖਸ ਆਫ ਅਮਰੀਕਾ ਨੇ ਜਾਣੂੰ ਕਰਵਾਇਆ ਸੀ।

# ਅਮਰੀਕਾ ਦੀਆਂ ਵੱਖ-ਵੱਖ ਸੰਸਥਾਵਾਂ ਵਲੋਂ ਕਰਤਾਰਪੁਰ ਸਾਹਿਬ ਲਾਂਘੇ ਨੂੰ ਖੋਲ੍ਹਣ ਦੇ ਫੈਸਲੇ 'ਤੇ ਖੁਸ਼ੀ ਦਾ ਪ੍ਰਗਟਾਵਾ



**ਸਿਆਟਲ/ਗੁਰਚਰਨ ਸਿੰਘ ਢਿੱਲੋਂ :** ਕਰਤਾਰਪੁਰ ਸਾਹਿਬ ਗੁਰਦੁਆਰੇ ਦੇ ਖੁੱਲ੍ਹੇ ਦਰਸ਼ਨਾਂ ਲਈ ਡੇਰਾ ਬਾਬਾ ਨਾਨਕ ਤੋਂ ਪ੍ਰਸਤਾਵਿਤ ਲਾਂਘੇ ਬਾਰੇ ਭਾਰਤ ਸਰਕਾਰ ਵਲੋਂ ਲਏ ਗਏ ਫੈਸਲੇ ਸਬੰਧੀ ਦੇਸ਼ਾਂ ਵਿਦੇਸ਼ਾਂ ਦੀਆਂ ਵੱਖ ਵੱਖ ਜਥੇਬੰਦੀਆਂ, ਸੰਸਥਾਵਾਂ ਵਲੋਂ ਖੁਸ਼ੀ ਦਾ ਪ੍ਰਗਟਾਵਾ ਕੀਤਾ ਹੈ। ਇਸ ਬਾਰੇ ਅਮਰੀਕਾ ਵਿਚ ਮਰਹੂਮ ਗੰਗਾ ਸਿੰਘ ਢਿੱਲੋਂ ਤੋਂ ਬਾਅਦ ਯੂਨਾਈਟਿਡ ਸਿੱਖ ਮਿਸ਼ਨ, ਸਿੱਖ ਸੇਵਾ ਸੰਸਥਾ ਵਰਜੀਨੀਆ, ਗਦਰ ਮੈਮੋਰੀਅਲ, ਐਨ. ਸੀ.ਏ., ਆਈ.ਏ. ਅਮਰੀਕਨ ਹਿੰਦੂ ਕੁਲੀਸ਼ਨ, ਰਾਜਧਾਨੀ ਮੰਦਿਰ ਵਰਜੀਨੀਆ, ਸਿੱਖ ਐਸੋਸੀਏਸ਼ਨ ਆਫ਼ ਬਾਲਟੀਮੋਰ, ਨਾਨਕ ਨਾਮ ਜਹਾਜ਼ ਗੁਰੂ ਘਰ ਨਿਊਜਰਸੀ, ਸਿੱਖ ਪੇਕ ਸਮੇਤ ਸਿੱਖਾਂ ਤੇ ਹਿੰਦੂਆਂ ਨੇ ਇਕ ਮੰਗ ਪੱਤਰ ਭਾਰਤੀ ਅੰਬੈਸੀ ਵਾਸ਼ਿੰਗਟਨ ਡੀਸੀ. ਰਾਹੀਂ ਭਾਰਤ ਸਰਕਾਰ ਉਤੇ ਦਬਾਅ ਬਣਾਉਣ ਲਈ ਭੇਜਿਆ ਸੀ। ਦੇਸ਼ ਵਿਦੇਸ਼ ਵਿਚ ਅਕਸਰ ਇਸ ਲਾਂਘੇ ਦੀ ਮੰਗ ਕੀਤੀ ਗਈ ਸੀ। ਅਕਾਲੀ ਆਗੂ ਕੁਲਦੀਪ ਸਿੰਘ ਵਡਾਲਾ ਲੰਮੇ ਸਮੇਂ ਤੋਂ ਅਰਦਾਸ ਕਰਦੇ ਰਹੇ ਅਤੇ ਅਮਰੀਕਾ ਤੋਂ ਜਾ ਕੇ ਡੇਰਾ ਬਾਬਾ ਨਾਨਕ ਪ੍ਰੋਗਰਾਮ ਵੀ ਆਯੋਜਿਤ ਕੀਤਾ ਗਿਆ ਸੀ। ਇਸ ਤਰ੍ਹਾਂ ਕਾਫੀ ਸਮੇਂ ਤੋਂ ਮੁਹਿੰਮ ਜਾਰੀ ਸੀ ਕਿ ਕਰਤਾਰਪੁਰ ਸਾਹਿਬ ਗੁਰਦਵਾਰਾ (ਪਾਕਿਸਤਾਨ) ਦੇ ਦਰਸ਼ਨਾਂ ਲਈ ਲਾਂਘਾ ਖੋਲ੍ਹਿਆ ਜਾਵੇ, ਜਿੱਥੇ ਬਿਨਾਂ ਵੀਜ਼ਾ ਸੰਗਤਾਂ ਦਰਸ਼ਨ ਕਰ ਸਕਣ। ਭਾਰਤ ਸਰਕਾਰ ਵਲੋਂ ਬੀਤੇ ਦਿਨੀਂ ਲਏ ਗਏ ਫੈਸਲੇ ਮਗਰੋਂ ਭਾਰਤ ਸਰਕਾਰ ਦੇ ਰਾਜ ਮੰਤਰੀ ਜਨਰਲ ਵੀਕੇ ਸਿੰਘ ਦਾ ਵਰਜੀਨੀਆ ਵਿਖੇ ਪਹੁੰਚਣ ਤੇ ਬਹੁਤ ਸਾਰੀਆਂ ਸੰਸਥਾਵਾਂ ਵਲੋਂ ਨਿੱਘਾ ਸਵਾਗਤ ਅਤੇ ਭਾਰਤ ਸਰਕਾਰ ਦਾ ਧੰਨਵਾਦ ਕੀਤਾ ਗਿਆ। ਪੰਜਾਬੀ ਭਾਈਚਾਰੇ ਵਲੋਂ ਜਨਰਲ ਵੀਕੇ ਸਿੰਘ ਨੂੰ ਸਨਮਾਨਤ ਕੀਤਾ ਗਿਆ ਅਤੇ ਤਲਵਾਰ ਅਤੇ ਸ਼ਾਲ ਵੀ ਭੇਟ ਕੀਤਾ। ਇਸ ਮੌਕੇ ਵਿਦੇਸ਼ ਮੰਤਰੀ ਕੋਲ ਸਿੱਖਾਂ ਦੇ ਵਫ਼ਦ ਵਲੋਂ ਰਾਜਸੀ ਸ਼ਰਨ ਦੇ ਕੇਸਾਂ ਨੂੰ ਪਾਸਪੋਰਟ ਤੇ ਵੀਜ਼ੇ ਦੇਣ, ਦਿੱਲੀ ਦੇ ਸਿੱਖ ਕਤਲੇਆਮ ਦੇ ਦੋਸ਼ੀਆਂ ਨੂੰ ਸਜ਼ਾਵਾਂ ਦਿਵਾਉਣ, ਇੱਡੋ ਕਾਲੋਨੀ ਵਾਲੀਆਂ ਸਹੂਲਤਾਂ ਦੇਣ ਅਤੇ ਵਾਸ਼ਿੰਗਟਨ ਡੀਸੀ. ਵਿਚ ਗੁਰੂ ਨਾਨਕ ਦੇਵ ਚੇਅਰ ਸਥਾਪਤ ਕਰਨ ਦੀ ਮੰਗ ਵੀ ਕੀਤੀ ਗਈ।

## ਪ੍ਰਸਿੱਧ ਗਾਇਕ ਮੁਹੰਮਦ ਅਜ਼ੀਜ਼ ਦਾ ਦੇਹਾਂਤ

**ਮੁੰਬਈ/ਬਿਊਰੋ ਨਿਊਜ਼ :** ਉੱਘੇ ਪਿੱਠਵਰਤੀ ਗਾਇਕ ਮੁਹੰਮਦ ਅਜ਼ੀਜ਼ (64) ਦਾ ਦੇਹਾਂਤ



ਹੋ ਗਿਆ ਹੈ। ਉਨ੍ਹਾਂ ਨੇ ਨਾਨਾਵਤੀ ਹਸਪਤਾਲ 'ਚ ਆਖ਼ਰੀ ਸਾਹ ਲਿਆ। ਅਜ਼ੀਜ਼ ਨੇ ਕਰੀਬ ਵੀਹ ਹਜ਼ਾਰ ਗੀਤਾਂ ਨੂੰ ਆਪਣੀ ਆਵਾਜ਼ ਦਿੱਤੀ। ਫਿਲਮ 'ਮਰਦ' ਵਿਚ ਅਮਿਤਾਭ ਬਚਨ ਲਈ ਗਾਏ ਗੀਤ 'ਮਰਦ ਟਾਂਗੇਵਾਲਾ' ਤੋਂ ਉਨ੍ਹਾਂ ਨੂੰ ਪ੍ਰਸਿੱਧੀ ਮਿਲੀ। ਉਨ੍ਹਾਂ ਨੇ ਸੂਫ਼ੀ ਗੀਤ ਅਤੇ ਭਜਨ ਵੀ ਗਾਏ। ਉਨ੍ਹਾਂ ਦੀ ਮੌਤ ਦਾ ਕਾਰਨ ਦਿਲ ਦਾ ਦੌਰਾ ਮੰਨਿਆ ਜਾ ਰਿਹਾ ਹੈ।

# ਪੈਲਾਟਾਇਨ ਗੁਰਦੁਆਰਾ ਸਾਹਿਬ ਵਿਖੇ ਗੁਰੂ ਨਾਨਕ ਸਾਹਿਬ ਦਾ ਪ੍ਰਕਾਸ਼ ਦਿਹਾੜਾ ਤੇ ਗੁਰੂ ਤੇਗ ਬਹਾਦਰ ਜੀ ਦਾ ਸ਼ਹੀਦੀ ਦਿਹਾੜਾ ਮਨਾਇਆ

**ਸ਼ਿਕਾਗੋ/ਮੱਖਣ ਸਿੰਘ ਕਲੇਰ :** ਪੈਲਾਟਾਇਨ ਗੁਰਦੁਆਰਾ ਸਾਹਿਬ ਵਿਖੇ ਸਿੱਖ ਧਰਮ ਦੇ ਬਾਨੀ ਧੰਨ-ਧੰਨ ਸ਼੍ਰੀ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਦਿਹਾੜਾ 23 ਨਵੰਬਰ ਸ਼ੁੱਕਰਵਾਰ ਨੂੰ ਬੜੀ ਸ਼ਰਧਾ ਭਾਵਨਾ ਨਾਲ ਮਨਾਇਆ ਗਿਆ।ਪ੍ਰਕਾਸ਼ ਦਿਹਾੜੇ ਨੂੰ ਮੁੱਖ ਰੱਖ ਕੇ ਸੰਗਤਾਂ ਵਲੋਂ ਸਹਿਜਪਾਠ ਆਰੰਭ ਕੀਤੇ ਗਏ ਸਨ, ਜਿਨਾਂ ਦੇ ਭੋਗ 23 ਨਵੰਬਰ ਸ਼ੁੱਕਰਵਾਰ ਨੂੰ ਰਾਤ ਦੇ ਦੀਵਾਨਾਂ ਵਿਚ ਪਾਏ ਗਏ। ਉਪਰੰਤ ਕਥਾ ਰਾਹੀਂ ਸ਼ਬਦ ਵਿਚਾਰ ਤੇ ਕੀਰਤਨ ਦੇ ਰੂਪ ਵਿਚ ਧੁਰ ਕੀ ਬਾਣੀ ਗਾਇਨ ਕੀਤੀ ਗਈ। ਸ਼ਨੀਵਾਰ 24 ਨਵੰਬਰ ਅੰਮ੍ਰਿਤ ਵੇਲੇ ਪ੍ਰਭਾਤ ਫੇਰੀ ਕੱਢੀ ਗਈ ਜਿਸ ਵਿੱਚ ਸੰਗਤਾਂ ਨੇ ਭਾਰੀ ਗਿਣਤੀ ਹਾਜ਼ਰੀ ਲਗਵਾਈ। 24 ਨਵੰਬਰ ਨੂੰ ਹੀ ਰਾਤ ਦੇ ਦੀਵਾਨ ਸ਼੍ਰੀ ਗੁਰੂ ਤੇਗ ਬਹਾਦਰ ਜੀ, ਸ਼ਹੀਦ ਭਾਈ ਮਤੀ ਦਾਸ ਜੀ, ਸ਼ਹੀਦ ਭਾਈ ਸਤੀ ਦਾਸ ਜੀ ਤੇ ਸ਼ਹੀਦ ਭਾਈ ਦਿਆਲਾ ਜੀ ਦੀ ਸ਼ਹੀਦੀ ਨੂੰ ਸਮਰਪਤ ਸਨ। ਦੋ ਪਰਿਵਾਰਾਂ ਵਲੋਂ ਸਾਂਝੇ ਤੌਰ 'ਤੇ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਦਿਹਾੜੇ ਦੀ ਖੁਸ਼ੀ ਵਿਚ ਅਤੇ ਸ਼੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਦੀ ਯਾਦ ਵਿਚ ਸ਼ੁੱਕਰਵਾਰ ਸਵੇਰੇ ਸ਼੍ਰੀ ਆਖੰਡਪਾਠ ਸਾਹਿਬ ਆਰੰਭ ਕਰਵਾਏ ਗਏ ਸਨ ਜਿਨਾਂ ਦੇ ਭੋਗ ਐਤਵਾਰ 25 ਨਵੰਬਰ ਨੂੰ ਪਾਏ ਗਏ। ਇਸ ਦੇ ਨਾਲ ਹੀ ਐਤਵਾਰ ਨੂੰ ਨਿਸ਼ਾਨ ਸਾਹਿਬ ਦਾ ਚੋਲਾ ਬਦਲਿਆ ਗਿਆ। ਇਸ ਤੋਂ ਪਹਿਲਾਂ ਸ਼ਹੀਦ ਬਾਬਾ ਦੀਪ ਸਿੰਘ ਜੀ ਦਾ ਸ਼ਹੀਦੀ ਦਿਹਾੜਾ ਵੀ ਸੰਗਤਾਂ ਵਲੋਂ ਰਲ-ਮਿਲ ਕੇ ਮਨਾਇਆ ਗਿਆ ਸੀ।


ALL STATE INSURANCE
Allstate You're in good hands.
ਕਿਸੇ ਕਿਸਮ ਦੀ ਇਨਸੋਰੈਂਸ ਵਾਸਤੇ ਅੱਜ ਹੀ ਕਾਲ ਕਰੋ
ਇੱਕ ਕਾਲ ਨਾਲ ਤੁਹਾਡੀ ਵੱਡੀ ਬੱਚਤ ਹੋ ਸਕਦੀ ਹੈ
AUTO HOME LIFE HEALTH BUSINESS

Avninder Singh
Insurance Specialist, CA --LIC: #0822501
Phone : (510) 441-7490
(877) 441-7490
FAX : (510) 441-2537
ADDRESS : 30042 MISSION BLVD
SUITE #221, HAYWARD, CA 94544



CAPITAL SERVICES
Capital services
ਸਾਰੀਆਂ ਸੇਵਾਵਾਂ ਇਕੋ ਥਾਂ
- ਇੰਡੀਅਨ ਪਾਸਪੋਰਟ
- ਇੰਡੀਅਨ ਵੀਜ਼ਾ, OCI
- ਮੁਖਤਿਆਰਨਾਮਾ
- ਇਮੀਗਰੇਸ਼ਨ ਸਰਵਿਸਜ਼
- ਸਿਟੀਜਨ, ਗਰੀਨ ਕਾਰਡ
- ਫੈਮਲੀ ਪਟੀਸ਼ਨ


ਜੇਕਰ ਤੁਸੀਂ ਜਾਂ ਤੁਹਾਡਾ ਕੋਈ ਰਿਸ਼ਤੇਦਾਰ ਅਮਰੀਕਾ ਵਿੱਚ ਨਵਾਂ ਆਇਆ ਹੈ ਤਾਂ ਇੰਟਰਨੈਸ਼ਨਲ ਡਰਾਵਿੰਗ ਲਾਇਸੰਸ ਲੈਣ ਲਈ ਸੰਪਰਕ ਕਰੋ
ਹੋਰ ਸੇਵਾਵਾਂ
* ਕਾਰ ਟਰਾਂਸਫਰ/ਸਟਿੱਕਰ
* ਇੰਸ਼ੋਰੈਂਸ : ਕਾਰ, ਘਰ ਤੇ ਬਿਜਨਸ
* ਲਾਈਵ ਸਕੈਨ/ਫਿੰਗਰ ਪ੍ਰਿੰਟ
* ਨੋਟਰੀ ਪਬਲਿਕ, ਮੇਲ ਬੌਕਸ, ਫੈਕਸ, ਕਾਪੀ,
* ਬਿਜਨਸ ਕਾਰਡ, ਵਿਆਹ ਦੇ ਕਾਰਡ ਅਤੇ ਹੋਰ
Call, Banga (916) 427-4321, Fax (916) 258-0441
Email : sacramento99@yahoo.co, website: capitalservices.us

## ਫੈਡਰੇਸ਼ਨ ਆਫ ਸਿੱਖ ਆਰਗੇਨਾਈਜੇਸ਼ਨਜ਼ ਯੂਕੇ ਵੱਲੋਂ ਸਿੱਖ ਨੌਜਵਾਨਾਂ ਦੀਆਂ ਗ੍ਰਿਫਤਾਰੀਆਂ ਦੀ ਸਖਤ ਨਿਖੇਧੀ

### *'ਸਿੱਖ ਕਤਲੇਆਮ ਦੇ ਸਾਰੇ ਦੋਸ਼ੀਆਂ ਨੂੰ ਸਜ਼ਾਵਾਂ ਦਿਓ'*

**ਲੰਡਨ/ਬਿਊਰੋ ਨਿਊਜ਼ :** ਬਰਤਾਨੀਆਂ ਵਿਚ ਅਜ਼ਾਦ ਸਿੱਖ ਰਾਜ ਖਾਲਿਸਤਾਨ ਦੇ ਨਿਸ਼ਾਨੇ ਨੂੰ ਸਮਰਪਤਿ ਅਤੇ ਯਤਨਸ਼ੀਲ ਸਿੱਖ ਜਥੇਬੰਦੀਆਂ ਦੇ ਸਾਂਝੇ ਸੰਗਠਨ ਫੈਡਰੇਸ਼ਨ ਆਫ ਸਿੱਖ ਆਰਗੇਨਾਈਜੇਸ਼ਨਜ਼ ਯੂਕੇ ਦੇ ਕੋਆਰਡੀਨੇਟਰਜ਼ ਭਾਈ ਕੁਲਦੀਪ ਸਿੰਘ ਚਹੇੜੂ, ਭਾਈ ਲਵਸ਼ਿੰਦਰ ਸਿੰਘ ਡੱਲੇਵਾਲ ਅਤੇ ਭਾਈ ਜੋਗਾ ਸਿੰਘ ਵਲੋਂ ਪੰਜਾਬ ਵਿਚ ਸਿੱਖ ਨੌਜਵਾਨਾਂ ਦੀਆਂ ਹਾਲ ਹੀ ਦੌਰਾਨ ਕੀਤੀਆਂ ਜਾ ਰਹੀਆਂ ਗ੍ਰਿਫਤਾਰੀਆਂ ਦੀ ਸਖਤ ਨਿਖੇਧੀ ਕੀਤੀ ਗਈ ਹੈ । ਉਨ੍ਹਾਂ ਕਿਹਾ ਕਿ ਅੰਮ੍ਰਿਤਸਰ ਵਿਚ ਨਕਲੀ ਨਿਰੰਕਾਰੀਆਂ ਦੇ ਭਵਨ ਉਤੇ ਹੋਏ ਗਰਨੇਡ ਹਮਲੇ ਦੀ ਆੜ ਹੇਠ ਪੰਜਾਬ ਦੇ ਤਿੰਨ ਦਰਜਨ ਤੋਂ ਵਧੇਰੇ ਸਿੱਖ ਨੌਜਵਾਨਾਂ ਨੂੰ ਗ੍ਰਿਫਤਾਰ ਕਰਕੇ ਭਾਰੀ ਪੁੱਛਗਿੱਛ ਕਰਨੀ ਹਿੰਦੋਸਤਾਨ ਦੀਆਂ ਫਿਰਕਾਪ੍ਰਸਤ ਸਰਕਾਰਾਂ ਦੀ ਸਿੱਖ ਵਿਰੋਧੀ ਨੀਤੀ ਦਾ ਹਿੱਸਾ ਹੈ। ਇਹ ਗੈਰ-ਸਿੱਖ ਵੋਟਾਂ ਬਟੋਰਨ ਦੀਆਂ ਕੁਚਾਲਾਂ ਮੁੱਢ ਕਦੀਮ ਤੋਂ ਚਲਦੀਆਂ ਆ ਰਹੀਆਂ ਹਨ।

ਫੈਡਰੇਸ਼ਨ ਆਫ ਸਿੱਖ ਆਰਗੇਨਾਈਜੇਸ਼ਨਜ਼ ਯੂਕੇ ਵਲੋਂ ਸਵਾਲ ਉਠਾਇਆ ਗਿਆ ਕਿ ਪਿਛਲੇ ਤਿੰਨ ਸਾਲਾਂ ਦੌਰਾਨ ਪੰਜਾਬ ਦੀ ਧਰਤੀ ਉਤੇ ਸੌ ਤੋਂ ਵੱਧ ਥਾਵਾਂ 'ਤੇ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਦੀ ਬਾਣੀ ਦੀ ਬੇਅਦਬੀ ਕੀਤੀ ਜਾ ਚੁੱਕੀ ਹੈ ਪਰ ਕੇਂਦਰ ਅਤੇ ਸੂਬਾ ਸਰਕਾਰਾਂ, ਖੁਫੀਆਂ ਏਜੰਸੀਆਂ ਅਤੇ ਪੁਲਿਸ ਦੋਸ਼ੀਆਂ ਨੂੰ ਗ੍ਰਿਫਤਾਰ ਨਹੀਂ ਕਰ ਸਕੀਆਂ। ਸਗੋਂ ਦੋਸ਼ੀਆਂ ਪ੍ਰਤੀ ਘੇਸਲ ਮਾਰੀ ਰੱਖੀ ਅਤੇ ਅੰਦਰਖਾਤੇ ਉਹਨਾਂ ਦੀ ਪੁਸ਼ਤਪਨਾਹੀ ਕਰਦੀਆਂ ਰਹੀਆਂ ਪਰ ਨਕਲੀ ਨਿੰਰਕਾਰੀ ਭਵਨ ਉਤੇ ਹੋਏ ਹਮਲੇ ਤੋਂ ਬਾਅਦ ਬੜੀ ਹੀ ਤੇਜ਼ੀ ਨਾਲ ਸਿੱਖ ਨੌਜਵਾਨਾਂ ਨੂੰ ਤਸ਼ੱਦਦ ਦਾ ਸ਼ਿਕਾਰ ਬਣਾਉਣਾ ਆਰੰਭ ਕਰ ਦਿੱਤਾ ਗਿਆ ਹੈ। ਇਸ ਨਾਲ ਇਹਨਾਂ ਦਾ ਦੋਹਰਾ ਕਿਰਦਾਰ ਅਤੇ ਫਿਰਕੂ ਚਿਹਰਾ ਬੇਨਕਾਬ ਹੁੰਦਾ ਹੈ । ਨਵੰਬਰ-1984 ਦੌਰਾਨ ਹਜ਼ਾਰਾਂ ਸਿੱਖਾਂ ਦਾ ਸਰਕਾਰੀ ਸ਼ਹਿ 'ਤੇ ਹਿੰਦੂਤਵੀ ਗੁੰਡਿਆਂ ਵਲੋਂ ਕਤਲੇਆਮ ਕੀਤਾ ਗਿਆ। ਜਗਦੀਸ਼ ਟਾਈਟਲਰ, ਸੱਜਣ ਕੁਮਾਰ , ਕਮਲ ਨਾਥ, ਅਮਿਤਾਬ ਬਚਨ ਵਰਗੇ ਕਤਲੇਆਮ ਕਰਵਾਉਣ ਦੇ ਕਥਿਤ ਦੋਸ਼ੀ ਸ਼ਰੇਆਮ ਘੁੰਮ ਰਹੇ ਹਨ। ਕੇਵਲ ਹਰਦੇਵ ਸਿੰਘ ਅਤੇ ਅਵਤਾਰ ਸਿੰਘ ਦੇ ਕਤਲ ਕੇਸ ਵਿੱਚ ਇੱਕ ਦੋਸ਼ੀ ਨੂੰ ਉਮਰ ਕੈਦ ਅਤੇ ਦੂਜੇ ਨੂੰ ਫਾਂਸੀ ਦੀ ਸਜ਼ਾ ਇਸ ਇਕ ਕੇਸ ਦਾ ਇਨਸਾਫ ਤਾਂ ਹੋ ਸਕਦਾ ਹੈ ਪਰ ਇਹ ਸਮੁੱਚੇ ਕਤਲੇਆਮ ਦਾ ਇਨਸਾਫ ਨਹੀਂ ਹੈ। ਹਜ਼ਾਰਾਂ ਸਿੱਖਾਂ ਦਾ ਕਤਲੇਆਮ ਹੋਇਆ ਅਤੇ ਦੋਸ਼ੀ ਵੀ ਹਜ਼ਾਰਾਂ ਹੀ ਹਨ। ਅਤੀਤ ਵਿਚ ਵੀ ਕਿਸ਼ੋਰੀ ਲਾਲ ਨੂੰ ਫਾਂਸੀ ਦੀ ਸਜ਼ਾ ਹੋਈ ਸੀ ਪਰ ਉਚ ਅਦਾਲਤ ਨੇ ਫਿਰਕੂ ਰੰਗ ਵਿਖਾਂਉਂਦਿਆਂ ਇਹ ਉਮਰ ਕੈਦ ਵਿਚ ਤਬਦੀਲ ਕਰ ਦਿੱਤੀ ਸੀ। ਅਜਿਹੀ ਰਾਹਤ ਯਸ਼ਪਾਲ ਸਿੰਘ ਅਤੇ ਨਰੇਸ਼ ਸਹਿਰਾਵਤ ਨੂੰ ਵੀ ਫਿਰਕਾਪ੍ਰਸਤ ਨਿਆਂਇਕ ਸਿਸਟਮ ਦੇ ਸਕਦਾ ਹੈ।

## ਸਿੱਖ ਭਾਈਚਾਰੇ ਨੇ ਸੈਂਕੜੇ ਅੱਗ-ਬੁਝਾਊ ਕਰਮੀਆਂ ਲਈ ਲਗਾਇਆ ਪਿਜ਼ਾ ਲੰਗਰ



12 ਸਾਲਾ ਕ੍ਰਿਪਾਜੋਤ ਸਿੰਘ ਫ਼ਾਇਰ ਸਟੇਸ਼ਨ 144 'ਤੇ ਕੈਪਟਨ ਡੈਰੇਕ ਬਾਰਟ ਨੂੰ ਧੰਨਵਾਦ ਕਰਦਿਆਂ ਪਿਜ਼ਾ ਵੰਡਦੇ ਹੋਏ।



ਸਥਾਨਕ ਪੰਜਾਬੀ ਭਾਈਚਾਰੇ ਦੇ ਲੋਕ ਫਾਇਰ ਸਟੇਸ਼ਨ ਦੇ ਅਫਸਰਾਂ ਨੂੰ ਪਿਜ਼ਾ ਦਿੰਦੇ ਹੋਏ।

**ਚੀਕੋ (ਕੈਲੀਫ਼ੋਰਨੀਆ)/ਹੁਸਨ ਲੜੋਆ ਬੰਗਾ :** ਥੈਂਕਸਗਿਵਿੰਗ ਦੇ ਅਮਰਕੀਨ ਤਿਉਹਾਰ ਨੂੰ ਯੂਨਾਈਟਿਡ ਸਿੱਖਸ ਵੱਲੋਂ ਇਸ ਵਾਰੀ ਵੱਖਰੇ ਅੰਦਾਜ਼ 'ਚ ਮਨਾਇਆ ਜਾ ਰਿਹਾ ਹੈ। ਇਸ ਜਥੇਬੰਦੀ ਵੱਲੋਂ ਸਿਲਵਰ ਡਾਲਰ ਫ਼ੇਅਰਗਰਾਊਂਡ ਕਮਾਂਡ ਪੋਸਟ 'ਤੇ ਸੈਂਕੜੇ ਅੱਗ-ਬੁਝਾਊ ਕਰਮੀਆਂ ਨੂੰ ਪਿਜ਼ਾ ਵੰਡੇ ਗਏ। ਇਸ ਤੋਂ ਪਹਿਲਾਂ ਸਿੱਖ ਵੈਸਟ ਲੇਕ ਭਾਈਚਾਰੇ ਤੋਂ 12 ਸਾਲਾਂ ਦੇ ਕ੍ਰਿਪਾਜੋਤ ਸਿੰਘ ਅਤੇ ਉਸ ਦੇ ਪਿਤਾ ਸੇਵਕਪਾਲ ਸਿੰਘ ਖੁਰਾਨਾ ਵੱਲੋਂ ਕੈਲੀਫ਼ੋਰਨੀਆ ਦੇ ਫ਼ਾਇਰ ਸਟੇਸ਼ਨ ਨੰਬਰ 144 'ਚ ਬਹਾਦਰ ਅੱਗ-ਬੁਝਾਊ ਕਰਮੀਆਂ ਨੂੰ ਦਰਜਨਾਂ ਹੀ ਪਿਜ਼ਾ ਵੰਡੇ ਗਏ ਸਨ।

ਯੂਨਾਈਟਿਡ ਸਿੱਖਸ ਦੇ ਰਾਹਤ ਨਿਰਦੇਸ਼ਕ ਸ. ਗੁਰਵਿੰਦਰ ਸਿੰਘ ਨੇ ਕਿਹਾ ਕਿ,"ਉਹਨਾਂ ਦੀ ਬਹਾਦਰੀ ਨੂੰ ਸਿਜਦਾ ਕਰਨ ਲਈ, ਜੋ ਇਸ ਵੇਲੇ ਗੰਭੀਰ ਅਤੇ ਖ਼ਤਰਨਾਕ ਹਾਲਾਤ 'ਚ ਕੀਮਤੀ ਜ਼ਿੰਦਗੀਆਂ ਬਚਾਉਣ ਲਈ ਲਗਾਤਾਰ ਕੰਮ ਕਰ ਰਹੇ ਹਨ, ਅਸੀਂ ਲੰਗਰ ਦਾ ਪ੍ਰਬੰਧ ਕਰਨਾ ਚਾਹੁੰਦੇ ਸਾਂ। ਜਦੋਂ ਤੋਂ ਇਹ ਮਾਰੂ ਅੱਗ ਫ਼ੈਲੀ ਹੈ, ਜ਼ਮੀਨੀ ਪੱਧਰ 'ਤੇ ਫ਼ੈਡਰਲ ਐਮਰਜੈਂਸੀ ਮੈਨੇਜਮੈਂਟ ਏਜੰਸੀ (ਫ਼ੈਮਾ), ਸਥਾਨਕ ਅੱਗ-ਬੁਝਾਊ ਅਤੇ ਪੁਲਿਸ ਮਹਿਕਮਿਆਂ ਵੱਲੋਂ ਅੱਗ 'ਚ ਫ਼ਸੇ ਲੋਕਾਂ ਅਤੇ ਲੋੜਵੰਦ ਜਾਨਵਰਾਂ ਦੀ ਸਹਾਇਤਾ ਲਈ ਕੰਮ ਕੀਤਾ ਜਾ ਰਿਹਾ ਹੈ। ਇਸ ਕਰਕੇ ਯੂਨਾਈਟਿਡ ਸਿੱਖਸ ਰਾਹਤ ਕਰਮੀਆਂ ਦੀ ਮਤਤ ਕਰ ਰਹੀ ਹੈ। ਯੂਨਾਈਟਿਡ ਸਿੱਖਸ ਦੇ ਕੌਮਾਂਤਰੀ ਸਿੱਖ ਰਾਹਤ ਪ੍ਰੋਗਰਾਮ, ਮਨੁੱਖਤਾਵਾਦੀ ਗ਼ੈਰ-ਮੁਨਾਫ਼ਾ ਸੰਸਥਾ ਸਥਾਨਕ ਗੁਰੂਦਵਾਰੇ ਦੇ ਪ੍ਰਬੰਧਕਾਂ ਦੇ ਸਹਿਯੋਗ ਨਾਲ ਹੋਟਲ ਵਾਊਚਰ, ਆਸਰਾ, ਖਾਧ ਸਪਲਾਈ, ਕੰਬਲ, ਸਾਫ਼-ਸਫ਼ਾਈ ਦੀਆਂ ਚੀਜ਼ਾਂ, ਦੁੱਖ ਦੀ ਘੜੀ 'ਚ ਕਾਊਂਸਲਿੰਗ ਅਤੇ ਦਵਾਈਆਂ ਸਮੇਤ ਡਾਕਟਰੀ ਸਹਾਇਤਾ ਸੇਵਾਵਾਂ ਮੁਹੱਈਆ ਕਰਾਉਣ ਲਈ ਵਚਨਬੱਧ ਹੈ।"

ਗੌਰਤਲਬ ਹੈ ਕਿ ਅੱਗ ਦੇ ਇਸ ਬਵੰਡਰ 'ਚ ਮਰਨ ਵਾਲਿਆਂ ਦੀ ਗਿਣਤੀ 80 ਤੱਕ ਪਹੁੰਚ ਚੁੱਕੀ ਹੈ, ਜੋ ਕਿ ਹੁਣ ਤੱਕ ਦੀ ਸਭ ਤੋਂ ਵੱਧ ਗਿਣਤੀ ਹੈ ਅਤੇ ਸਥਾਨਕ ਅਧਿਕਾਰੀਆਂ ਮੁਤਾਬਿਕ ਤਕਰੀਬਨ 1 ਹਜ਼ਾਰ ਤੋਂ ਵੱਧ ਲੋਕ ਲਾਪਤਾ ਹਨ। ਕੌਮੀ ਮੌਸਮ ਵਿਭਾਗ ਵੱਲੋਂ ਉੱਤਰੀ ਕੈਲੀਫ਼ੋਰਨੀਆ 'ਚ ਮੀਂਹ ਦੀ ਭਵਿੱਖਵਾਣੀ ਕੀਤੀ ਗਈ ਹੈ, ਜਿਸ ਨਾਲ ਗਿੱਲੀ ਸਵਾਹ ਪਹਾੜਾਂ ਦੀਆਂ ਢਲਾਣਾਂ ਤੋਂ ਹੇਠਾਂ ਆ ਜਾਵੇਗੀ ਅਤੇ ਇਸ ਨਾਲ ਇਨਸਾਨਾਂ ਦੀ ਭਾਲ ਕਰ ਰਹੇ ਦਸਤਿਆਂ ਦੀਆਂ ਕੋਸ਼ਿਸ਼ਾਂ ਹੋਰ ਮੁਸ਼ਕਲ ਹੋ ਸਕਦੀਆਂ ਹਨ।

ਹਵਾ ਦੀ ਗੁਣਵੱਤਾ ਪੱਧਰ ਜਾਂਚਣ ਵਾਲੇ ਨੈਟਵਰਕ ਵੱਲੋਂ ਕੈਲੀਫ਼ੋਰਨੀਆ ਦੀ ਹਵਾ ਦਾ ਗੁਣਵੱਤਾ ਪੱਧਰ "ਸੰਸਾਰ ਦਾ ਸਭ ਤੋਂ ਦੂਸ਼ਿਤ ਪੱਧਰ" ਕਰਾਰ ਦਿੱਤਾ ਗਿਆ ਸੀ। ਈਪੀਏ ਵੱਲੋਂ ਚੇਤਾਵਨੀ ਦਿੱਤੀ ਗਈ ਹੈ ਕਿ ਜੰਗਲੀ ਅੱਗ ਦੇ ਧੂੰਏਂ ਕਾਰਨ ਸਿਹਤ ਸਬੰਧੀ ਕਈ ਭਿਆਨਕ ਬਿਮਾਰੀਆਂ, ਜਿਵੇਂ ਫੇਫੜਿਆਂ ਦੀ ਕਾਰਗੁਜ਼ਾਰੀ 'ਚ ਮੁਸ਼ਕਿਲ, ਬ੍ਰੌਂਕਾਈਟਿਸ ਦਾ ਇਨਫ਼ੈਕਸ਼ਨ, ਦਮਾ ਅਤੇ ਦਿਲ ਦਾ ਦੌਰਾ ਆਦਿ ਹੋਣ ਦੀ ਸੰਭਾਵਨਾ ਹੈ। ਇਸ ਧੂੰਏਂ 'ਚ ਕਈ ਹਜ਼ਾਰ ਦੂਸ਼ਿਤ ਕਣ ਮਿਲੇ ਹੋਏ ਹਨ, ਜਿਵੇਂ: ਕੈਮੀਕਲ, ਗੈਸਾਂ ਅਤੇ ਨਿੱਕੇ-ਨਿੱਕੇ ਕਣ, ਜੋ ਸਾਹ ਰਾਹੀਂ ਫੇਫੜਿਆਂ ਦੀ ਡੂੰਘਾਈ ਤੱਕ ਪਹੁੰਚ ਸਕਦੇ ਹਨ। ਐਨ-95 ਜਾਂ ਪੀ-100 ਹਵਾ ਦੇ ਫ਼ਿਲਟਰ ਮਾਸਕ ਪੂਰੇ ਸੂਬੇ 'ਚ ਵਿਕ ਚੁੱਕੇ ਹਨ। ਯੂਨਾਈਟਿਡ ਸਿੱਖਸ ਆਪਣੇ ਮਨੁੱਖਤਾਵਾਦੀ ਰਾਹਤ ਕਾਰਜਾਂ ਅਧੀਨ ਆਉਣ ਵਾਲੇ ਦਿਨਾਂ 'ਚ ਹੋਰ ਮਾਸਕ ਵੰਡੇਗਾ।


CIS CALIFORNIA IMMIGRATION SERVICES
(Registered & Bonded)

- FAMILY IMMIGRATION
- GREEN CARD PETITION
- CITIZENSHIP
- OCI CARD / INDIAN PASSPORT
- BUSINESS / VISITOR VISA
- STUDENT VISA
- RELIGIOUS VISA
- U.K. VISA
- CANADA VISA & P.R.





Rosy (Kanwal) Kaur
Immigration Consultant / LDA

CALL FOR FREE INITIAL CONSULTATION !
Ph: 510-573-3666, 408-422-8585
Fremont Office: 4127 Bay Street, Suite 5 | Tracy Office: 68 E 11th St., Suite 103
Yuba City Office: 1650 Sierra Ave. Suite 206, CA 95993
www.caials.com rosy@caials.com

When tired of all treatments for any disease at any age Try
HOMEOPATHIC
Experienced Consultant Physician since 1973
American Red Cross
ਹੋਰ ਇਲਾਜਾਂ ਤੋਂ ਥਕ ਗਏ ਹੋ ਤਾਂ ਹੋਮੀਓਪੈਥੀ ਅਜ਼ਮਾਓ
We sell homeopathic medicines
ਅਰਥਰਾਈਟਸ, ਦਮਾ, ਸ਼ੂਗਰ, ਬਲੱਡ ਪ੍ਰੈਸ਼ਰ, ਪੱਥਰੀ, ਖਾਰਿਸ਼, ਮੁਹਾਸੇ,
ਵਜ਼ਨ ਦਾ ਘਟਣਾ ਜਾਂ ਵਧਣਾ, ਜਨਾਨਾ ਤੇ ਮਰਦਾਨਾ ਕਮਜ਼ੋਰੀ ਦਾ ਪੱਕਾ ਇਲਾਜ
7021 Village Parkway Dublin CA 94568



GURDIP SINGH SANDHU
DHMS-Gold Medalist, BAMS, MDEH. - INDIA
Ex Principal, Prof., Chief Medical Officer,
Ex Member NCH and CA Homeomedical Society
Working under act SB 577 state of CA
Office: 408.729.6691
Cell: 408.687.1899
email: homeomedicine@yahoo.com
www.homeopathyatoz.com
ਡਾ. ਸੰਧੂ ਦੇ ਸਿਹਤ ਵਿਗਿਆਨ ਸਬੰਧੀ ਲੈਕਚਰ Listen live on Radio 1170
'Jus Punjabi TV' & Face Book Every Saturday 09:00 AM, Live on 'Jus Punjabi TV' Sunday 4:00 A.M.

BSons Travel & Tax Services, Inc.
* All Airlines * International And Domestic
* Wholesale Fares Around the World
We Will Beat or Match any Fare!



Office Hours
Mon-Fri
9am-6pm
Saturday
9am-5pm
CST. REG #2092042-40
We Also Have Special Vacation Packages
President : Avtar Singh
Contact any time from anywhere
Tel 707.302.0512, 916.340.8100 • Fax 707.425.4260
Email: bsonstravel@yahoo.com
1652 West Texas St. Suite 139, Fairfield, CA 94533
4200 North Boulevard Street No. 1B, Sacramento, CA, 95834

## ਗੁਰਬਾਣੀ ਦੇ ਗਲਤ ਉਚਾਰਨ ਦੇ ਮਾਮਲੇ 'ਚ ਹਰਸਿਮਰਤ ਬਾਦਲ ਨੇ ਮੰਗੀ ਮਾਫੀ

**ਬਠਿੰਡਾ/ਬਿਊਰੋ ਨਿਊਜ਼ :**
ਕੇਂਦਰੀ ਮੰਤਰੀ ਹਰਸਿਮਰਤ ਕੌਰ ਬਾਦਲ ਨੇ ਡੇਰਾ ਬਾਬਾ ਨਾਨਕ ਦੇ ਸਮਾਗਮ ਦੌਰਾਨ ਗੁਰਬਾਣੀ ਦੀ ਤੁਕ ਨੂੰ ਗ਼ਲਤ ਉਚਾਰਿਆ ਸੀ। ਹਰਸਿਮਰਤ ਕੌਰ ਬਾਦਲ ਨੇ ਆਪਣੇ ਫੇਸਬੁੱਕ ਪੇਜ 'ਤੇ



ਪੋਸਟ ਪਾ ਕੇ ਮੁਆਫ਼ੀ ਮੰਗੀ ਹੈ। ਦੂਜੇ ਪਾਸੇ, ਮੁਤਵਾਜ਼ੀ ਜਥੇਦਾਰ ਬਲਜੀਤ ਸਿੰਘ ਦਾਦੂਵਾਲ ਦਾ ਕਹਿਣਾ ਸੀ ਕਿ ਜੋ ਪਰਿਵਾਰ ਆਪਣੇ ਆਪ ਨੂੰ ਗੁਰੂ ਪ੍ਰਤੀ ਸਭ ਤੋਂ ਵੱਧ ਅਦਬ ਵਾਲਾ ਦੱਸਦਾ ਹੈ, ਉਸ ਪਰਿਵਾਰ ਦੀ ਮੈਂਬਰ ਹਰਸਿਮਰਤ ਕੌਰ ਬਾਦਲ ਵੱਲੋਂ ਗੁਰਬਾਣੀ ਦੇ ਗ਼ਲਤ ਉਚਾਰਨ ਨਾਲ ਦੇਸ਼-ਵਿਦੇਸ਼ ਵਿਚ ਬੈਠੀ ਸੰਗਤ ਵਿਚ ਗ਼ਲਤ ਸੁਨੇਹਾ ਗਿਆ ਹੈ। ਉਨ੍ਹਾਂ ਆਖਿਆ ਕਿ ਸਿੱਖ ਸੰਗਤ ਵੱਲੋਂ ਉਨ੍ਹਾਂ ਕੋਲ ਇਸ ਬਾਰੇ ਸ਼ਿਕਾਇਤਾਂ ਆ ਰਹੀਆਂ ਹਨ ਤੇ ਉਹ ਇਹ ਮਾਮਲਾ ਵਿਚਾਰ ਰਹੇ ਹਨ। ਉਨ੍ਹਾਂ ਆਖਿਆ ਕਿ ਫੇਸਬੁੱਕ ਪੇਜ 'ਤੇ ਮੁਆਫ਼ੀ ਨਹੀਂ ਮੰਗੀ ਜਾ ਸਕਦੀ ਹੈ। ਕੇਂਦਰੀ ਮੰਤਰੀ ਗੁਰੂ ਘਰ ਜਾ ਕੇ ਮੁਆਫ਼ੀ ਮੰਗਣ।

ਹਰਸਿਮਰਤ ਕੌਰ ਬਾਦਲ ਨੇ ਡੇਰਾ ਬਾਬਾ ਨਾਨਕ ਵਿਖੇ ਸਮਾਗਮ ਵਿਚ ਆਪਣੇ ਭਾਸ਼ਨ ਦੌਰਾਨ ਗੁਰਬਾਣੀ ਦੀ ਤੁਕ ਦੇ ਗ਼ਲਤ ਉਚਾਰਨ ਦੇ ਮਾਮਲੇ 'ਤੇ ਗੁਰੂ ਸਾਹਿਬਾਨ ਅਤੇ ਸਿੱਖ ਸੰਗਤ ਤੋਂ ਮੁਆਫ਼ੀ ਮੰਗੀ ਹੈ। ਸਿੱਖ ਜਥੇਬੰਦੀਆਂ ਵੱਲੋਂ ਇਸ ਮਾਮਲੇ ਵਿਚ ਕੇਂਦਰੀ ਮੰਤਰੀ ਨੂੰ ਨਿਸ਼ਾਨਾ ਬਣਾਇਆ ਗਿਆ ਸੀ।

# ਖਹਿਰਾ, ਬੈਂਸ ਤੇ ਗਾਂਧੀ ਵੱਲੋਂ ਇਨਸਾਫ਼ ਮਾਰਚ ਕੱਢਣ ਦਾ ਐਲਾਨ



ਚੰਡੀਗੜ੍ਹ/ਬਿਊਰੋ ਨਿਊਜ਼ : ਸੁਖਪਾਲ ਖਹਿਰਾ ਵਾਲੇ ਆਮ ਆਦਮੀ ਪਾਰਟੀ ਦੇ ਬਾਗੀ ਧੜੇ, ਬੈਂਸ ਭਰਾਵਾਂ ਦੀ ਲੋਕ ਇਨਸਾਫ਼ ਪਾਰਟੀ ਅਤੇ ਸੰਸਦ ਮੈਂਬਰ ਡਾ. ਧਰਮਵੀਰ ਗਾਂਧੀ ਦੇ ਪੰਜਾਬ ਮੰਚ ਵੱਲੋਂ ਸਾਂਝੇ ਤੌਰ 'ਤੇ ਪੰਜਾਬ ਦੇ ਮੁੱਖ ਮੁੱਦਿਆਂ ਬਾਰੇ 8 ਤੋਂ 16 ਦਸੰਬਰ ਤਕ 9-ਦਿਨਾ ਇਨਸਾਫ਼ ਮਾਰਚ ਕੱਢਣ ਦਾ ਐਲਾਨ ਕੀਤਾ ਗਿਆ ਹੈ। ਇਸ ਤਰ੍ਹਾਂ ਅਸਿੱਧੇ ਢੰਗ ਨਾਲ ਇਨ੍ਹਾਂ ਤਿੰਨ ਸਿਆਸੀ ਧਿਰਾਂ ਨੇ ਹੱਥ ਮਿਲਾ ਲਏ ਹਨ ਅਤੇ ਜਲਦੀ ਹੀ ਰਵਾਇਤੀ ਪਾਰਟੀਆਂ ਕਾਂਗਰਸ, ਅਕਾਲੀ ਦਲ ਅਤੇ ਭਾਜਪਾ ਦੇ ਬਰਾਬਰ ਸਿਆਸੀ ਪਾਰਟੀ ਬਣਾਉਣ ਦੇ ਸੰਕੇਤ ਵੀ ਦਿੱਤੇ ਹਨ।

ਸਿਆਸੀ ਹਲਕਿਆਂ ਅਨੁਸਾਰ ਇਹ ਧਿਰਾਂ ਇਨਸਾਫ਼ ਮਾਰਚ ਰਾਹੀਂ ਆਪਣੀ ਸਿਆਸੀ ਜ਼ਮੀਨ ਦੀ ਪਰਖ ਕਰਨਾ ਚਾਹੁੰਦੀਆਂ ਹਨ ਅਤੇ ਲੋਕਾਂ ਦੇ ਹੁੰਗਾਰੇ ਨੂੰ ਆਧਾਰ ਬਣਾ ਕੇ ਹੀ ਨਵੀਂ ਸਿਆਸੀ ਪਾਰਟੀ ਬਣਾਉਣ ਦਾ ਫ਼ੈਸਲਾ ਲਿਆ ਜਾਵੇਗਾ। ਸੁਖਪਾਲ ਖਹਿਰਾ, ਲੋਕ ਇਨਸਾਫ਼ ਪਾਰਟੀ ਦੇ ਵਿਧਾਇਕ ਸਿਮਰਜੀਤ ਸਿੰਘ ਬੈਂਸ ਤੇ ਬਲਵਿੰਦਰ ਸਿੰਘ ਬੈਂਸ ਅਤੇ ਪੰਜਾਬ ਮੰਚ ਦੇ ਮੁਖੀ ਤੇ ਪਟਿਆਲਾ ਤੋਂ ਸੰਸਦ ਮੈਂਬਰ ਡਾ. ਧਰਮਵੀਰ ਗਾਂਧੀ ਨੇ ਮੀਡੀਆ ਦੇ ਰੂਬਰੂ ਹੁੰਦਿਆਂ ਐਲਾਨ ਕੀਤਾ ਕਿ ਇਨਸਾਫ਼ ਮਾਰਚ ਦੇ ਅਖੀਰਲੇ ਦਿਨ ਪਟਿਆਲਾ ਵਿਚ ਸਮਾਪਤੀ ਰੈਲੀ ਦੌਰਾਨ ਲੋਕਾਂ ਕੋਲੋਂ ਤੀਸਰੇ ਸਿਆਸੀ ਫਰੰਟ ਨੂੰ ਬਣਾਉਣ ਦੀ ਲੋੜ ਬਾਰੇ ਰਾਇ ਲਈ ਜਾਵੇਗੀ ਅਤੇ ਜੇਕਰ ਲੋਕਾਂ ਨੇ ਨਵਾਂ ਫਰੰਟ ਬਣਾਉਣ ਦੀ ਹਾਮੀ ਭਰੀ ਤਾਂ ਨਵੀਂ ਸਿਆਸੀ ਪਾਰਟੀ ਉਸਾਰੀ ਜਾਵੇਗੀ।

ਇਨ੍ਹਾਂ ਧਿਰਾਂ ਨੇ 8 ਦਸੰਬਰ ਨੂੰ ਤਲਵੰਡੀ ਸਾਬੋ ਤੋਂ ਇਨਸਾਫ਼ ਮਾਰਚ ਸ਼ੁਰੂ ਕਰਨ ਦਾ ਫ਼ੈਸਲਾ ਕੀਤਾ ਹੈ ਅਤੇ ਇਹ 9-ਦਿਨਾ ਮਾਰਚ 16 ਦਸੰਬਰ ਨੂੰ ਪਟਿਆਲਾ ਵਿਚ ਸਮਾਪਤ ਹੋਵੇਗਾ। ਇਸ ਮੌਕੇ ਸ੍ਰੀ ਖਹਿਰਾ ਅਤੇ ਡਾ. ਗਾਂਧੀ ਨੇ ਖੁਲਾਸਾ ਕੀਤਾ ਕਿ ਨਵੀਂ ਸਿਆਸੀ ਪਾਰਟੀ ਬਣਾਉਣ ਲਈ ਉਨ੍ਹਾਂ ਦੀਆਂ ਦੋ-ਤਿੰਨ ਮੀਟਿੰਗਾਂ ਹੋ ਚੁੱਕੀਆਂ ਹਨ ਅਤੇ ਜਲਦੀ ਹੀ ਸੁੱਚਾ ਸਿੰਘ ਛੋਟੇਪੁਰ, ਜਗਮੀਤ ਸਿੰਘ ਬਰਾੜ ਅਤੇ ਹੋਰ ਪੰਜਾਬੀ ਹਿਤੈਸ਼ੀ ਧਿਰਾਂ ਨੂੰ ਨਾਲ ਲੈ ਕੇ ਨਵੀਂ ਸਿਆਸੀ ਪਾਰਟੀ ਉਸਾਰੀ ਜਾਵੇਗੀ। ਸ੍ਰੀ ਖਹਿਰਾ ਨੇ ਕਿਹਾ ਕਿ ਉਹ ਇਸ ਲਈ ਆਪਣੇ ਵਿਧਾਇਕ ਦਾ ਅਹੁਦਾ ਵੀ ਤਿਆਗਣ ਲਈ ਤਿਆਰ ਹਨ।

ਦੱਸਣਯੋਗ ਹੈ ਕਿ 'ਆਪ' ਦੇ ਬਾਗੀ ਧੜੇ ਨਾਲ ਅੱਠ ਵਿਧਾਇਕ ਹਨ ਪਰ ਮੀਡੀਆ ਕਾਨਫਰੰਸ ਵਿਚ ਸ੍ਰੀ ਖਹਿਰਾ ਸਮੇਤ ਪਾਰਟੀ ਵਿਚੋਂ ਮੁਅੱਤਲ ਕੀਤੇ ਵਿਧਾਇਕ ਕੰਵਰ ਸੰਧੂ ਹੀ ਹਾਜ਼ਰ ਸਨ ਜਦਕਿ ਤਿੰਨ ਵਿਧਾਇਕ ਜੈ ਕਿਸ਼ਨ ਰੋੜੀ, ਜਗਤਾਰ ਸਿੰਘ ਜੱਗਾ ਅਤੇ ਮਾਸਟਰ ਬਲਦੇਵ ਸਿੰਘ ਹਾਜ਼ਰ ਨਹੀਂ ਸਨ।

# ਯੂਨਾਈਟਿਡ ਨੇਸ਼ਨਜ਼ ਦੀ ਰਿਪੋਰਟ ਅਨੁਸਾਰ ਔਰਤਾਂ ਲਈ ਸਭ ਤੋਂ ਖ਼ਤਰਨਾਕ ਥਾਂ ਉਨ੍ਹਾਂ ਦਾ ਆਪਣਾ ਘਰ

**ਨਵੀਂ ਦਿੱਲੀ/ਬਿਊਰੋ ਨਿਊਜ਼ :**
ਯੂਨਾਈਟਿਡ ਨੇਸ਼ਨਜ਼ ਤੋਂ ਦੁਨੀਆ ਭਰ ਲਈ ਸਭ ਤੋਂ ਸ਼ਰਮਨਾਕ ਰਿਪੋਰਟ ਸਾਹਮਣੇ ਆਈ ਹੈ। ਇਸ ਰਿਪੋਰਟ ਮੁਤਾਬਕ ਅਕਸਰ ਕਿਸੇ ਨਾ ਕਿਸੇ ਤਰ੍ਹਾਂ ਦੀ ਹਿੰਸਾ ਦਾ ਸ਼ਿਕਾਰ ਹੋਣ ਵਾਲੀਆਂ ਔਰਤਾਂ ਲਈ ਸਭ ਤੋਂ ਖ਼ਤਰਨਾਕ ਥਾਂ ਉਨ੍ਹਾਂ ਦਾ ਆਪਣਾ ਘਰ ਹੀ ਹੈ। ਰਿਪੋਰਟ 'ਚ ਸਭ ਤੋਂ ਜ਼ਿਆਦਾ ਦਿਲ ਦਹਿਲਾਉਣ ਦੀ ਗੱਲ ਇਹ ਹੈ ਕਿ ਔਰਤਾਂ ਦੀ ਆਪਣੇ ਕਰੀਬੀਆਂ ਜਾਂ ਆਪਣੇ ਹੀ ਲਾਈਫ ਪਾਰਟਨਰ ਵੱਲੋਂ ਕਤਲ ਕੀਤਾ ਜਾਂਦਾ ਹੈ।

ਪਿਛਲੇ ਸਾਲ ਦੇ ਅੰਕੜਿਆਂ ਮੁਤਾਬਕ ਔਰਤਾਂ ਦਾ ਕਤਲ ਕਰਨ 'ਚ ਸਭ ਤੋਂ ਜ਼ਿਆਦਾ ਹੱਥ ਉਨ੍ਹਾਂ ਦੇ ਪਰਿਵਾਰ ਤੇ ਪਾਰਟਨਰ ਦਾ ਹੁੰਦਾ ਹੈ। ਇਕ ਅੰਕੜੇ ਮੁਤਾਬਕ 87,000 ਦੇ ਕਰੀਬ ਮਾਰੀਆਂ ਗਈਆਂ ਔਰਤਾਂ ਦੇ ਕੇਸਾਂ 'ਚ ਕਰੀਬ



50,000 ਔਰਤਾਂ ਦਾ ਕਤਲ ਤਾਂ ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਜਾਂ ਪਾਰਟਨਰਾਂ ਵੱਲੋਂ ਹੀ ਕੀਤਾ ਗਿਆ ਹੈ।

ਸੰਨ 2017 'ਚ ਹੋਏ ਕਤਲਾਂ 'ਚ ਇੱਕ ਤਿਹਾਈ ਹੱਤਿਆਵਾਂ ਬੇਹੱਦ ਕਰੀਬੀਆਂ ਜਾਂ ਪ੍ਰੇਮੀਆਂ ਵੱਲੋਂ ਕੀਤੀ ਗਈਆਂ ਸੀ। ਇਸ ਤੋਂ ਇਲਾਵਾ ਹਰ ਦਿਨ 137 ਔਰਤਾਂ ਨੂੰ ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਨੇ ਮਾਰ ਦਿੱਤਾ ਸੀ। ਰਿਪੋਰਟ ਮੁਤਾਬਕ ਪਰਿਵਾਰ ਵਾਲੇ ਹਰ ਘੰਟੇ ਘੱਟੋ-ਘੱਟ 6 ਔਰਤਾਂ ਦਾ ਕਤਲ ਕਰਦੇ ਹਨ। ਇਨ੍ਹਾਂ ਦੇ ਪਿੱਛੇ ਘਰੇਲੂ ਹਿੰਸਾ, ਆਨਰ-ਕਿਲਿੰਗ, ਦਹੇਜ ਅਧਾਰਤ ਮਾਮਲੇ, ਡਰੱਗਸ ਜਾਂ ਮਾਨਵ-ਤਸਕਰੀ ਕਾਰਨ ਹੁੰਦੇ ਹਨ।

ਫਿਕਰ ਦੀ ਗੱਲ ਹੈ ਕੀ ਤਮਾਮ ਕਾਨੂੰਨ ਤੇ ਦੁਨੀਆ ਭਰ ਦੀਆਂ ਸਰਕਾਰਾਂ ਦੇ ਯਤਨਾਂ ਦੇ ਬਾਵਜੂਦ ਇਹ ਜ਼ੁਲਮ ਖ਼ਤਮ ਨਹੀਂ ਹੋ ਰਹੇ। ਇਸ ਰਿਪੋਰਟ ਨੂੰ ਔਰਤਾਂ ਖ਼ਿਲਾਫ ਹਿੰਸਾ ਖ਼ਤਮ ਕਰਨ ਲਈ ਜਾਰੀ ਕੀਤਾ ਗਿਆ ਹੈ।


A-ONE EXPRESS

ਸਾਨੂੰ ਤਜ਼ਰਬੇਕਾਰ ਡਰਾਈਵਰਾਂ ਅਤੇ ਓਨਰ ਅਪਰੇਟਰਾਂ ਦੀ ਲੋੜ ਹੈ

- ਲੰਬਾ ਸਮਾਂ ਕੰਮ ਕਰਨ ਵਾਲੇ ਡਰਾਈਵਰ ਵੀ ਟਰੇਂਡ ਕੀਤੇ ਜਾਂਦੇ ਹਨ
- ਕੈਲੀਫੋਰਨੀਆ ਤੋਂ ਮਿਡਵੈਸਟ, ਨਾਰਥ-ਈਸਟ, ਸਾਊਥ-ਈਸਟ
- ਸੌਖੇ ਲੋਡ, ਚੰਗੇ ਪੈਸੇ ਅਤੇ ਤਨਖ਼ਾਹ ਸਮੇਂ ਸਿਰ
- 50% ਹੁੱਕ ਡਰਾਪ
- ਨਵੇਂ 2015, 2016 ਅਤੇ 2017 ਮਾਡਲ ਦੇ ਟਰੱਕ ਚਲਾਓ, ਬਰੇਕ ਡਾਊਨ ਤੋਂ ਬਚੋ ਤੇ ਚੰਗੇ ਪੈਸੇ ਕਮਾਓ
- Excellent Payment
- Easy Aboard ELD Logbook



MC NO. # 464630

6120 Faith Home Rd Ceres, CA 95307

TAX ID #32-0065398

ਹੋਰ ਜਾਣਕਾਰੀ ਲਈ ਮਨਜੀਤ ਸਿੰਘ ਜਾਂ ਸੰਦੀਪ ਸਿੰਘ ਨਾਲ ਹੇਠ ਲਿਖੇ ਨੰਬਰਾਂ 'ਤੇ ਸੰਪਰਕ ਕਰੋ

TOLL FREE 888.725.7441 OFFICE : 209.537.0975 FAX : 209.537.0375

# ਪੰਜਾਬੀ ਮਾਂ ਬੋਲੀ ਸਬੰਧੀ ਵਫ਼ਦ ਪੰਜਾਬ ਦੇ ਰਾਜਪਾਲ ਨੂੰ ਮਿਲਿਆ

## *ਭਾਰਤੀ ਸਟੇਟ ਘੱਟ-ਗਿਣਤੀ ਨੌਜਵਾਨਾਂ ਨੂੰ ਨਿਸ਼ਾਨਾ ਬਣਾਉਣਾ ਬੰਦ ਕਰੇ : ਲੱਖਾ ਸਿਧਾਣਾ*



ਪੰਜਾਬੀ ਮਾਂ ਬੋਲੀ ਸਤਿਕਾਰ ਕਾਰਵਾਈ ਜਥੇਬੰਦੀ ਦੇ ਮੈਂਬਰ ਪੰਜਾਬ ਦੇ ਰਾਜਪਾਲ ਸ਼੍ਰੀ ਬਦਨੌਰ ਨੂੰ ਮੰਗ ਪੱਤਰ ਦਿੰਦੇ ਹੋਏ।

### ਭਾਰਤੀ ਮੀਡੀਆ ਵੱਲੋਂ 'ਸਿੱਖ ਅੱਤਵਾਦੀ' ਸ਼ਬਦ ਵਰਤਣ 'ਤੇ ਪਾਬੰਦੀ ਲੱਗੇ : ਕੋਟਭਾਰਾ

**ਚੰਡੀਗੜ੍ਹ/ਬਿਊਰੋ ਨਿਊਜ਼ :** ਪੰਜਾਬੀ ਮਾਂ ਬੋਲੀ ਸਤਿਕਾਰ ਕਾਰਵਾਈ ਜਥੇਬੰਦੀ ਪੰਜਾਬ ਦਾ ਇਕ ਵਫ਼ਦ ਪੰਜਾਬ ਦੇ ਰਾਜਪਾਲ ਨੂੰ ਰਾਜ ਭਵਨ ਚੰਡੀਗੜ੍ਹ ਵਿਚ ਮਿਲਿਆ। ਰਾਜਪਾਲ ਸ਼੍ਰੀ ਵੀਪੀ. ਸਿੰਘ ਬਦਨੌਰ ਨੇ ਪੰਜਾਬੀ ਸਬੰਧੀ ਸਾਰੀਆਂ ਮੰਗਾਂ ਮੰਨਣ ਦਾ ਅਤੇ ਪੰਜਾਬ ਨਾਲ ਸਬੰਧਤ ਬਾਕੀ ਮਸਲਿਆਂ ਨੂੰ ਸਬੰਧਤ ਸਰਕਾਰਾਂ ਤੱਕ ਪੁੱਜਦਾ ਕਰਨ ਦਾ ਵਾਅਦਾ ਕੀਤਾ। ਇਸ ਵਫ਼ਦ ਵਿੱਚ ਬਾਬਾ ਹਰਦੀਪ ਸਿੰਘ ਮਹਿਰਾਜ, ਭਾਈ ਹਰਪਾਲ ਸਿੰਘ ਚੀਮਾ, ਲਖਵੀਰ ਸਿੰਘ ਲੱਖਾ ਸਿਧਾਣਾ, ਬਲਜਿੰਦਰ ਸਿੰਘ ਕੋਟਭਾਰਾ, ਪੱਤਰਕਾਰ ਮੇਜਰ ਸਿੰਘ ਤੇ ਸੈਕੀ ਸਿੰਗਲਾ ਸ਼ਾਮਲ ਸਨ।

ਵਫ਼ਦ ਨੇ ਰਾਜਪਾਲ ਸ੍ਰੀ ਬਦਨੌਰ ਨੂੰ ਪੰਜਾਬੀ ਮਾਂ ਬੋਲੀ, ਪੰਜਾਬ ਦੇ ਦਰਿਆਈ ਪਾਣੀਆਂ, ਚੰਡੀਗੜ੍ਹ, ਭਾਰਤੀ ਮੀਡੀਆ ਵੱਲੋਂ ਸਿੱਖਾਂ ਲਈ 'ਸਿੱਖ ਅੱਤਵਾਦੀ' ਸ਼ਬਦ ਵਰਤਣ 'ਤੇ ਇਤਰਾਜ਼, ਭਾਰਤੀ ਸਟੇਟ ਵੱਲੋਂ ਘੱਟ ਗਿਣਤੀ ਨੌਜਵਾਨਾਂ ਨੂੰ ਨਿਸ਼ਾਨਾ ਬਣਾਉਣ ਵਿਰੁੱਧ ਤੇ ਪੰਜਾਬ ਨਾਲ ਸਬੰਧਤ ਹੋਰ ਮੰਗਾਂ ਮਸਲਿਆਂ ਨੂੰ ਵਿਸਥਾਰ ਨਾਲ ਸਾਂਝੇ ਕਰਦਿਆਂ ਲੰਮੇ ਸਮੇਂ ਤੋਂ ਜਾਣਬੁੱਝ ਕੇ ਲਮਕਾਉਣ ਦਾ ਰੋਸ ਵੀ ਪ੍ਰਗਟ ਕੀਤਾ। ਪੰਜਾਬ ਵਿੱਚ ਪੰਜਾਬੀ ਮਾਂ ਬੋਲੀ ਨੂੰ ਸਾਰੇ ਦਫ਼ਤਰਾਂ, ਜਨਤਕ ਥਾਵਾਂ, ਬੈਂਕਾਂ, ਅਦਾਲਤਾਂ ਵਿਦਿਅਕ ਅਦਾਰਿਆਂ ਤੇ ਹੋਰ ਸਬੰਧਤ ਥਾਵਾਂ 'ਤੇ ਅਮਲੀ ਰੂਪ ਵਿਚ ਲਾਗੂ ਕਰਵਾਉਣ, ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਵਿੱਚ ਪੰਜਾਬੀ, ਸਿੱਖ ਇਤਿਹਾਸ ਤੇ ਸਿੱਖ ਧਰਮ ਸਬੰਧੀ ਕੋਰਸ ਸ਼ੁਰੂ ਕਰਨ ਅਤੇ ਪੰਜਾਬ ਯੂਨੀਵਰਸਿਟੀ ਵਿੱਚ ਸਿਰਮੌਰ ਪੰਜਾਬੀ ਲੇਖਕ ਗਿਆਨੀ ਦਿੱਤ ਸਿੰਘ ਤੇ ਸੰਸਾਰ ਦੇ ਮਹਾਨ ਸਿੱਖ ਜਰਨੈਲ ਹਰੀ ਸਿੰਘ ਨਲੂਆਂ ਦੇ ਨਾਂ 'ਤੇ ਚੇਅਰਜ਼ ਸਥਾਪਤ ਕਰਨ ਲਈ ਵੀ ਕਿਹਾ ਗਿਆ। ਵਫ਼ਦ ਦੇ ਮੈਂਬਰਾਂ ਨੇ ਚੰਡੀਗੜ੍ਹ ਤੋਂ ਪੰਜਾਬ ਦਾ ਅਧਿਕਾਰ ਖ਼ਤਮ ਕਰਨ 'ਤੇ ਰੋਸ ਪ੍ਰਗਟ ਕਰਦਿਆ ਕਿਹਾ ਕਿ ਚੰਡੀਗੜ੍ਹ ਦੀ ਸਥਾਪਨਾ ਲਈ ਪੰਜਾਬ ਦੇ ਹੀ 28 ਪਿੰਡਾਂ ਨੂੰ ਉਜਾੜਿਆ ਗਿਆ ਸੀ ਪਰ ਇੱਕ ਸੋਚੀ-ਸਮਝੀ ਸਾਜਿਸ਼ ਤਹਿਤ ਪਹਿਲਾਂ ਚੰਡੀਗੜ੍ਹ ਨੂੰ ਪੰਜਾਬ ਤੋਂ ਵੱਖ ਕੀਤਾ ਤੇ ਫਿਰ ਸਾਜਿਸ਼ ਤਹਿਤ ਚੰਡੀਗੜ੍ਹ ਵਿੱਚੋਂ ਪੰਜਾਬੀ ਭਾਸ਼ਾ ਖ਼ਤਮ ਕਰਕੇ, ਇਸ ਨੂੰ ਗੈਰ-ਪੰਜਾਬੀ ਸ਼ਹਿਰ ਬਣਾ ਦਿੱਤਾ। ਘੱਟ ਗਿਣਤੀ ਮੁਸਲਿਮ ਤੇ ਸਿੱਖ ਨੌਜਵਾਨਾਂ ਨੂੰ ਅੱਤਵਾਦੀ ਕਰਾਰ ਦੇ ਕੇ ਤਸ਼ੱਦਦ ਢਾਹੁਣ, ਜੇਲ੍ਹਾਂ ਵਿੱਚ ਸੁੱਟਣ 'ਤੇ ਰੋਸ ਪ੍ਰਗਟ ਕਰਦਿਆ ਭਵਿੱਖ ਵਿੱਚ ਅਜਿਹਾ ਤੁਰੰਤ ਬੰਦ ਕਰਨ ਦੀ ਬੇਨਤੀ ਕੀਤੀ ਗਈ। ਸਿੱਖਾਂ ਵੱਲੋਂ ਲੋਕਤੰਤਰੀ ਢੰਗ ਨਾਲ ਚਲਾਏ ਜਾ ਰਹੇ 'ਬਰਗਾੜੀ ਇਨਸਾਫ਼ ਮੋਰਚੇ' ਦੀਆਂ ਤਿੰਨੇ ਮੰਗਾਂ ਤੁਰੰਤ ਮੰਨਣ ਦੀ ਮੰਗ ਸਮੇਤ ਪੰਜਾਬ ਦੇ ਗੈਰ ਸਰਕਾਰੀ ਸਕੂਲਾਂ ਵਿੱਚ ਪੰਜਾਬੀ ਮਾਂ ਬੋਲੀ ਬੋਲਣ 'ਤੇ ਜੁਰਮਾਨਾ ਲਗਾਉਣ ਵਾਲੇ ਸਕੂਲ ਪ੍ਰਬੰਧਕਾਂ ਵਿਰੁੱਧ ਕਾਰਵਾਈ ਕਰਨ ਲਈ ਵੀ ਕਿਹਾ ਗਿਆ। ਇਸੇ ਤਰ੍ਹਾਂ ਵਫਦ ਨੇ ਭਾਰਤ ਦੇ ਹਿੰਦੂਵਾਦੀ ਮੀਡੀਆ ਵੱਲੋਂ ਜਾਣਬੁੱਝ ਕੇ ਇੱਕ ਸਾਜਿਸ਼ ਤਹਿਤ ਸਿੱਖਾਂ ਨੂੰ ਕੌਮੀ ਤੇ ਕੌਮਾਂਤਰੀ ਪੱਧਰ 'ਤੇ 'ਸਿੱਖ ਅੱਤਵਾਦੀ' ਕਹਿ ਕੇ ਬਦਨਾਮ ਕੀਤੇ ਜਾਣ 'ਤੇ ਰੋਸ ਪ੍ਰਗਟ ਕਰਦਿਆਂ ਕਿਹਾ ਕਿ ਮੀਡੀਆ ਨੂੰ ਕੋਈ ਅਧਿਕਾਰ ਨਹੀਂ ਕਿ ਪੂਰੀ ਕੌਮ ਨੂੰ ਅੱਤਵਾਦੀ ਕਰਾਰ ਦੇਵੇ। 'ਆਜ਼ਾਦੀ' ਵੇਲੇ ਸਿੱਖਾਂ ਨੇ 85 ਪ੍ਰਤੀਸ਼ਤ ਕੁਰਬਾਨੀਆਂ ਦਿੱਤੀਆਂ। ਰਾਜਪਾਲ ਸ਼੍ਰੀ ਬਦਨੌਰ ਨੇ ਵੀ ਮੰਨਿਆ ਕਿ ਮੀਡੀਆ ਵੱਲੋਂ ਸਿੱਖਾਂ ਲਈ 'ਸਿੱਖ ਅੱਤਵਾਦੀ' ਸ਼ਬਦ ਦੀ ਵਰਤੋਂ ਕਰਨਾ ਗਲਤ ਹੈ। ਰਾਜਪਾਲ ਨੇ ਵਫ਼ਦ ਨਾਲ ਖੁੱਲ ਕੇ ਕੀਤੇ ਵਿਚਾਰ ਵਟਾਂਦਰੇ ਦੌਰਾਨ ਸਾਰੀਆਂ ਮੰਗਾਂ ਮਸਲਿਆਂ ਨੂੰ ਵੱਖ ਵੱਖ ਵਿਭਾਗਾਂ ਤੇ ਸਰਕਾਰਾਂ ਤੱਕ ਪੁੱਜਦਾ ਕਰਨ ਦਾ ਵਾਅਦਾ ਕੀਤਾ।

ਜ਼ਿਕਰਯੋਗ ਹੈ ਕਿ ਪੰਜਾਬੀ ਮਾਂ ਬੋਲੀ ਸਤਿਕਾਰ ਕਾਰਵਾਈ ਜਥੇਬੰਦੀ, ਪੰਜਾਬ ਵੱਲੋਂ ਪੰਜਾਬ ਦਿਵਸ ਮੌਕੇ 1 ਨਵੰਬਰ ਨੂੰ ਪੰਜਾਬ ਦੇ ਰਾਜਪਾਲ ਮਿਲਣ ਦੇ ਯਤਨ ਕੀਤੇ ਗਏ ਸਨ ਪਰ ਚੰਡੀਗੜ੍ਹ ਪ੍ਰਸਾਸ਼ਨ ਨੇ ਗੱਲਬਾਤ ਸੁਣਨ ਦੀ ਬਜਾਏ ਠੰਡੇ ਪਾਣੀ ਦੀਆਂ ਬੁਛਾੜਾਂ ਤੇ ਡਾਂਗਾਂ ਮਾਰੀਆਂ ਗਈਆਂ ਸਨ। ਇਸ ਤੋਂ ਬਾਅਦ ਜਥੇਬੰਦੀ ਨੇ ਸਾਰਾ ਇਤਰਾਜ਼ ਲਿਖਤੀ ਰੂਪ ਵਿੱਚ ਪੰਜਾਬ ਦੇ ਰਾਜਪਾਲ ਭੇਜਿਆ ਸੀ ਜਿਸ 'ਤੇ ਪ੍ਰਸਾਸ਼ਨ ਨੇ ਵਫ਼ਦ ਨੂੰ ਮਿਲਣ ਦਾ ਸੱਦਾ ਦਿੱਤਾ ਸੀ।

## ਬਿਕਰਮਜੀਤ ਸਿੰਘ ਮੁੜ 8 ਦਿਨ ਦੇ ਪੁਲਿਸ ਰਿਮਾਂਡ 'ਤੇ

**ਅਜਨਾਲਾ/ਬਿਊਰੋ ਨਿਊਜ਼ :**
ਪਿੰਡ ਅਦਲੀਵਾਲਾ ਨੇੜੇ ਸਥਿਤ ਨਿਰੰਕਾਰੀ ਭਵਨ 'ਚ ਹੋਏ ਗ੍ਰਨੇਡ ਹਮਲੇ ਦੇ ਮਾਮਲੇ 'ਚ ਗ੍ਰਿਫ਼ਤਾਰ ਕੀਤੇ ਬਿਕਰਮਜੀਤ ਸਿੰਘ ਨੂੰ ਅਦਾਲਤ ਵਲੋਂ ਦੁਬਾਰਾ 8 ਦਿਨ ਦੇ ਪੁਲਿਸ ਰਿਮਾਂਡ 'ਤੇ ਭੇਜ ਦਿੱਤਾ ਗਿਆ ਹੈ। ਬਿਕਰਮਜੀਤ ਪੁੱਤਰ ਸੁਖਵਿੰਦਰ ਸਿੰਘ ਧਾਰੀਵਾਲ ਦਾ ਪੁਲਿਸ ਰਿਮਾਂਡ ਖ਼ਤਮ ਹੋਣ ਉਪਰੰਤ ਭਾਰੀ ਸੁਰੱਖਿਆ ਪ੍ਰਬੰਧਾਂ ਹੇਠ ਮੁੜ ਅਜਨਾਲਾ ਅਦਾਲਤ 'ਚ ਪੇਸ਼ ਕੀਤਾ ਗਿਆ ਸੀ। ਭਾਰੀ ਪੁਲਿਸ ਫੋਰਸ ਸਮੇਤ ਅਦਾਲਤ 'ਚ ਪੁੱਜੇ ਪੁਲਿਸ ਜ਼ਿਲ੍ਹਾ ਅੰਮ੍ਰਿਤਸਰ ਦਿਹਾਤੀ ਦੇ ਐਸਪੀਡੀ. ਹਰਪਾਲ ਸਿੰਘ ਨੇ ਦੱਸਿਆ ਕਿ ਜੁਡੀਸ਼ੀਅਲ ਮੈਜਿਸਟ੍ਰੇਟ ਵਲੋਂ ਪੁਲਿਸ ਦੀਆਂ ਦਲੀਲਾਂ ਨੂੰ ਸੁਣਨ ਤੋਂ ਬਾਅਦ ਬਿਕਰਮਜੀਤ ਸਿੰਘ ਨੂੰ ਮੁੜ 8 ਦਿਨ ਦੇ ਪੁਲਿਸ ਰਿਮਾਂਡ 'ਤੇ ਭੇਜ ਦਿੱਤਾ ਗਿਆ ਹੈ। ਉਨ੍ਹਾਂ ਇਹ ਵੀ ਦੱਸਿਆ ਕਿ ਬਿਕਰਮਜੀਤ ਸਿੰਘ ਕੋਲੋਂ ਪੁਲਿਸ ਕਾਫੀ ਅਹਿਮ ਸੁਰਾਗ ਮਿਲ ਰਹੇ ਹਨ।

## ਕਾਮੇਡੀਅਨ ਕਪਿਲ ਸ਼ਰਮਾ ਦਾ ਵਿਆਹ 12 ਦਸੰਬਰ ਨੂੰ

**ਨਵੀਂ ਦਿੱਲੀ/ਬਿਊਰੋ ਨਿਊਜ਼ :** ਪ੍ਰਸਿੱਧ ਕਾਮੇਡੀਅਨ ਤੇ ਬਾਲੀਵੁੱਡ ਅਦਾਕਾਰ ਕਪਿਲ ਸ਼ਰਮਾ ਦੇ ਵਿਆਹ ਦੀ ਤਰੀਕ



ਦਾ ਖੁਲਾਸਾ ਹੋ ਗਿਆ ਹੈ। ਕਪਿਲ ਸ਼ਰਮਾ ਨੇ ਖੁਦ ਹੀ ਸੋਸ਼ਲ ਮੀਡੀਆ 'ਤੇ ਆਪਣੀ ਦੋਸਤ ਗਿਨੀ ਚਤਰਥ ਨਾਲ 12 ਦਸੰਬਰ ਨੂੰ ਵਿਆਹ ਕਰਨ ਦਾ ਐਲਾਨ ਕਰ ਦਿੱਤਾ ਹੈ।

ਉਨ੍ਹਾਂ ਆਪਣੇ ਵਿਆਹ ਦਾ ਕਾਰਡ ਸੋਸ਼ਲ ਮੀਡੀਆ 'ਤੇ ਸ਼ੇਅਰ ਕਰ ਦਿੱਤਾ ਹੈ, ਜਿਸ 'ਤੇ ਲਿਖਿਆ ਹੈ ਕਿ ਆਪਣੇ ਮਾਤਾ-ਪਿਤਾ ਦੇ ਅਸ਼ੀਰਵਾਦ ਤੇ ਕਾਫੀ ਪ੍ਰਸੰਨਤਾ ਨਾਲ ਤੁਹਾਨੂੰ ਦੱਸਦੇ ਹੋਏ ਬਹੁਤ ਖੁਸ਼ੀ ਹੋ ਰਹੀ ਹੈ ਕਿ ਮੈਂ ਤੇ ਗਿਨੀ 12 ਦਸੰਬਰ, 2018 ਨੂੰ ਇਕ ਨਵੇਂ ਸਫ਼ਰ ਦੀ ਸ਼ੁਰੂਆਤ ਕਰਨ ਜਾ ਰਹੇ ਹਾਂ।






Corporate Office
4127 Bay Street, Suite 8
Fremont, CA 94538
Email: asrtimes@gmail.com

ਵਧੇਰੇ ਜਾਣਕਾਰੀ ਤੇ ਖ਼ਬਰਾਂ ਲਈ ਸੰਪਰਕ
Tel: (510) 240-5949 • Fax: (888) 323-6950
ਐਡਵਰਟਾਈਜ਼ਮੈਂਟ ਲਈ ਸੰਪਰਕ
(408) 457-6157 • (510) 677-2777 Jai Singh

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ 'ਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ।
*The opinions expressed in this newspaper donot necessarily represent the views or opinions of the staff or employees of Quomantry Amritsar times. *All Disputes must be Handled in Santa Clara Superior Court.

# ਨਿਰੰਕਾਰੀ ਧਮਾਕਾ ਕੇਸ ਵਿਚ ਸਿੱਖ ਨੌਜਵਾਨਾਂ ਦੀਆਂ ਗ੍ਰਿਫਤਾਰੀਆਂ ਸ਼ੱਕ ਦੇ ਘੇਰੇ 'ਚ ਆਈਆਂ

## • ਸਰਕਾਰੀ ਥਿਊਰੀ ਉਤੇ ਕੋਈ ਨਹੀਂ ਕਰ ਰਿਹਾ ਵਿਸ਼ਵਾਸ • ਬੰਬ ਧਮਾਕਾ ਸਰਕਾਰੀ ਏਜੰਸੀਆਂ ਨੇ ਕਰਵਾਇਐ : ਬੈਂਸ

**ਅੰਮ੍ਰਿਤਸਰ/ਬਿਊਰੋ ਨਿਊਜ਼ :**
ਪੰਜਾਬ ਵਿਚ ਅੰਮ੍ਰਿਤਸਰ ਨੇੜੇ ਅਦਲੀਵਾਲ ਵਿਖੇ ਨਿਰੰਕਾਰੀ ਸਮਾਗਮ ਦੌਰਾਨ ਵਾਪਰੀ ਬੰਬ ਧਮਾਕੇ ਵਾਲੀ ਹਿੰਸਕ ਘਟਨਾ ਹਰ ਪੰਜਾਬੀ ਲਈ ਚਿੰਤਾ ਤੇ ਚਿੰਤਨ ਦਾ ਵਿਸ਼ਾ ਬਣੀ ਹੋਈ ਹੈ।ਖਬਰ ਦਾ ਸਾਰ ਦੱਸਦਾ ਹੈ ਕਿ ਸਤਿਸੰਗ ਭਵਨ ਦੇ ਅੰਦਰ ਜਦੋਂ ਨਿੰਰਕਾਰੀ ਸਮੂਹ ਬੈਠੇ ਹੋਏ ਸਨ ਤੇ ਉਨ੍ਹਾਂ ਦਾ ਪ੍ਰੋਗਰਾਮ ਚੱਲ ਰਿਹਾ ਸੀ, ਤਾਂ ਅਚਾਨਕ ਦੋ ਮੋਟਰਸਾਈਕਲ ਸਵਾਰ ਭਵਨ ਵਿਚ ਜ਼ਬਰਦਸਤੀ ਗਏ ਅਤੇ ਗਰਨੇਡ ਸੁੱਟ ਕੇ ਨਿਕਲ ਗਏ। ਇਸ ਘਟਨਾ ਵਿਚ ਤਿੰਨ ਜਣਿਆਂ ਦੀ ਮੌਤ ਹੋ ਗਈ ਅਤੇ ਕਰੀਬ ਦਸ ਕੁ ਜਣੇ ਹੋਰ ਸਖਤ ਜ਼ਖਮੀ ਹੋਏ। ਇਹ ਸਾਰੀ ਘਟਨਾ ਦੁਖਦਾਈ ਹੈ। ਕੁਝ ਫਿਰਕੂ ਲੋਕ ਤੇ ਫਿਰਕੂ ਮੀਡੀਆ ਇਸ ਘਟਨਾ ਨੂੰ ਚਾਲੀ ਸਾਲ ਪਹਿਲਾਂ ਅੰਮ੍ਰਿਤਸਰ ਵਿਚ ਸਿੱਖਾਂ ਦੇ ਕੁਝ ਸੰਗਠਨਾਂ ਅਤੇ ਨਿਰੰਕਾਰੀ ਮੱਤ ਦੇ ਪੈਰੋਕਾਰਾਂ ਦੇ ਝਗੜੇ ਨਾਲ ਮੇਲ ਕੇ ਪੇਸ਼ ਕਰ ਰਹੇ ਹਨ। ਅਸਲ ਵਿਚ ਇਹ ਸਾਰੀ ਘਟਨਾ ਹੀ ਸ਼ੱਕੀ ਜਾਪਦੀ ਹੈ। ਬੀਤੇ ਵਿਚ ਸਿੱਖਾਂ ਤੇ ਨਿਰੰਕਾਰੀਆਂ, ਦੋਵਾਂ ਧਿਰਾਂ ਵਿਚ ਕਈ ਮੱਤਭੇਦ ਹੋਣ ਕਾਰਨ ਪਹਿਲਾਂ ਤੋਂ ਟਕਰਾਅ ਵਾਲੀ ਸਥਿਤੀ ਸੀ ਤੇ ਨਿਰੰਕਾਰੀਆਂ ਦਾ ਸਮਾਗਮ ਰੋਕਣ ਦਾ ਐਲਾਨ ਕਰ ਕੇ ਪੰਥਕ ਧਿਰ ਉਸ ਪਾਸੇ ਗਈ ਸੀ, ਜਿੱਥੇ ਸਤਾਰਾਂ ਸਿੰਘ ਸ਼ਹੀਦ ਕੀਤੇ ਗਏ ਸਨ। ਯਾਦ ਰਹੇ ਕਿ ਬਾਅਦ ਵਿਚ ਨਿੰਰਕਾਰੀ ਮੁਖੀ ਗੁਰਬਚਨ ਸਿੰਘ ਦਾ ਵੀ ਕਤਲ ਕਰ ਦਿੱਤਾ ਗਿਆ ਸੀ। ਉਸ ਸਮੇਂ ਤੋਂ ਬਾਅਦ ਫਿਰ ਕਦੇ ਸਿੱਖਾਂ ਤੇ ਨਿੰਰਕਾਰੀਆਂ ਵਿਚ ਤਣਾਅ ਨਹੀਂ ਹੋਇਆ ਸੀ। ਹੁਣ ਵੀ ਟਕਰਾਅ ਵਾਲੀ ਸਥਿਤੀ ਨਹੀਂ ਸੀ ਤੇ ਨਾ ਹੀ ਸਿੱਖਾਂ ਨੇ ਕਦੇ ਨਿੰਰਕਾਰੀ ਸਮਾਗਮ ਰੋਕਿਆ ਹੈ । ਇਹੀ ਕਾਰਨ ਹੈ ਕਿ ਸਿੱਖਾਂ ਨੂੰ ਵਿਸ਼ਵਾਸ ਨਹੀਂ ਹੋ ਰਿਹਾ ਕਿ ਇਹ ਘਟਨਾ ਖਾੜਕੂ ਸਿੱਖ ਧਿਰਾਂ ਨੇ ਕੀਤੀ ਹੈ। ਉਹ ਸਮਝ ਰਹੇ ਹਨ ਇਹ ਸਿਆਸੀ ਸਾਜਿਸ਼ ਹੈ। ਜੋ ਸਿੱਖ ਨੌਜਵਾਨ ਗ੍ਰਿਫਤਾਰ ਕਰਕੇ ਦੋਸ਼ੀ ਠਹਿਰਾਏ ਗਏ ਹਨ,ਇਸ ਪਿੱਛੇ ਕੁਰਸੀ ਤੇ ਸਿਆਸਤ ਦਾ ਚੱਕਰ ਜਾਪ ਰਿਹਾ ਹੈ। ਪੰਜਾਬ ਦੇ ਆਮ ਆਦਮੀ ਪਾਰਟੀ ਦੇ ਵਿਧਾਇਕ ਹਰਵਿੰਦਰ ਸਿੰਘ ਫੂਲਕਾ, ਬੈਂਸ ਭਰਾਵਾਂ ਤੇ ਸੁਖਪਾਲ ਸਿੰਘ ਖਹਿਰਾ ਨੇ ਵੀ ਅਜਿਹੇ ਦੋਸ਼ ਲਗਾਏ ਹਨ। ਲੋਕ ਇਨਸਾਫ ਪਾਰਟੀ ਦੇ ਪ੍ਰਧਾਨ ਸਿਮਰਜੀਤ ਸਿੰਘ ਬੈਂਸ ਨੇ ਕਿਹਾ ਹੈ ਕਿ ਇਹ ਬੰਬ ਬਲਾਸਟ ਸਰਕਾਰੀ ਏਜੰਸੀਆਂ ਨੇ ਕਰਵਾਇਆ ਹੈ ਤਾਂ ਕਿ ਉਹ ਸੰਨ 20 19 ਦੀਆਂ ਵੋਟਾਂ ਦੌਰਾਨ ਲੋਕਾਂ ਨੂੰ ਡਰਾ ਕੇ ਕਾਂਗਰਸ ਦੇ ਹੱਕ ਵਿਚ ਕੀਤਾ ਜਾ ਸਕੇ। ਬੈਂਸ ਅਨੁਸਾਰ ਸਭ ਤੋਂ ਵੱਡਾ ਨਿਸ਼ਾਨਾ ਵਪਾਰੀਆਂ ਨੂੰ ਬਣਾਇਆ ਜਾ ਰਿਹਾ ਹੈ ਜਿਨ੍ਹਾਂ ਨੂੰ ਇਹ ਮਹਿਸੂਸ ਕਰਵਾਇਆ ਜਾ ਰਿਹਾ ਹੈ ਕਿ ਉਹ ਸਿਰਫ ਕਾਂਗਰਸ ਰਾਜ ਵਿਚ ਹੀ ਸੁਰੱਖਿਅਤ ਰਹਿਣਗੇ। ਉਨ੍ਹਾਂ ਕਿਹਾ ਕਿ ਇਹ ਕੋਈ ਪਹਿਲਾ ਮੌਕਾ ਨਹੀਂ ਹੈ, ਜਦੋਂ ਅਜਿਹਾ ਬੰਬ ਧਮਾਕਾ ਕਰਵਾਇਆ ਗਿਆ ਹੋਵੇ। ਇਸ ਤੋਂ ਪਹਿਲਾਂ ਸਾਲ 2017 ਦੀਆਂ ਵਿਧਾਨ ਸਭਾ ਚੋਣਾਂ ਦੌਰਾਨ ਵੀ ਇਹ ਸਭ ਕਰਵਾਇਆ ਗਿਆ ਸੀ ਤਾਂ ਕਿ ਵੋਟਰਾਂ ਨੂੰ ਡਰਾ ਕੇ ਕਿਸੇ ਖਾਸ ਧਿਰ ਦੇ ਹੱਕ ਵਿਚ ਭੁਗਤਾਇਆ ਜਾ ਸਕੇ। ਸਿਮਰਜੀਤ ਸਿੰਘ ਬੈਂਸ ਨੇ ਸਵਾਲ ਉਠਾਇਆ ਕਿ ਬੇਅਦਬੀ, ਬਹਿਬਲ ਕਲਾਂ ਅਤੇ ਬਰਗਾੜੀ ਗੋਲੀਕਾਂਡ ਦੇ ਦੋਸ਼ੀ ਅਜੇ ਤੱਕ ਫੜੇ ਨਹੀਂ ਗਏ, ਮਾਤਾ ਚੰਦ ਕੌਰ ਕਤਲ ਕੇਸ ਦੀ ਗੁੱਥੀ ਅਜੇ ਸੁਲਝਾਈ ਨਹੀਂ ਜਾ ਸਕੀ ਤਾਂ ਫਿਰ ਇਸ ਬੰਬ ਧਮਾਕੇ ਦੇ ਦੋਸ਼ੀਆਂ ਨੂੰ ਇੱਕ ਦਿਨ ਬਾਅਦ ਹੀ ਕਿਵੇਂ ਫੜ ਲਿਆ ਗਿਆ ? ਇਸ ਤੋਂ ਸ਼ੱਕ ਪੈਦਾ ਹੁੰਦਾ ਹੈ ਕਿ ਇਹ ਸਾਰਾ ਕੰਮ ਸਰਕਾਰੀ ਏਜੰਸੀਆਂ ਨੇ ਸਰਕਾਰ ਦੇ ਇਸ਼ਾਰੇ ਉਤੇ ਹੀ ਕੀਤਾ ਹੈ। ਉਨ੍ਹਾਂ ਦਾਅਵਾ ਕੀਤਾ ਕਿ ਇਹ ਫੜੇ ਗਏ ਦੋਵੇਂ ਨੌਜਵਾਨ ਨਿਰਦੋਸ਼ ਹਨ। ਮੀਡੀਆ ਦੇ ਇਕ ਧੜੇ ਵੱਲੋਂ ਕੂੜ ਤੋਲਣ ਵਿਚ ਨਿਭਾਈ ਜਾ ਰਹੀ ਭੂਮਿਕਾ ਅਤੇ ਚੋਣਾਂ ਆਉਣ ਤੋਂ ਪਹਿਲਾਂ ਹੀ ਅਜਿਹੇ ਧਮਾਕੇ ਕਿਉਂ ਹੁੰਦੇ ਹਨ, ਹਰ ਪੰਜਾਬੀ ਦੀ ਸੋਚ ਨੂੰ ਝੰਜੋੜ ਰਹੇ ਹਨ। ਪਹਿਲਾਂ ਬਰਗਾੜੀ ਮੋਰਚੇ ਉਤੇ ਕਿੰਤੂ ਕੀਤਾ ਗਿਆ, ਫਿਰ ਇਹ ਸਭ ਵਾਪਰਿਆ। ਮੌੜ ਬੰਬ ਧਮਾਕੇ ਦੇ ਦੋਸ਼ੀ ਅਜੇ ਤਕ ਨਹੀਂ ਮਿਲੇ। ਉਸ ਦੀ ਜਾਂਚ ਦਾ ਕੀ ਬਣਿਆ ਇਹ ਵੀ ਕੁਝ ਪਤਾ ਨਹੀਂ ਲੱਗਿਆ ਹੈ। ਇੰਝ ਲਗਦਾ ਹੈ ਕਿ ਰਾਜਨੀਤਕ ਲੋਕਾਂ ਅਗੇ ਕਨੂੰਨ ਬੌਣਾ ਹੋ ਗਿਆ ਹੈ। ਹੈਰਾਨੀ ਹੈ ਕਿ ਸਿਰਫ ਸਿੱਖ ਨੌਜਵਾਨਾਂ ਦੀ ਹੀ ਫੜ-ਫੜਾਈ ਹੋ ਰਹੀ ਹੈ।ਕਾਤਲ ਕੌਣ ਹਨ, ਇਸ ਦੇ ਪੁਖਤਾ ਸਬੂਤ ਨਹੀਂ, ਫਿਰ ਅਜਿਹਾ ਵਰਤਾਰਾ ਕਿਉਂ ? ਮਨੁੱਖੀ ਅਧਿਕਾਰਾਂ ਦੀ ਉਲੰਘਣਾ ਕਿਉਂ ?



ਬਿਕਰਮਜੀਤ ਸਿੰਘ (ਖੱਬੇ) ਅਤੇ ਅਵਤਾਰ ਸਿੰਘ (ਸੱਜੇ)

### ਬਿਕਰਮਜੀਤ ਸਿੰਘ ਦੇ ਪਰਿਵਾਰ ਦਾ ਕੀ ਕਹਿਣਾ ਹੈ ?

ਪਿੰਡ ਧਾਰੀਵਾਲ ਦੇ ਬਿਕਰਮਜੀਤ ਸਿੰਘ ਦੀ ਮਾਤਾ ਮੁਤਾਬਕ ਉਨ੍ਹਾਂ ਦੇ ਮੁੰਡੇ ਨੂੰ ਝੂਠਾ ਫ਼ਸਾ ਦਿੱਤਾ ਗਿਆ ਹੈ।26 ਸਾਲਾ ਬਿਕਰਮਜੀਤ ਸਿੰਘ ਦੇ ਪਿਤਾ ਸੁਖਵਿੰਦਰ ਸਿੰਘ ਦੀ ਮੌਤ ਹੋ ਗਈ ਸੀ, ਜਦੋਂ ਉਹ ਪੰਜ ਸਾਲ ਦਾ ਸੀ। ਇਸ ਲਈ ਪਰਿਵਾਰ ਦੀ ਜ਼ਿੰਮੇਵਾਰੀ ਕਾਰਨ ਉਹ ਹਾਇਰ ਸੈਕੰਡਰੀ ਕਰਨ ਤੋਂ ਬਾਅਦ ਖੇਤੀਬਾੜੀ ਕਰਨ ਲੱਗ ਪਿਆ।ਉਸ ਦਾ ਛੋਟਾ ਭਰਾ ਗੁਰਸ਼ੇਰ ਸਿੰਘ ਸਟੱਡੀ ਵੀਜ਼ੇ ਦੇ ਆਧਾਰ ਉਤੇ ਕੈਨੇਡਾ ਗਿਆ ਹੋਇਆ ਹੈ। ਪਿੰਡ ਵਾਲਿਆਂ ਨੇ ਦੱਸਿਆ ਕਿ ਬਿਕਰਮਜੀਤ ਬਹੁਤ ਮਿਹਨਤੀ ਲੜਕਾ ਹੈ ਅਤੇ ਆਪਣੀ 7 ਏਕੜ ਸਮੇਤ ਆਪਣੇ ਤਾਏ ਦੀ ਜ਼ਮੀਨ ਉੱਤੇ ਵੀ ਖੇਤੀ ਕਰਦਾ ਹੈ।ਉਸ ਦੇ ਤਾਏ ਦਾ ਇੱਕ ਲੜਕਾ ਏਅਰਪੋਰਟ ਉੱਤੇ ਨੌਕਰੀ ਕਰਦਾ ਹੈ ਅਤੇ ਦੂਜਾ ਪੁਲਿਸ ਮੁਲਾਜ਼ਮ ਹੈ, ਜਿਸ ਕਰਕੇ ਦੋਵਾਂ ਪਰਿਵਾਰਾਂ ਦੀ ਖੇਤੀ ਦਾ ਜ਼ਿੰਮਾ ਬਿਕਰਮਜੀਤ ਉਤੇ ਹੈ।ਬਿਕਰਮਜੀਤ ਸਿੰਘ ਦੀ ਮਾਤਾ ਸੁਖਵਿੰਦਰ ਕੌਰ ਨੇ ਕਿਹਾ ਕਿ ਜਿਸ ਸਮੇਂ ਧਮਾਕੇ ਦੀ ਖ਼ਬਰ ਆਈ, ਉਸ ਸਮੇਂ ਉਹ ਆਪਣੇ ਖੇਤਾਂ ਵਿਚ ਕੰਮ ਕਰਦਾ ਸੀ।ਬਿਕਰਮਜੀਤ ਦੀ ਮਾਂ ਸਵਾਲ ਕਰਦੀ ਹੈ, ਕਿ "ਉਹ ਕਿੱਥੋਂ ਲਿਆਇਆ ਬੰਬ ਤੇ ਕਿਹੜੇ ਵੇਲੇ ਲੈ ਆਇਆ ? ਦੱਸੋ ਤੁਸੀਂ। ਸੀਜ਼ਨ ਹੈਗਾ, ਉਹ ਦਿਨ ਰਾਤ ਵਾਹੀ ਕਰਦੇ ਫਿਰਦੇ ਐ। ਮੇਰੇ ਮੁੰਡੇ ਨੇ ਬੰਬ ਕਿਉਂ ਮਾਰਨਾ ਸੀ ? ਉਹਨੇ ਨਹੀਂ ਮਾਰਿਆ। ਫ਼ਸਾ ਦਿੱਤਾ ਉਸ ਨੂੰ ਕਿਸੇ ਨੇ।"

## ਅਵਤਾਰ ਸਿੰਘ ਤੇ ਬਿਕਰਮਜੀਤ ਸਿੰਘ ਉਤੇ ਦੋਸ਼ ਮੜ੍ਹੇ

ਪੰਜਾਬ ਸਰਕਾਰ ਅਤੇ ਪੁਲਿਸ ਨੇ ਦਾਅਵਾ ਕੀਤਾ ਹੈ ਕਿ 18 ਨਵੰਬਰ ਨੂੰ ਅੰਮ੍ਰਿਤਸਰ ਦੇ ਅਜਨਾਲਾ ਨੇੜਲੇ ਅਦਲੀਵਾਲ ਨਿਰੰਕਾਰੀ ਮਿਸ਼ਨ ਭਵਨ ਉੱਤੇ ਹੋਏ ਗ੍ਰਨੇਡ ਹਮਲੇ ਦੇ ਮਾਮਲੇ ਵਿਚ ਬਿਕਰਮਜੀਤ ਸਿੰਘ ਤੇ ਅਵਤਾਰ ਸਿੰਘ ਨਾਂ ਦੇ ਸ਼ੱਕੀ ਮੁਲਜ਼ਮ ਗ੍ਰਿਫ਼ਤਾਰ ਕਰ ਲਏ ਗਏ ਹਨ। ਬਿਕਰਮਜੀਤ ਸਿੰਘ ਦੀ ਗ੍ਰਿਫਦਾਰੀ ਬਾਰੇ ਪੰਜਾਬ ਦੇ ਮੁੱਖ ਮੰਤਰੀ ਨੇ ਖੁਦ ਅਤੇ ਅਵਤਾਰ ਸਿੰਘ ਬਾਰੇ ਪੰਜਾਬ ਪੁਲਿਸ ਦੇ ਡੀਜੀਪੀ ਸੁਰੇਸ਼ ਅਰੋੜਾ ਨੇ ਚੰਡੀਗੜ੍ਹ ਵਿਚ ਇਕ ਪ੍ਰੈਸ ਕਾਨਫਰੰਸ ਦੌਰਾਨ ਇਹ ਦਾਅਵਾ ਕੀਤਾ।
ਡੀਜੀਪੀ ਨੇ ਦਾਅਵਾ ਕੀਤਾ ਕਿ ਵਡਾਲਾ ਦਾ ਪਰਮਜੀਤ ਸਿੰਘ ਬਾਬਾ, ਜੋ ਇਟਲੀ ਰਹਿੰਦਾ ਹੈ, ਉਸ ਦਾ ਰੋਲ ਵੀ ਸਾਹਮਣੇ ਆ ਰਿਹਾ ਹੈ। ਬਾਬਾ ਨੇ ਹੀ ਅਵਤਾਰ ਸਿੰਘ ਦਾ ਪਾਕਿਸਤਾਨ ਵਿਚ ਹਰਮੀਤ ਸਿੰਘ ਉਰਫ਼ ਪੀਐਚਡੀ ਨਾਲ ਸੰਪਰਕ ਕਰਵਾਇਆ ਸੀ। ਅਵਤਾਰ ਸਿੰਘ ਦਾ ਹੋਰ ਕੋਈ ਮੁਜਰਮਾਨਾ ਰਿਕਾਰਡ ਨਹੀਂ ਹੈ। ਡੀਜੀਪੀ ਦਾ ਦਾਅਵਾ ਹੈ ਕਿ ਪ੍ਰਤੱਖ ਸਬੂਤ ਹੱਥ ਲੱਗਣ ਤੋਂ ਬਾਅਦ ਹੀ ਅਵਤਾਰ ਸਿੰਘ ਨੂੰ ਹਿਰਾਸਤ 'ਚ ਲਿਆ ਹੈ ਤੇ ਮੈਜਿਸਟੇਟ ਦੇ ਸਾਹਮਣੇ 32 ਬੋਰ ਦਾ ਪਿਸਟਲ ਤੇ 25 ਕਰਤੂਸ ਬਰਾਮਦ ਕੀਤੇ ਹਨ। ਡੀਜੀਪੀ ਮੁਤਾਬਕ ਅਵਤਾਰ ਸਿੰਘ ਦਵਾਈਆਂ ਦਾ ਕੰਮ ਕਰਦਾ ਸੀ, ਉਸ ਨਾਲ ਦਵਾਈਆਂ ਲੈਣ ਦੇ ਬਹਾਨੇ ਹੀ ਸੰਪਰਕ ਕੀਤਾ ਗਿਆ ਅਤੇ ਬਾਅਦ ਵਿਚ ਉਸ ਨੂੰ ਗੁਮਰਾਹ ਕੀਤਾ ਗਿਆ ਅਤੇ ਵਾਰਦਾਤ ਲਈ ਉਕਸਾਇਆ ਗਿਆ।ਪਾਕਿਸਤਾਨ ਵਿਚ ਬੈਠਾ ਜਾਵੇਦ ਨਾਂ ਦਾ ਵਿਅਕਤੀ ਬਿਕਰਮਜੀਤ ਸਿੰਘ ਤੇ ਅਵਤਾਰ ਸਿੰਘ ਦੋਵਾਂ ਦਾ ਹੈਡਲਰ ਹੈ। ਪੁਲਿਸ ਨੇ ਹਮਲੇ ਦੇ ਮਕਸਦ ਬਾਰੇ ਅਜੇ ਕੁਝ ਨਹੀਂ ਕਿਹਾ। ਜਦੋਂ ਮੀਡੀਆ ਨੇ ਪੁੱਛਿਆ ਕਿ ਕੀ ਸੁਰਾਗ ਸੀ ਜਿਸ ਦੇ ਆਧਾਰ ਉਤੇ ਗ੍ਰਿਫ਼ਤਾਰੀ ਹੋਈ, ਤਾਂ ਉਨ੍ਹਾਂ ਕਿਹਾ ਕਿ ਸਰੋਤ ਨਹੀਂ ਦੱਸਿਆ ਜਾ ਸਕਦਾ। ਧਾਰੀਵਾਲ ਪਿੰਡ ਦੇ ਬਿਕਰਮਜੀਤ ਸਿੰਘ ਅਤੇ ਅੰਮ੍ਰਿਤਸਰ ਜਿਲ੍ਹੇ ਦੇ ਪਿੰਡ ਚੱਕ ਮਿਸ਼ਰੀ ਖ਼ਾਨ ਦੇ ਅਵਤਾਰ ਸਿੰਘ ਬਾਰੇ ਡੀਜੀਪੀ ਦੇ ਦਾਅਵੇ ਸ਼ੱਕ ਦੇ ਘੇਰੇ ਵਿਚ ਹਨ। ਘਟਨਾ ਦੇ ਚਸ਼ਮਦੀਦਾਂ ਦੀਆਂ ਟੀਵੀ ਚੈਨਲਾਂ ਉਤੇ ਵੀਡੀਓਜ਼ ਚੱਲ ਰਹੀਆਂ ਸਨ। ਉਨ੍ਹਾਂ ਵਿਚ ਕਿਹਾ ਗਿਆ ਸੀ ਕਿ ਦੋਵੇਂ ਮੁਲਜ਼ਮ ਸਿਰ ਤੋਂ ਮੋਨੇ ਸਨ ਪਰ ਪੁਲਿਸ ਵੱਲੋਂ ਗ੍ਰਿਫ਼ਤਾਰ ਸਾਬਤ ਸੂਰਤ ਸਿੱਖ ਨੌਜਵਾਨਾਂ ਨੂੰ ਕੀਤਾ ਗਿਆ ਹੈ। ਇਸ ਸਵਾਲ ਦਾ ਪੁਲਿਸ ਮੁਖੀ ਨੇ ਸਪੱਸ਼ਟ ਜਵਾਬ ਨਹੀਂ ਦਿੱਤਾ ਤੇ ਕਿਹਾ ਕਿ ਇਹ ਕੋਈ ਮਾਅਨੇ ਨਹੀਂ ਰੱਖਦਾ। ਪੁਲਿਸ ਨੇ ਇਹ ਵੀ ਨਹੀਂ ਦੱਸਿਆ ਕਿ ਉਹ ਕਿਹੜਾ ਅਜਿਹਾ ਸੁਰਾਗ ਸੀ, ਜਿਸ ਨੇ ਬਿਕਰਮਜੀਤ ਸਿੰਘ ਤੇ ਅਵਤਾਰ ਸਿੰਘ ਦੇ ਮੁਲਜ਼ਮ ਹੋਣ ਦਾ ਇਸ਼ਾਰਾ ਕੀਤਾ। ਡੀਜੀਪੀ ਨੇ ਕਿਹਾ ਕਿ ਪ੍ਰੋਫੈਸ਼ਨਲ ਪੁਲਿਸ ਅਫ਼ਸਰ ਹੋਣ ਕਾਰਨ ਉਹ ਇਹ ਜਾਣਕਾਰੀ ਸਾਂਝੀ ਨਹੀਂ ਕਰ ਸਕਦੇ।ਇਸ ਵਾਰਦਾਤ ਕਰਨ ਪਿੱਛੇ ਕੀ ਮਕਸਦ ਸੀ ? ਇਸ ਬਾਰੇ ਵੀ ਪੁਲਿਸ ਮੁਖੀ ਦਾ ਕਹਿਣਾ ਸੀ ਕਿ ਇਸ ਦੀ ਹਾਲਾਂ ਜਾਂਚ ਕੀਤੀ ਜਾ ਰਹੀ ਹੈ। ਦੋਵੇਂ ਨੌਜਵਾਨਾਂ ਦੇ ਪਰਿਵਾਰਾਂ ਦੇ ਦਾਅਵੇ ਬਾਰੇ ਪੁਲਿਸ ਮੁਖੀ ਨੇ ਕਿਹਾ ਕੋਈ ਵੀ ਆਪਣੀ ਗ੍ਰਿਫ਼ਤਾਰੀ ਉਤੇ ਧੰਨਵਾਦ ਨਹੀਂ ਕਰਦਾ।

**ਪੁਲੀਸ ਤੇ ਸਰਕਾਰ ਦਾ ਪੱਖ :** ਅੰਮ੍ਰਿਤਸਰ ਦੇ ਐਸਐਸਪੀ ਦੇਹਾਤੀ ਪਰਮਪਾਲ ਸਿੰਘ ਨੂੰ ਜਦੋਂ ਇਹ ਪੁੱਛਿਆ ਗਿਆ ਕਿ ਬਿਕਰਮਜੀਤ ਸਿੰਘ ਦਾ ਪਰਿਵਾਰ ਤੇ ਪਿੰਡ ਵਾਲੇ ਕਹਿ ਰਹੇ ਹਨ ਕਿ ਉਹ ਬੇਕਸੂਰ ਹੈ ਤਾਂ ਉਨ੍ਹਾਂ ਕਿਹਾ, "ਸਾਡੇ ਕੋਲ ਲੋੜੀਂਦੇ ਸਬੂਤ ਹਨ ਅਤੇ ਅਸੀਂ ਅਦਾਲਤ ਵਿਚ ਇਸ ਨੂੰ ਸਾਬਿਤ ਕਰਾਂਗੇ। ਅਸੀਂ ਇੰਨਾ ਵੱਡਾ ਆਪਰੇਸ਼ਨ ਹਵਾ ਵਿਚ ਨਹੀਂ ਕੀਤਾ।"
ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਨਿਰੰਕਾਰੀ ਭਵਨ ਉਤੇ ਹਮਲਾ ਆਈਐਸਆਈ ਦੀ ਸਾਜ਼ਿਸ਼ ਹੈ ਅਤੇ ਇਸ ਨੂੰ ਖਾਲਿਸਤਾਨ ਲਿਬਰੇਸ਼ਨ ਫੋਰਸ ਦੇ ਕਾਰਕੁਨਾਂ ਰਾਹੀ ਅੰਜ਼ਾਮ ਦਿੱਤਾ ਗਿਆ ਹੈ। ਮੁੱਖ ਮੰਤਰੀ ਨੇ ਕਿਹਾ ਕਿ ਇਹ ਗੁਆਂਢੀ ਮੁਲਕ ਵੱਲੋਂ ਭਾਰਤ ਦੇ ਸਰਹੱਦੀ ਖੇਤਰਾਂ ਵਿਚ ਸ਼ਾਂਤੀ ਦਾ ਮਾਹੌਲ ਖਰਾਬ ਕਰਨ ਲਈ ਲਗਾਤਾਰ ਕੀਤੀਆਂ ਜਾ ਰਹੀਆਂ ਕੋਸ਼ਿਸ਼ਾਂ ਦੀ ਕੜੀ ਦਾ ਹਿੱਸਾ ਹੈ। ਕੈਪਟਨ ਮੁਤਾਬਕ ਹਮਲੇ 'ਚ ਜਿਸ ਗ੍ਰਨੇਡ ਦੀ ਵਰਤੋਂ ਕੀਤੀ ਗਈ ਹੈ ਉਸੇ ਤਰ੍ਹਾਂ ਦੇ ਗ੍ਰਨੇਡ ਪਾਕਿਸਤਾਨ ਦੀ ਅਸਲਾ ਫੈਕਟਰੀ ਵਿਚ ਬਣਦੇ ਹਨ। ਮਹੀਨਾ ਪਹਿਲਾਂ ਪਟਿਆਲਾ ਤੋਂ ਗ੍ਰਿਫ਼ਤਾਰ ਕੀਤੇ ਗਏ ਸ਼ਬਨਮਦੀਪ ਸਿੰਘ ਤੋਂ ਵੀ ਇਸੇ ਤਰ੍ਹਾਂ ਦਾ ਗ੍ਰਨੇਡ ਮਿਲਿਆ ਸੀ।ਮੁੱਖ ਮੰਤਰੀ ਨੇ ਕਿਹਾ, "ਇਹ ਗ੍ਰਨੇਡ ਪਾਕਿਸਤਾਨ ਤੋਂ ਲਿਆ ਕੇ ਇੱਥੇ ਵੰਡੇ ਗਏ ਹਨ। ਲੋਕਾਂ ਨੂੰ ਕਿਹਾ ਜਾਂਦਾ ਹੈ ਕਿ ਰੁੱਖ ਦੇ ਥੱਲੇ ਤੋਂ ਚੁੱਕ ਲਓ। ਇਸ ਮਾਮਲੇ ਵਿਚ ਵੀ ਜੋ ਗ੍ਰਨੇਡ ਮਿਲਿਆ ਉਹ ਰੁੱਖ ਕੋਲੋਂ ਮਿਲਿਆ।" ਕੈਪਟਨ ਨੇ ਪ੍ਰੈੱਸ ਕਾਨਫਰੰਸ ਵਿਚ ਇਕ ਤਸਵੀਰ ਦਿਖਾ ਕੇ ਦਾਅਵਾ ਵੀ ਕੀਤਾ ਕਿ ਇਹ ਓਹੀ ਦਰੱਖਤ ਹੈ ਜਿਸ ਦੇ ਹੇਠਾਂ ਗ੍ਰਨੇਡ ਦੱਬੇ ਹੋਏ ਸੀ।ਹਮਲੇ ਵਿਚ ਜਿਹੜਾ ਪਲਸਰ ਮੋਟਰਸਾਈਕਲ ਵਰਤਿਆ ਗਿਆ ਸੀ, ਉਹ ਬਿਕਰਮਜੀਤ ਸਿੰਘ ਦਾ ਹੀ ਸੀ।

### ਕੌਣ ਨੇ ਇਹ ਸਿੱਖ ਜੋ ਦੋਸ਼ੀ ਬਣਾਏ

ਪੁਲਿਸ ਵੱਲੋਂ ਗ੍ਰਿਫਤਾਰ ਕੀਤਾ ਗਿਆ ਅਵਤਾਰ ਸਿੰਘ ਅੰਮ੍ਰਿਤਸਰ ਜ਼ਿਲ੍ਹੇ ਦੇ ਪਿੰਡ ਚੱਕ ਮਿਸ਼ਰੀ ਖ਼ਾਨ ਦਾ ਰਹਿਣ ਵਾਲਾ ਹੈ ਅਤੇ ਆਰਐਮਪੀ ਡਾਕਟਰ ਹੈ। ਪਿੰਡ ਵਾਲਿਆਂ ਨੇ ਦੱਸਿਆ ਕਿ ਉਸ ਦੀਆਂ ਦੋ ਧੀਆਂ ਹਨ। ਵੱਡੀ ਬੇਟੀ 7 ਕੁ ਸਾਲ ਦੀ ਹੈ ਅਤੇ ਛੋਟੀ ਚਾਰ-ਪੰਜ ਸਾਲ ਦੀ ਹੈ। ਉਸ ਦੇ ਗੁਆਂਢੀ ਤਲਵਿੰਦਰ ਸਿੰਘ ਨੇ ਦੱਸਿਆ ਕਿ ਇਹ ਨੌਜਵਾਨ ਸਾਊ ਸੁਭਾਅ ਦਾ ਹੈ ਤੇ ਸਾਰਾ ਪਰਿਵਾਰ ਅੰਮ੍ਰਿਤਧਾਰੀ ਹੈ। ਅਵਤਾਰ ਸਿੰਘ ਡਾਕਟਰੀ ਦੀ ਦੁਕਾਨ ਕਰਦਾ ਹੈ ਤੇ ਪਰਿਵਾਰ ਦਾ ਕਿਸੇ ਨਾਲ ਵੈਰ-ਵਿਰੋਧ ਵੀ ਨਹੀਂ ਹੈ। ਅਵਤਾਰ ਸਿੰਘ ਦੇ ਪਿਤਾ ਗੁਰਦਿਆਲ ਸਿੰਘ ਨੂੰ ਵੀ ਪੁਲਿਸ ਨੇ ਹਿਰਾਸਤ ਵਿਚ ਲਿਆ ਹੋਇਆ ਹੈ। ਇਕ ਹੋਰ ਪਿੰਡ ਵਾਸੀ ਗੁਰਜੀਤ ਸਿੰਘ ਨੇ ਦੱਸਿਆ, ਕਿ ਅਵਤਾਰ ਸਿੰਘ ਬਿਲਕੁਲ ਠੀਕ ਬੰਦਾ ਸੀ। ਉਨ੍ਹਾਂ ਕਿਹਾ ਕਿ ਉਨ੍ਹਾਂ ਨੂੰ ਕੋਈ ਉਮੀਦ ਹੀ ਨਹੀਂ ਸੀ ਕਿ ਪਿੰਡ ਵਿਚ ਅਜਿਹਾ ਕੋਈ ਕੰਮ ਹੋਵੇਗਾ। ਪਿੰਡ ਵਾਲਿਆਂ ਨੇ ਦੱਸਿਆ ਕਿ ਅਵਤਾਰ ਸਿੰਘ ਤੇ ਉਨ੍ਹਾਂ ਦਾ ਨਿਹੰਗ ਸਿੰਘ ਪਰਿਵਾਰ ਹੈ। ਅਵਤਾਰ ਸਿੰਘ ਧਾਰਮਿਕ ਬਿਰਤੀ ਵਾਲਾ ਨੌਜਵਾਨ ਹੈ। ਉਸ ਨੇ ਦਮਦਮੀ ਟਕਸਾਲ ਤੋਂ ਧਾਰਮਿਕ ਸਿੱਖਿਆ ਹਾਸਲ ਕੀਤੀ ਹੋਈ ਹੈ। ਲੋਕਾਂ ਨੇ ਦੱਸਿਆ ਕਿ ਐਤਵਾਰ ਸਵੇਰੇ ਗਿਆਰਾਂ ਕੁ ਵਜੇ ਹਮਲਾ ਹੋਇਆ ਤੇ ਉਸੇ ਰਾਤ ਨੂੰ ਹੀ ਪੁਲਿਸ ਪਿੰਡ ਵਿਚ ਆ ਗਈ ਸੀ।

# ਨਿਰੰਕਾਰੀ ਬੰਬ ਕਾਂਡ 'ਚ ਬਿਕਰਮਜੀਤ ਸਿੰਘ ਬਾਰੇ ਪੁਲਸੀਆ ਕਹਾਣੀ ਝੂਠੀ : ਪਿੰਡ ਵਾਸੀ

**ਅੰਮ੍ਰਿਤਸਰ/ਬਿਊਰੋ ਨਿਊਜ਼ :**
ਪਿੰਡ ਅਦਲੀਵਾਲ ਦੇ ਨਿਰੰਕਾਰੀ ਸਤਿਸੰਗ ਭਵਨ ਵਿਚ ਹੋਏ ਬੰਬ ਧਮਾਕੇ ਨੂੰ ਲੈ ਕੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਅਤੇ ਪੁਲਿਸ ਮੁਖੀ ਸੁਰੇਸ਼ ਅਰੋੜਾ ਵਲੋਂ ਬਿਕਰਮਜੀਤ ਸਿੰਘ ਨਾਮੀ ਇਕ ਸਿੱਖ ਨੌਜੁਆਨ ਦੀ ਦਰਸਾਈ ਗ੍ਰਿਫਤਾਰੀ ਅਤੇ ਇਕ ਹੋਰ ਨੌਜੁਆਨ ਦੇ ਭਗੌੜਾ ਹੋਣ ਦੀ ਕਹਾਣੀ ਪਿੰਡ ਧਾਰੀਵਾਲ ਅਤੇ ਚੱਕ ਮਿਸ਼ਰੀ ਖਾਨ ਦੇ ਵਸਨੀਕਾਂ ਦੇ ਹਲਕ ਹੇਠ ਹੀ ਨਹੀਂ ਉਤਰ ਰਹੀ। 8 ਕਿੱਲੇ ਜ਼ਮੀਨ ਵਿਚ ਵਾਹੀ ਕਰਕੇ ਆਪਣੇ ਵੱਡੇ ਭਰਾ ਨੂੰ ਕਨੇਡਾ ਭੇਜਣ ਵਾਲਾ ਬਿਕਰਮਜੀਤ ਸਿੰਘ ਹੁਣ ਆਪ ਵੀ ਕਨੇਡਾ ਜਾਣ ਦੀ ਤਿਆਰੀ ਕਰ ਸੀ। ਵੱਡੇ ਵਿਹੜੇ ਵਾਲਾ ਉਸ ਦਾ ਘਰ ਇਸ ਸੰਕਟ ਦੀ ਘੜੀ ਰਿਸ਼ਤੇਦਾਰਾਂ ਅਤੇ ਪਿੰਡ ਵਾਸੀਆਂ ਨਾਲ ਭਰਿਆ ਹੋਇਆ ਹੈ। ਬਿਕਰਮਜੀਤ ਸਿੰਘ ਦੀ ਮਾਤਾ ਸੁਖਵਿੰਦਰ ਕੌਰ, ਤਾਇਆ ਪਿਆਰਾ ਸਿੰਘ, ਤਾਈ, ਭੈਣਾਂ-ਭਰਾ ਤੇ ਹੋਰ ਰਿਸ਼ਤੇਦਾਰਾਂ ਵਲੋਂ ਇਕ ਹੀ ਸਵਾਲ ਵਾਰ-ਵਾਰ ਪੁੱਛਿਆ ਜਾ ਰਿਹਾ ਹੈ ਕਿ ਆਖਿਰ ਪੁਲਿਸ ਨੇ ਬਿਕਰਮਜੀਤ ਸਿੰਘ ਦੀ ਗ੍ਰਿਫਤਾਰੀ ਅਤੇ ਬਰਾਮਦ ਵਸਤਾਂ ਬਾਰੇ ਐਨਾ ਵੱਡਾ ਕੁਫਰ ਕਿਉਂ ਤੋਲਿਆ ? ਬਿਕਰਮਜੀਤ ਸਿੰਘ ਦੀ ਕਥਿਤ ਗ੍ਰਿਫਤਾਰੀ ਬਾਰੇ ਜਾਣਕਾਰੀ ਲੈਣ ਜਾਣ ਵਾਲੇ ਹਰ ਪੱਤਰਕਾਰ ਸਾਹਮਣੇ ਵੀ ਅਜਿਹੇ ਹੀ ਸਵਾਲਾਂ ਦੀ ਬੁਛਾਰ ਹੁੰਦੀ ਹੈ ।ਮਾਤਾ ਸੁਖਵਿੰਦਰ ਕੌਰ ਦੱਸਦੀ ਹੈ ਕਿ ਐਤਵਾਰ ਤੇ ਸੋਮਵਾਰ ਸਾਰਾ ਦਿਨ ਹੀ ਬਿਕਰਮ ਸਿੰਘ ਖੇਤਾਂ ਵਿਚ



ਕਣਕ ਦੀ ਬਿਜਾਈ ਵਿਚ ਕਾਮਿਆਂ ਨਾਲ ਰੁੱਝਾ ਰਿਹਾ। ਸੋਮਵਾਰ ਰਾਤ ਦੇ 10:00 -10:30 ਵਜੇ ਦਾ ਸਮਾਂ ਹੋਵੇਗਾ ਕਿ ਪੁਲਿਸ ਦੀ ਇਕ ਵੱਡੀ ਧਾੜ ਘਰ ਦੀਆਂ ਕੰਧਾਂ ਟੱਪ ਕੇ ਅੰਦਰ ਆਣ ਵੜੀ ਤੇ ਕਮਰਿਆਂ ਦੇ ਬੂਹੇ ਖੜਕਾਉਣੇ ਸ਼ੁਰੂ ਕਰ ਦਿੱਤੇ ।ਉਭੜਵਾਹੇ ਸਾਰਾ ਪਰਿਵਾਰ ਜਾਗ ਗਿਆ।ਬਿਕਰਮਜੀਤ ਸਿੰਘ ਵੀ ਅੱਧ-ਪਚੱਧੇ ਕੱਪੜਿਆਂ ਨਾਲ ਜਿਵੇਂ ਸੁੱਤਾ ਸੀ ਉਠਿਆ। ਪੁਲਿਸ ਪਾਰਟੀ ਨੇ ਬਿਨਾ ਕੁਝ ਪੁੱਛਿਆਂ ਹੀ ਉਸ ਨੂੰ ਦਬੋਚ ਲਿਆ ਤੇ ਗੱਡੀ ਵਿਚ ਸੁੱਟ ਲਿਆ। ਇਸ ਉਪਰੰਤ ਪੁਲਿਸ ਕੋਈ ਦੋ ਘੰਟੇ ਘਰ ਦੀ ਤਲਾਸ਼ੀ ਲੈਂਦੀ ਰਹੀ ਪਰ ਕੁਝ ਹੱਥ ਨਹੀਂ ਲੱਗਿਆ। ਜਾਣ ਲੱਗਿਆਂ ਇਕ ਪੁਲਿਸ ਵਾਲੇ ਦੀ ਨਜ਼ਰ ਵਿਹੜੇ ਵਿਚ ਖੜ੍ਹੇ ਮੋਟਰ ਸਾਈਕਲ ਉਤੇ ਪਈ ਤੇ ਉਸ ਨੂੰ ਵੀ ਲੈ ਗਏ। ਪਿਆਰਾ ਸਿੰਘ ਦੱਸਦੇ ਹਨ ਕਿ ਸਵੇਰ ਤੀਕ ਕੋਈ ਸੂਹ ਨਹੀ ਮਿਲੀ ਕਿ

**ਬਾਕੀ ਸਫ਼ਾ 28 'ਤੇ**

# ਪਾਕਿ ਸਥਿਤ ਗੁਰਦੁਆਰਾ ਪੰਜਾ ਸਾਹਿਬ ਵਿਖੇ ਸ਼ਰਧਾ ਨਾਲ ਮਨਾਇਆ ਗੁਰਪੁਰਬ



**ਇਸਲਾਮਾਬਾਦ/ਬਿਊਰੋ ਨਿਊਜ਼ :** ਸ੍ਰੀ ਗੁਰੂ ਨਾਨਕ ਦੇਵ ਜੀ ਦਾ 549ਵਾਂ ਪ੍ਰਕਾਸ਼ ਪੁਰਬ ਪਾਕਿਸਤਾਨ ਦੇ ਪੰਜਾਬ ਸਥਿਤ ਗੁਰਦੁਆਰਾ ਪੰਜਾ ਸਾਹਿਬ ਵਿਖੇ ਧੂਮ-ਧਾਮ ਨਾਲ ਮਨਾਇਆ ਗਿਆ। ਇਥੇ ਭਾਰਤ ਤੋਂ 3800 ਤੋਂ ਵੱਧ, ਯੂਕੇ ਤੋਂ 148, ਸਾਊਦੀ ਅਰਬ ਤੋਂ ਸੱਤ ਅਤੇ ਪਾਕਿਸਤਾਨ ਦੇ ਵੱਖ ਵੱਖ ਹਿੱਸਿਆਂ ਤੋਂ ਹਜ਼ਾਰਾਂ ਦੀ ਗਿਣਤੀ ਵਿਚ ਸਿੱਖ ਸ਼ਰਧਾਲ ਸਿੱਖ ਧਰਮ ਦੇ ਤੀਜੇ ਸਭ ਤੋਂ ਅਹਿਮ ਅਸਥਾਨ ਮੰਨੇ ਜਾਣ ਵਾਲੇ ਗੁਰਦੁਆਰਾ ਪੰਜਾ ਸਾਹਿਬ ਵਿਖੇ ਪੁੱਜੇ ਅਤੇ ਆਪਣੀ ਅਕੀਦਤ ਭੇਟ ਕੀਤੀ। ਇਸ ਮੌਕੇ ਸਰਕਾਰ ਵੱਲੋਂ ਵੱਡੇ ਪੱਧਰ 'ਤੇ ਸੁਰੱਖਿਆ ਪ੍ਰਬੰਧ ਕੀਤੇ ਗਏ ਸਨ।

ਇਸ ਮੌਕੇ ਪਾਕਿਸਤਾਨ ਸਰਕਾਰ ਵੱਲੋਂ ਕਰਤਾਰਪੁਰ ਲਾਂਘਾ ਖੋਲ੍ਹਣ ਸਬੰਧੀ ਨਿਭਾਈ ਭੂਮਿਕਾ ਦੀ ਸ਼ਲਾਘਾ ਕੀਤੀ ਗਈ। ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਆਗੂ ਰਮਿੰਦਰ ਸਿੰਘ ਨੇ ਕਿਹਾ ਕਿ ਦੋਵਾਂ ਮੁਲਕਾਂ ਵਿਚ ਅਜਿਹੇ ਹੋਰ ਲਾਂਘੇ ਵੀ ਖੋਲ੍ਹੇ ਜਾਣੇ ਚਾਹੀਦੇ ਹਨ। ਔਰਤਾਂ ਦੇ ਜਥੇ ਦੀ ਅਗਵਾਈ ਕਰ ਰਹੀ ਮਨਮੋਹਨ ਕੌਰ ਨੇ ਰੇਲਵੇ ਵਿਭਾਗ ਦੇ ਪ੍ਰਬੰਧਾਂ 'ਤੇ ਨਾਰਾਜ਼ਗੀ ਜ਼ਾਹਰ ਕਰਦਿਆਂ ਦੱਸਿਆ ਕਿ ਵਿਭਾਗ ਦੀ ਅਣਗਹਿਲੀ ਕਾਰਨ ਨਨਕਾਣਾ ਸਾਹਿਬ ਵਿਖੇ 113 ਸ਼ਰਧਾਲੂ ਛੁੱਟ ਗਏ ਹਨ। ਦੂਜੇ ਪਾਸੇ, ਮੀਡੀਆ ਨਾਲ ਗੱਲਬਾਤ ਕਰਦਿਆਂ ਈਟੀਪੀਬੀ ਦੇ ਉਪ ਸਕੱਤਰ ਇਮਰਾਨ ਗੋਂਡਲ ਨੇ ਕਿਹਾ ਕਿ ਰੇਲਵੇ ਅਧਿਕਾਰੀਆਂ ਦੀ ਅਣਗਹਿਲੀ ਕਾਰਨ ਅਜਿਹਾ ਹੋਇਆ ਹੈ ਜਿਨ੍ਹਾਂ ਨੂੰ ਸ਼ਰਧਾਲੂਆਂ ਦੀ ਨਾਰਾਜ਼ਗੀ ਬਾਰੇ ਦੱਸ ਦਿੱਤਾ ਗਿਆ ਹੈ।

# ਗੁਰ ਪੁਰਬ ਮੌਕੇ ਸ੍ਰੀ ਅੰਮ੍ਰਿਤਸਰ ਸਾਹਿਬ ਤੇ ਸੁਲਤਾਨਪੁਰ ਲੋਧੀ ਵਿਖੇ ਨਗਰ ਕੀਰਤਨ



ਸ੍ਰੀ ਅੰਮ੍ਰਿਤਸਰ ਸਾਹਿਬ ਵਿਚ ਵੀਰਵਾਰ ਨੂੰ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਦਰਬਾਰ ਸਾਹਿਬ ਦੀ ਪਰਿਕਰਮਾ ਵਿਚ ਸਜਾਏ ਨਗਰ ਕੀਰਤਨ 'ਚ ਸ਼ਾਮਲ ਸੰਗਤ।

**ਅੰਮ੍ਰਿਤਸਰ/ਬਿਊਰੋ ਨਿਊਜ਼ :** ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਛਤਰ-ਛਾਇਆ ਹੇਠ ਅਤੇ ਪੰਜ ਪਿਆਰਿਆਂ ਦੀ ਅਗਵਾਈ ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਪਹਿਲੀ ਪਾਤਸ਼ਾਹੀ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਨਗਰ-ਕੀਰਤਨ ਸਜਾਇਆ ਗਿਆ। ਨਗਰ ਕੀਰਤਨ ਮੌਕੇ ਸ੍ਰੀ ਹਰਿਮੰਦਰ ਸਾਹਿਬ ਦੇ ਵਧੀਕ ਮੁੱਖ ਗ੍ਰੰਥੀ ਗਿਆਨੀ ਜਗਤਾਰ ਸਿੰਘ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਾਵਨ ਸਰੂਪ 'ਤੇ ਚੌਰ ਸਾਹਿਬ ਦੀ ਸੇਵਾ ਨਿਭਾਈ। ਨਗਰ ਕੀਰਤਨ ਦੌਰਾਨ ਸੰਗਤ ਨੇ ਸ਼ਬਦ ਕੀਰਤਨ ਕਰਦਿਆਂ ਸ਼ਰਧਾ ਭਾਵਨਾ ਦਾ ਪ੍ਰਗਟਾਵਾ ਕੀਤਾ। ਨਗਰ ਕੀਰਤਨ ਦੇ ਰਸਤੇ ਵਿੱਚ ਸੰਗਤ ਵੱਲੋਂ ਥਾਂ-ਥਾਂ ਚਾਹ, ਮਠਿਆਈਆਂ, ਫਲ ਆਦਿ ਦੇ ਲੰਗਰ ਲਾਏ ਗਏ।

ਇਸ ਦੌਰਾਨ ਸ਼੍ਰੋਮਣੀ ਕਮੇਟੀ ਦੇ ਮੈਂਬਰ, ਅਧਿਕਾਰੀ, ਕਰਮਚਾਰੀ, ਸਕੂਲਾਂ, ਕਾਲਜਾਂ ਦੇ ਵਿਦਿਆਰਥੀ, ਸਕੂਲੀ ਬੈਂਡ, ਸਿੰਘ-ਸਭਾਵਾਂ, ਟਕਸਾਲਾਂ, ਧਾਰਮਿਕ ਸਭਾ-ਸੁਸਾਇਟੀਆਂ, ਨਿਹੰਗ ਸਿੰਘ ਜਥੇਬੰਦੀਆਂ, ਗਤਕਾ ਪਾਰਟੀਆਂ ਤੇ ਬੈਂਡ ਪਾਰਟੀਆਂ ਨੇ ਪੂਰੇ ਉਤਸ਼ਾਹ ਨਾਲ ਨਗਰ ਕੀਰਤਨ ਵਿੱਚ ਸ਼ਮੂਲੀਅਤ ਕੀਤੀ। ਨਗਰ ਕੀਰਤਨ ਸ੍ਰੀ ਅਕਾਲ ਤਖ਼ਤ ਤੋਂ ਚੱਲ ਕੇ ਸ੍ਰੀ ਗੁਰੂ ਰਾਮਦਾਸ ਨਿਵਾਸ, ਬ੍ਰਹਮ ਬੂਟਾ ਮਾਰਕੀਟ, ਚੌਕ ਘੰਟਾ ਘਰ, ਬਾਜ਼ਾਰ ਮਾਈ ਸੇਵਾ, ਬਾਜ਼ਾਰ ਪਾਪੜਾਂ, ਬਾਜ਼ਾਰ ਬਾਸਾਂ ਵਾਲਾ, ਚੌਕ ਛੱਤੀ ਖੂਹੀ, ਚਾਵਲ ਮੰਡੀ, ਲਛਮਣਸਰ ਚੌਕ ਤੇ ਮੋਨੀ ਚੌਕ ਆਦਿ ਤੋਂ ਹੁੰਦਾ ਹੋਇਆ ਸ਼ਾਮ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਪਹੁੰਚ ਕੇ ਸੰਪੂਰਨ ਹੋਇਆ।

ਇਸੇ ਤਰ੍ਹਾਂ ਸੁਲਤਾਨਪੁਰ ਲੋਧੀ ਵਿਚ ਵੀ ਸ੍ਰੀ ਗੁਰੂ ਨਾਨਕ ਦੇਵ ਜੀ ਦੇ 549ਵੇਂ ਪ੍ਰਕਾਸ਼ ਪੁਰਬ ਸਬੰਧੀ ਵਿਸ਼ਾਲ ਨਗਰ ਕੀਰਤਨ ਸਜਾਇਆ ਗਿਆ। ਗੁਰੂ ਗ੍ਰੰਥ ਸਾਹਿਬ ਦੀ ਛਤਰ ਛਾਇਆ ਅਤੇ ਪੰਜ ਪਿਆਰਿਆਂ ਦੀ ਅਗਵਾਈ ਹੇਠ ਸਜਾਏ ਗਏ ਨਗਰ ਕੀਰਤਨ ਨੂੰ ਐੱਸਜੀਪੀਸੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਨੇ ਗੁਰਦੁਆਰਾ ਸੰਤਘਾਟ ਤੋਂ ਰਵਾਨਾ ਕੀਤਾ, ਜੋ ਦਾਣਾ ਮੰਡੀ ਤੋਂ ਹੁੰਦਾ ਹੋਇਆ ਗੁਰਦੁਆਰਾ ਸ੍ਰੀ ਬੇਰ ਸਾਹਿਬ ਜਾ ਕੇ ਸਮਾਪਤ ਹੋਇਆ। ਇਸ ਨਗਰ ਕੀਰਤਨ ਵਿਚ ਸ਼ਰਧਾਲੂਆਂ ਨੇ ਟਰੈਕਟਰਾਂ, ਕਾਰਾਂ, ਮੋਟਰਸਾਈਕਲਾਂ ਤੇ ਪੈਦਲ ਸ਼ਮੂਲੀਅਤ ਕੀਤੀ। ਸ਼ਰਧਾਲੂਆਂ ਵੱਲੋਂ ਸੰਗਤ ਲਈ ਥਾਂ-ਥਾਂ ਲੰਗਰ ਲਾਏ ਗਏ ਸਨ। ਗੁਰਦੁਆਰਾ ਬੇਰ ਸਾਹਿਬ ਵਿਚ ਕੇਵਲ ਧਾਲੀਵਾਲ ਵੱਲੋਂ 'ਇਹ ਲਹੂ ਕਿਸ ਦਾ' ਅਤੇ 'ਮਿਟੀ ਧੁੰਦ ਜਗਿ ਚਾਨਣੁ ਹੋਆ' ਸਮੇਤ ਹੋਰ ਧਾਰਮਿਕ ਨਾਟਕ ਖੇਡੇ ਗਏ। ਇਸ ਵਾਰ ਨਗਰ ਕੀਰਤਨ ਵਿਚ ਨੌਜਵਾਨਾਂ ਵੱਲੋਂ ਵਿਸ਼ੇਸ਼ ਯੋਗਦਾਨ ਪਾਏ ਜਾਣ ਕਰਕੇ ਸਫ਼ਾਈ ਅਤੇ ਅਨੁਸ਼ਾਸਨ ਦਾ ਖਾਸ ਖਿਆਲ ਰੱਖਿਆ ਗਿਆ।

# ਨਨਕਾਣਾ ਸਾਹਿਬ : ਭੈਣਾਂ ਨੂੰ ਸੱਤ ਦਹਾਕੇ ਪਹਿਲਾਂ ਵਿਛੜਿਆ ਭਰਾ ਮਿਲਿਆ

**ਨਨਕਾਣਾ ਸਾਹਿਬ/ਬਿਊਰੋ ਨਿਊਜ਼ :** ਸ੍ਰੀ ਗੁਰੂ ਨਾਨਕ ਦੇਵ ਜੀ ਦੇ ਗੁਰਪੁਰਬ ਮੌਕੇ ਨਨਕਾਣਾ ਸਾਹਿਬ 'ਚ ਇਕ ਬਹੁਤ ਹੀ ਜਜ਼ਬਾਤੀ ਘਟਨਾ ਵਾਪਰੀ। 70 ਵਰ੍ਹੇ ਬਾਅਦ ਵਿਛੜੀਆਂ ਭੈਣਾਂ ਆਪਣੇ ਸਕੇ ਭਰਾ ਨੂੰ ਮਿਲਣ ਵਿਚ ਕਾਮਯਾਬ ਹੋ ਗਈਆਂ। ਉਲਫ਼ਤ ਤੇ ਮੈਰਾਜ਼ ਬੀਬੀ ਨਾਂ ਦੀਆਂ ਇਹਨਾਂ ਭੈਣਾਂ ਨੇ ਪਾਕਿ ਸਰਕਾਰ ਤੋਂ ਆਪਣੇ ਭਰਾ ਬੇਅੰਤ ਸਿੰਘ ਦਾ ਵੀਜ਼ਾ ਵਧਾਉਣ ਦੀ ਮੰਗ ਕੀਤੀ ਹੈ।

ਮਿਲੀ ਜਾਣਕਾਰੀ ਮੁਤਾਬਕ ਇਸ ਵਾਰ ਸ੍ਰੀ ਗੁਰੂ ਨਾਨਕ ਦੇਵ ਜੀ ਦੇ 549ਵੇਂ ਪ੍ਰਕਾਸ਼ ਪੁਰਬ ਮੌਕੇ ਜ਼ਿਲ੍ਹਾ ਗੁਰਦਾਸਪੁਰ ਦੇ ਡੇਰਾ ਬਾਬਾ ਨਾਨਕ ਦੇ ਪਿੰਡ ਪਰਾਚਾ 'ਚ ਰਹਿੰਦੇ ਸ. ਬੇਅੰਤ ਸਿੰਘ ਨੂੰ ਸ੍ਰੀ ਨਨਕਾਣਾ ਸਾਹਿਬ ਵਿਖੇ ਦੇਸ਼ ਦੀ ਵੰਡ ਦੌਰਾਨ ਆਪਣੀਆਂ ਵਿਛੜੀਆਂ ਭੈਣਾਂ ਮਿਲੀਆਂ ਤਾਂ ਮਾਹੌਲ ਬਹੁਤ ਭਾਵੁਕ ਹੋ ਗਿਆ। ਬੇਅੰਤ ਸਿੰਘ ਦੀਆਂ ਭੈਣਾਂ 'ਚੋਂ ਉਲਫ਼ਤ ਬੀਬੀ ਇਸ ਸਮੇਂ ਪਾਕਿਸਤਾਨ ਦੇ ਜ਼ਿਲ੍ਹਾ ਸ਼ੇਖੂਪੁਰਾ ਅਤੇ ਮੈਰਾਜ਼ ਬੀਬੀ ਜ਼ਿਲ੍ਹਾ ਲਾਹੌਰ ਦੀ ਆਬਾਦੀ ਸ਼ਾਹਦਰਾ 'ਚ ਰਹਿ ਰਹੀ ਹੈ। ਉਲਫ਼ਤ ਬੀਬੀ ਅਤੇ ਮੈਰਾਜ਼ ਬੀਬੀ ਨੇ ਆਪਣੇ ਵਿਛੜੇ ਭਰਾ ਨੂੰ ਮਿਲਣ 'ਤੇ ਗੁਰੂ ਨਾਨਕ ਦੇਵ ਜੀ ਦਾ ਸ਼ੁਕਰਾਨਾ ਕਰਦਿਆਂ ਕਿਹਾ ਕਿ ਗੁਰੂ ਸਾਹਿਬ ਦੀ ਬਖ਼ਸ਼ਿਸ਼ ਸਦਕਾ



ਦੇਸ਼ ਦੀ ਵੰਡ ਵੇਲੇ ਵਿਛੜੀਆਂ ਆਪਣੀਆਂ ਭੈਣਾਂ ਉਲਫ਼ਤ ਅਤੇ ਮੈਰਾਜ਼ ਦੇ ਨਾਲ ਬੇਅੰਤ ਸਿੰਘ।

ਹੀ ਉਨ੍ਹਾਂ ਦਾ ਆਪਣੇ ਭਰਾ ਨਾਲ ਮਿਲਣਾ ਸੰਭਵ ਹੋ ਸਕਿਆ ਹੈ।

ਉਨ੍ਹਾਂ ਦੱਸਿਆ ਕਿ ਵੰਡ ਦੇ ਦੌਰਾਨ ਉਨ੍ਹਾਂ ਦਾ ਉਕਤ ਭਰਾ ਤੇ ਇਕ ਭੈਣ ਭਾਰਤ 'ਚ ਹੀ ਰਹਿ ਗਏ ਸਨ। ਜਿਨ੍ਹਾਂ ਬਾਰੇ ਜਾਣਕਾਰੀ ਪ੍ਰਾਪਤ ਕਰਕੇ ਉਨ੍ਹਾਂ ਨੂੰ ਆਪਣੇ ਪਾਸ ਲੈ ਕੇ ਆਉਣ ਲਈ ਉਨ੍ਹਾਂ ਦੀ ਮਾਂ ਅੱਲ੍ਹਾ ਰੱਖੀ ਨੇ ਕਈ ਕੋਸ਼ਿਸ਼ਾਂ ਕੀਤੀਆਂ। ਉਲਫ਼ਤ ਬੀਬੀ ਅਨੁਸਾਰ ਪਹਿਲਾਂ ਤਾਂ ਉਨ੍ਹਾਂ ਦੀ ਮਾਂ ਇਹੋ ਸਮਝਦੀ ਰਹੀ ਕਿ ਵੰਡ ਵੇਲੇ ਹੋਏ ਫ਼ਿਰਕੂ ਦੰਗਿਆਂ 'ਚ ਉਸ ਦੇ ਪੁੱਤਰ ਤੇ ਧੀ ਨੂੰ ਕਿਸੇ ਨੇ ਕਤਲ ਕਰ ਦਿੱਤਾ ਹੋਵੇਗਾ ਪਰ ਫਿਰ ਉਸ ਨੇ ਪਿੰਡ ਪਰਾਚਾ 'ਚ ਵੰਡ ਤੋਂ ਪਹਿਲਾਂ ਦੇ ਆਪਣੇ ਗੁਆਂਢੀ ਮੱਖਣ ਸਿੰਘ ਨਾਲ ਸੰਪਰਕ ਕੀਤਾ, ਜਿਸ ਤੋਂ ਉਸ ਨੂੰ ਆਪਣੇ ਪੁੱਤਰ ਦੇ ਜਿਉਂਦੇ ਹੋਣ ਬਾਰੇ ਜਾਣਕਾਰੀ ਮਿਲੀ। ਉਲਫ਼ਤ ਅਤੇ ਮੈਰਾਜ਼ ਬੀਬੀ ਅਨੁਸਾਰ ਉਨ੍ਹਾਂ ਆਪਣੇ ਭਰਾ ਨਾਲ ਚਿੱਠੀ ਪੱਤਰ ਤੇ ਫ਼ੋਨ ਰਾਹੀਂ ਸੰਪਰਕ ਕੀਤਾ ਅਤੇ ਹੁਣ ਉਨ੍ਹਾਂ ਦਾ ਆਪਣੇ ਭਰਾ ਨਾਲ ਮਿਲਣਾ ਸੰਭਵ ਹੋ ਸਕਿਆ। ਉਕਤ ਦੋਵੇਂ ਭੈਣਾਂ ਨੇ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਇਮਰਾਨ ਖ਼ਾਨ ਨੂੰ ਪੱਤਰ ਲਿਖ ਕੇ ਮੰਗ ਕੀਤੀ ਹੈ ਕਿ ਉਨ੍ਹਾਂ ਦੇ ਭਰਾ ਨੂੰ ਪਾਕਿਸਤਾਨ ਦੀ ਨਾਗਰਿਕਤਾ ਦਿੱਤੀ ਜਾਵੇ ਤਾਂ ਕਿ ਉਹ ਆਪਣੀ ਜ਼ਿੰਦਗੀ ਦੇ ਆਖ਼ਰੀ ਵਰ੍ਹੇ ਆਪਣੇ ਭਰਾ ਨਾਲ ਬਿਤਾ ਸਕਣ ਜਾਂ ਫਿਰ ਉਨ੍ਹਾਂ ਦੇ ਭਰਾ ਦਾ ਵੀਜ਼ਾ ਲੰਬੇ ਸਮੇਂ ਲਈ ਵਧਾਇਆ ਜਾਵੇ।

ਗੌਰਤਲਬ ਹੈ ਕਿ ਪਹਿਲਾਂ ਵੀ ਇਸ ਤਰ੍ਹਾਂ ਦੇ ਕਈ ਵਾਕਿਆਤ ਹੋ ਚੁੱਕੇ ਹਨ, ਜਦੋਂ ਗੁਰੂ ਸਾਹਿਬਾਨ ਨਾਲ ਸਬੰਧਿਤ ਵਿਸ਼ੇਸ਼ ਦਿਹਾੜਿਆਂ, ਵਿਸਾਖੀ ਅਤੇ ਮਹਾਰਾਜਾ ਰਣਜੀਤ ਸਿੰਘ ਦੀ ਬਰਸੀ ਮੌਕੇ ਪਾਕਿਸਤਾਨ ਸਥਿਤ ਗੁਰਧਾਮਾਂ ਦੀ ਯਾਤਰਾ 'ਤੇ ਜਾਣ ਵਾਲੇ ਸ਼ਰਧਾਲੂਆਂ ਵਿਚ ਚਿਰਾਂ ਦੇ ਵਿਛੜੇ ਮਿਲ ਜਾਂਦੇ ਰਹੇ ਹਨ।

# ਪੰਜ ਸਿੰਘ ਸਾਹਿਬਾਨ ਵੱਲੋਂ ਨਨਕਾਣਾ ਸਾਹਿਬ ਨੂੰ ਛੇਵਾਂ ਤਖ਼ਤ ਬਣਾਉਣ ਦੀ ਮੰਗ ਖਾਰਜ



**ਅੰਮ੍ਰਿਤਸਰ/ਬਿਊਰੋ ਨਿਊਜ਼ :** ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ, ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ, ਤਖ਼ਤ ਸ੍ਰੀ ਪਟਨਾ ਸਾਹਿਬ ਦੇ ਜਥੇਦਾਰ ਗਿਆਨੀ ਇਕਬਾਲ ਸਿੰਘ, ਤਖ਼ਤ ਸ੍ਰੀ ਹਜ਼ੂਰ ਸਾਹਿਬ ਤੋਂ ਮੀਤ ਜਥੇਦਾਰ ਗਿਆਨੀ ਜੋਤ ਇੰਦਰ ਸਿੰਘ ਅਤੇ ਅਕਾਲ ਤਖ਼ਤ ਦੇ ਹੈੱਡ ਗ੍ਰੰਥੀ ਗਿਆਨੀ ਮਲਕੀਤ ਸਿੰਘ ਦੀ ਅਕਾਲ ਤਖ਼ਤ ਵਿਖੇ ਹੋਈ ਇਕੱਤਰਤਾ ਵਿਚ ਪਾਕਿਸਤਾਨ ਸਥਿਤ ਗੁਰਦੁਆਰਾ ਨਨਕਾਣਾ ਸਾਹਿਬ ਨੂੰ ਛੇਵਾਂ ਤਖ਼ਤ ਬਣਾਉਣ ਦੇ ਸੁਝਾਅ ਨੂੰ ਰੱਦ ਕਰ ਦਿੱਤਾ ਗਿਆ ਹੈ। ਪੰਜ ਸਿੰਘ ਸਾਹਿਬਾਨ ਵੱਲੋਂ ਇਸ ਮੰਗ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਰਵਉੱਚਤਾ ਨੂੰ ਢਾਹ ਲਾਉਣ ਵਾਲਾ ਵੀ ਕਰਾਰ ਦਿੱਤਾ ਗਿਆ। ਗਿਆਨੀ ਗੁਰਬਚਨ ਸਿੰਘ ਵੱਲੋਂ ਅਸਤੀਫ਼ਾ ਦੇਣ ਅਤੇ ਗਿਆਨੀ ਹਰਪ੍ਰੀਤ ਸਿੰਘ ਦੇ ਕਾਰਜਕਾਰੀ ਜਥੇਦਾਰ ਬਣਨ ਮਗਰੋਂ ਪੰਜ ਸਿੰਘ ਸਾਹਿਬਾਨ ਦੀ ਇਹ ਪਲੇਠੀ ਇਕੱਤਰਤਾ ਸੀ। ਇਸ ਬਾਰੇ ਜਾਣਕਾਰੀ ਦਿੰਦਿਆਂ ਗਿਆਨੀ ਹਰਪ੍ਰੀਤ ਸਿੰਘ ਨੇ ਦੱਸਿਆ ਕਿ ਗੁਰਦੁਆਰਾ ਨਨਕਾਣਾ ਸਾਹਿਬ ਨੂੰ ਛੇਵਾਂ ਤਖ਼ਤ ਬਣਾਉਣ ਦੇ ਸੁਝਾਅ ਨੂੰ ਰੱਦ ਕਰ ਦਿੱਤਾ ਗਿਆ ਹੈ। ਉਨ੍ਹਾਂ ਆਖਿਆ ਕਿ ਇਹ ਗੁਰੂ ਸਾਹਿਬ ਵੱਲੋਂ ਸਥਾਪਤ ਪੰਚ ਪ੍ਰਧਾਨੀ ਪ੍ਰਥਾ ਦੇ ਵਿਰੁੱਧ ਹੈ।

ਇਸੇ ਤਰ੍ਹਾਂ ਉਨ੍ਹਾਂ ਦੱਸਿਆ ਕਿ ਬਲਵੰਤ ਸਿੰਘ ਰਾਜੋਆਣਾ ਦੀ ਰਿਹਾਈ ਸਬੰਧੀ ਅਪੀਲ ਨੂੰ ਸੱਤ ਸਾਲ ਦਾ ਸਮਾਂ ਬੀਤ ਚੁੱਕਾ ਹੈ ਪਰ ਕੋਈ ਸੁਣਵਾਈ ਨਹੀਂ ਹੋਈ। ਉਨ੍ਹਾਂ ਸ਼੍ਰੋਮਣੀ ਕਮੇਟੀ ਨੂੰ ਆਦੇਸ਼ ਦਿੱਤਾ ਕਿ ਉਹ 550 ਸਾਲਾਂ ਪ੍ਰਕਾਸ਼ ਪੁਰਬ ਦੇ ਮੱਦੇਨਜ਼ਰ ਰਾਸ਼ਟਰਪਤੀ ਕੋਲ ਪਹੁੰਚ ਕਰਨ ਅਤੇ ਉਸ ਦੀ ਰਿਹਾਈ ਨੂੰ ਸੰਭਵ ਬਣਾਉਣ ਲਈ ਯਤਨ ਕੀਤੇ ਜਾਣ। ਉਨ੍ਹਾਂ ਕਰਤਾਰਪੁਰ ਲਾਂਘਾ ਖੋਲ੍ਹਣ ਲਈ ਦੋਵਾਂ ਸਰਕਾਰਾਂ ਵੱਲੋਂ ਦਿੱਤੀ ਗਈ ਸਹਿਮਤੀ ਦੀ ਸ਼ਲਾਘਾ ਕੀਤੀ। ਨਿਰਮਲ ਕੁਟੀਆ ਜੌਹਲਾਂ ਦੇ ਬਾਬਾ ਜੀਤ ਸਿੰਘ ਅਤੇ ਬਾਬਾ ਜਸਪਾਲ ਸਿੰਘ ਦੇ ਆਪਸੀ ਵਿਵਾਦ ਬਾਰੇ ਉਨ੍ਹਾਂ ਆਖਿਆ ਕਿ ਇਸ ਸਬੰਧੀ ਪੰਜ ਮੈਂਬਰੀ ਕਮੇਟੀ ਬਣਾਈ ਗਈ ਸੀ, ਜਿਸ ਵੱਲੋਂ ਦਿੱਤੀ ਗਈ ਪੜਤਾਲੀਆ ਰਿਪੋਰਟ ਦੇ ਆਧਾਰ 'ਤੇ ਬਾਬਾ ਜਸਪਾਲ ਸਿੰਘ ਨੂੰ ਨਿਰਮਲ ਭੇਖ ਵੱਲੋਂ ਸਹਾਇਕ ਸਥਾਪਤ ਕੀਤਾ ਗਿਆ ਸੀ। ਉਨ੍ਹਾਂ ਆਖਿਆ ਕਿ ਬਾਬਾ ਜਸਪਾਲ ਸਿੰਘ ਪਹਿਲਾਂ ਵਾਂਗ ਆਪਣੀਆਂ ਸੇਵਾਵਾਂ ਨਿਭਾਉਂਦੇ ਰਹਿਣਗੇ।

# ਰਾਜਨੀਤਕ ਖਹਿਬਾਜ਼ੀ ਦੀ ਭੇਟ ਚੜ੍ਹਿਆ ਗੁਰੂ ਗੋਬਿੰਦ ਸਿੰਘ ਮਾਰਗ

**ਬਠਿੰਡਾ/ਬਿਊਰੋ ਨਿਊਜ਼ :** ਵਰਤਮਾਨ ਵਿਚ ਪੰਜਾਬ ਤੇ ਦੇਸ਼ ਦੀਆਂ ਵੱਖ-ਵੱਖ ਸਿਆਸੀ ਧਿਰਾਂ ਨੇ ਕਰਤਾਰਪੁਰ ਲਾਂਘੇ 'ਤੇ ਸਿਆਸੀ ਲਾਹਾ ਲੈਣ ਲਈ ਅੱਡੀ ਚੋਟੀ ਦਾ ਜ਼ੋਰ ਲਾਇਆ ਹੋਇਆ ਹੈ। ਹਾਲ ਦੀ ਘੜੀ ਪਹਿਲੀ ਪਾਤਸ਼ਾਹੀ ਸ੍ਰੀ ਗੁਰੂ ਨਾਨਕ ਦੇਵ ਜੀ ਦੇ ੫੫੦ਵੇਂ ਪ੍ਰਕਾਸ਼ ਦਿਹਾੜੇ ਨੂੰ ਵਿਸ਼ਵ ਪੱਧਰ ਉਤੇ ਮਨਾਉਣ ਦੀ ਚਰਚਾ ਹੋ ਰਹੀ ਹੈ। ਇਸ ਤੋਂ ਪਹਿਲਾਂ ਗੁਰੂ ਗੋਬਿੰਦ ਸਿੰਘ ਜੀ ਦੇ 350 ਸਾਲਾ ਪ੍ਰਕਾਸ਼ ਪੁਰਬ ਮਨਾਏ ਗਏ ਸਨ। ਉਸ ਮੌਕੇ ਗੁਰੂ ਗੋਬਿੰਦ ਸਿੰਘ ਮਾਰਗ ਨੂੰ ਕੌਮੀ ਮਾਰਗ ਐਲਾਨੇ ਜਾਣ ਦੇ ਨਾਲ-ਨਾਲ ਇਸ ਦੀ ਉਸਾਰੀ ਬਾਰੇ ਵੀ ਵੱਡੇ-ਵੱਡੇ ਦਾਅਵੇ ਕੀਤੇ ਗਏ ਸਨ। ਅੱਜ ਇਸ ਮਾਰਗ ਦੀ ਉਸਾਰੀ ਦਾ ਰਾਹ ਸਿਆਸੀ ਖਹਿਬਾਜ਼ੀ ਨੇ ਰੋਕ ਲਿਆ ਜਾਪਦਾ ਹੈ। ਇਹ ਮਾਰਗ ਕਰੀਬ 12 ਵਰ੍ਹਿਆਂ ਤੋਂ ਸਿਆਸੀ ਖਿੱਚੋਤਾਣ ਵਿਚ ਫਸਿਆ ਹੋਇਆ ਹੈ। ਬੇਸ਼ੱਕ ਕੈਪਟਨ ਸਰਕਾਰ ਨੇ ਹੁਣ ਗੁਰੂ ਨਾਨਕ ਦੇਵ ਜੀ ਦੇ ਨਾਮ 'ਤੇ ਮਾਰਗ ਬਣਾਉਣ ਲਈ ਖ਼ਾਕਾ ਵਾਹੁਣਾ ਸ਼ੁਰੂ ਕਰ ਦਿੱਤਾ ਹੈ ਪਰ ਗੁਰੂ ਗੋਬਿੰਦ ਸਿੰਘ ਮਾਰਗ ਦੀ ਗੱਲ ਕਿਸੇ ਤਣ ਪੱਤਣ ਨਹੀਂ ਲੱਗੀ ਹੈ।

ਜ਼ਿਕਰਯੋਗ ਹੈ ਕਿ ਮਰਹੂਮ ਮੁੱਖ ਮੰਤਰੀ ਗਿਆਨੀ ਜ਼ੈਲ ਸਿੰਘ ਨੇ ਸ੍ਰੀ ਆਨੰਦਪੁਰ ਸਾਹਿਬ ਤੋਂ ਦਮਦਮਾ ਸਾਹਿਬ ਤੱਕ ਦੇ 577 ਕਿਲੋਮੀਟਰ ਲੰਮੇ ਗੁਰੂ ਗੋਬਿੰਦ ਸਿੰਘ ਮਾਰਗ ਦਾ 10 ਅਪਰੈਲ 1973 ਨੂੰ ਉਦਘਾਟਨ ਕੀਤਾ ਸੀ। ਸ੍ਰੀ ਆਨੰਦਪੁਰ ਸਾਹਿਬ ਤੋਂ ਨਾਂਦੇੜ ਸਾਹਿਬ ਤੱਕ ਇਹ ਮਾਰਗ ਕਰੀਬ 3008 ਕਿਲੋਮੀਟਰ ਲੰਮਾ ਹੈ, ਜਿਸ 'ਚੋਂ 1294 ਕਿਲੋਮੀਟਰ ਮਾਰਗ ਪਹਿਲਾਂ ਹੀ ਕੌਮੀ ਮਾਰਗ ਹੈ, ਜਦੋਂ ਕਿ 1714 ਕਿਲੋਮੀਟਰ ਨੂੰ ਕੌਮੀ ਮਾਰਗ ਐਲਾਨੇ ਜਾਣ ਦੀ ਗੱਲ ਤੋਰੀ ਗਈ ਸੀ। ਕੈਪਟਨ ਅਮਰਿੰਦਰ ਸਿੰਘ ਨੇ ਆਪਣੀ ਪਹਿਲੀ ਪਾਰੀ ਦੌਰਾਨ 21 ਜੂਨ 2006 ਨੂੰ ਗੁਰੂ ਗੋਬਿੰਦ ਸਿੰਘ ਮਾਰਗ ਦਾ ਦਮਦਮਾ ਸਾਹਿਬ ਤੋਂ ਨਾਂਦੇੜ ਸਾਹਿਬ ਤੱਕ ਵਿਸਥਾਰ ਕਰਨ ਦਾ ਐਲਾਨ ਕੀਤਾ ਸੀ। ਹਕੂਮਤ ਬਦਲਣ ਮਗਰੋਂ ਤਤਕਾਲੀ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ 26 ਜੁਲਾਈ 2007 ਨੂੰ ਗੁਰੂ ਗੋਬਿੰਦ ਸਿੰਘ ਮਾਰਗ ਦੇ ਵਿਸਥਾਰ ਦਾ ਪ੍ਰਾਜੈਕਟ ਬਣਾਉਣ ਦਾ ਐਲਾਨ ਕੀਤਾ। ਗੁਰਤਾ ਗੱਦੀ ਦਿਵਸ ਦੇ ਲਾਗੇ ਤਤਕਾਲੀ ਸੈਰ ਸਪਾਟਾ ਮੰਤਰੀ ਅੰਬਿਕਾ ਸੋਨੀ ਨੇ 26 ਦਸੰਬਰ 2007 ਨੂੰ ਕੇਂਦਰ ਸਰਕਾਰ ਕੋਲ ਇਸ ਮਾਰਗ ਦਾ ਮਾਮਲਾ ਉਠਾਇਆ। ਇਹ ਮਾਰਗ ਪੰਜਾਬ, ਹਰਿਆਣਾ, ਰਾਜਸਥਾਨ, ਮੱਧ ਪ੍ਰਦੇਸ਼, ਦਿੱਲੀ ਤੇ ਮਹਾਰਾਸ਼ਟਰ ਵਿਚੋਂ ਲੰਘਦਾ ਹੈ। ਕੇਂਦਰੀ ਮੰਤਰੀ ਨਿਤਿਨ ਗਡਕਰੀ ਨੇ 30 ਨਵੰਬਰ 2015 ਨੂੰ ਗੁਰੂ ਗੋਬਿੰਦ ਸਿੰਘ ਮਾਰਗ ਨੂੰ ਕੌਮੀ ਮਾਰਗ ਬਣਾਏ ਜਾਣ ਦੀ ਹਰੀ ਝੰਡੀ ਦਿੱਤੀ। ਪੰਜਾਬ ਸਰਕਾਰ ਨੇ ਉਦੋਂ ਹੀ ਸਾਰਾ ਪ੍ਰਾਜੈਕਟ ਬਣਾ ਕੇ ਕੇਂਦਰ ਨੂੰ ਦੇ ਦਿੱਤਾ ਸੀ। ਹਾਲੇ ਤੱਕ ਕੇਂਦਰ ਤੋਂ ਕੋਈ ਕਨਸੋਅ ਨਹੀਂ ਮਿਲੀ ਹੈ।




ਕੇਂਦਰ ਵਿਚ ਯੂਪੀਏ. ਸਰਕਾਰ ਦੌਰਾਨ ਪੰਜਾਬ ਦੀ ਗੱਠਜੋੜ ਸਰਕਾਰ ਆਖਦੀ ਰਹੀ ਕਿ ਕੇਂਦਰ ਸਰਕਾਰ ਮਾਰਗ ਬਣਾਏ ਜਾਣ ਦੇ ਮਾਮਲੇ ਵਿਚ ਸਹਿਯੋਗ ਨਹੀਂ ਕਰ ਰਹੀ ਅਤੇ ਅੜਿੱਕੇ ਪਾ ਰਹੀ ਹੈ। ਹੁਣ ਪੰਜਾਬ ਦੀ

ਬਾਕੀ ਸਫ਼ਾ 28 'ਤੇ

# ਚੋਣਾਂ ਦੇ ਮੱਦੇਨਜ਼ਰ ਭਾਜਪਾ ਨੇ ਰਾਮ ਮੰਦਿਰ ਦੀ ਸਿਆਸਤ ਭਖਾਈ

**ਪ੍ਰੋ. ਬਲਵਿੰਦਰਪਾਲ ਸਿੰਘ**



ਭਾਰਤ ਵਿਚ ਰਾਮ ਮੰਦਿਰ ਬਾਰੇ ਸਿਆਸਤ ਪੂਰੀ ਤਰ੍ਹਾਂ ਭਖ ਗਈ ਹੈ। 25 ਨਵੰਬਰ ਨੂੰ ਅਯੁੱਧਿਆ ਵਿਚ ਸੰਤਾਂ ਤੇ ਲੋਕਾਂ ਦਾ ਇਕੱਠ ਸਵੇਰ ਤੋਂ ਹੀ ਹੋਣਾ ਸ਼ੁਰੂ ਹੋ ਗਿਆ ਸੀ। ਵੱਡੇ ਮੰਚ 'ਤੇ ਸੌ ਤੋਂ ਵੀ ਵੱਧ ਸੰਤ ਬਿਰਾਜਮਾਨ ਸਨ, ਜਿਨ੍ਹਾਂ ਵਿਚ ਨ੍ਰਿਤਯ ਗੋਪਾਲ ਦਾਸ, ਰਾਮ ਭਦਰਾਚਾਰਿਆ, ਰਾਮਨੁਚਾਰਿਆ ਵਰਗੇ ਕਈ ਵੱਡੇ ਨਾਂ ਵੀ ਸ਼ਾਮਿਲ ਸਨ। ਧਰਮ ਸਭਾ ਦਾ ਆਯੋਜਨ ਵਿਸ਼ਵ ਹਿੰਦੂ ਪ੍ਰੀਸ਼ਦ (ਵੀਐਚਪੀ) ਵੱਲੋਂ ਕੀਤਾ ਗਿਆ ਸੀ ਪਰ ਇਸ ਵਿਚ ਸੰਘ ਪਰਿਵਾਰ ਦਾ ਪੂਰਾ ਸਹਿਯੋਗ ਸੀ। ਮੰਚ ਤੋਂ ਇਸ ਬਾਰੇ ਐਲਾਨ ਵੀ ਕੀਤਾ ਗਿਆ ਸੀ। ਭਾਜਪਾ ਦੇ ਕਈ ਨੇਤਾਵਾਂ ਅਤੇ ਵਿਧਾਇਕਾਂ ਦੇ ਹੋਰਡਿੰਗਸ ਦੱਸ ਰਹੇ ਸਨ ਕਿ ਭਾਜਪਾ ਆਗੂਆਂ ਨੇ ਵੀ ਆਪਣੀ ਮੌਜੂਦਗੀ ਦਰਜ ਕਰਵਾਈ ਹੈ।

ਅਯੁੱਧਿਆ ਦੇ ਸਥਨਾਕ ਪੱਤਰਕਾਰ ਅਤੇ ਪ੍ਰੈੱਸ ਕਲੱਬ ਦੇ ਪ੍ਰਧਾਨ ਮਹਿੰਦਰ ਤ੍ਰਿਪਾਠੀ ਅਨੁਸਾਰ ਇਹ ਗਿਣਤੀ ਵੱਧ ਤੋਂ ਵੱਧ ਇੱਕ ਲੱਖ ਸੀ। ਮੰਚ ਨੇੜੇ ਭੀੜ ਵਰਗਾ ਮਾਹੌਲ ਦਿਖ ਰਿਹਾ ਸੀ। ਬਾਕੀ ਕੁਰਸੀਆਂ ਵੀ ਖਾਲੀਆਂ ਸਨ ਅਤੇ ਕਾਫੀ ਸਾਰੀ ਥਾਂ ਵੀ ਖਾਲ੍ਹੀ ਸੀ। ਇਹ ਹਾਲ ਦੁਪਹਿਰ ਕਰੀਬ ਇਕ ਵਜੇ ਦਾ ਸੀ ਅਤੇ ਪ੍ਰੋਗਰਾਮ ਦੀ ਸਮਾਪਤੀ ਯਾਨੀ ਢਾਈ ਵਜੇ ਦੇ ਆਲੇ-ਦੁਆਲੇ ਪੰਡਾਲ ਖਾਲੀ ਹੋ ਚੁੱਕਾ ਸੀ।ਹਰਿਦੁਆਰ ਤੋਂ ਆਏ ਸੰਤ ਰਾਮਾਨੁਜਾਚਾਰਿਆ ਕੁਝ ਵੱਧ ਬੋਲਦੇ ਨਜ਼ਰ ਦਿਖਾਈ ਦਿੱਤੇ। ਉਨ੍ਹਾਂ ਨੇ ਸਿੱਧੇ ਤੌਰ 'ਤੇ ਕਿਸੇ ਕਪਿਲ ਸਿੱਬਲ ਤੇ ਕਿਸੇ ਰਾਜੀਵ ਧਵਨ ਦਾ ਜ਼ਿਕਰ ਕੀਤਾ। ਉਨ੍ਹਾਂ ਅਨੁਸਾਰ ਇਹ ਦੋਵੇਂ ਹਸਤੀਆਂ ਮੰਦਿਰ ਨਿਰਮਾਣ ਵਿਚ ਰੁਕਾਵਟ ਪੈਦਾ ਕਰ ਰਹੀਆਂ ਹਨ। ਉਨ੍ਹਾਂ ਨੇ ਧਰਮ ਸਭਾ ਵਿਚ ਪਹੁੰਚੇ ਲੋਕਾਂ ਨੂੰ ਸਿੱਧੇ ਤੌਰ 'ਤੇ ਵਿਸ਼ਵਾਸ ਦਿਵਾਇਆ ਕਿ ਇਹ ਕੰਮ ਮੌਜੂਦਾ ਸਰਕਾਰ ਅਤੇ ਮੌਜੂਦਾ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਹੀ ਮੁਮਕਿਨ ਹੈ, ਇਸ ਲਈ ਉਨ੍ਹਾਂ ਦੇ ਹੱਥਾਂ ਨੂੰ ਮਜ਼ਬੂਤ ਕੀਤਾ ਜਾਵੇ।ਤੁਲਸੀ ਪੀਠਾਧੀਵੇਸ਼ਵਰ ਚਿਤਰਕੂੱਟ ਦੇ ਸੰਤ ਰਾਮਭੱਦਰਾਚਾਰਿਆ ਦਾ ਕਹਿਣਾ ਸੀ ਭਾਜਪਾ 'ਤੇ ਵਿਸ਼ਵਾਸ ਕਰੋ, ਭਾਜਪਾ ਬਣਾਵੇਗੀ ਮੰਦਿਰ ਅਤੇ ਧੋਖੇ ਵਿਚ ਨਾ ਰਹਿਣਾ, ਚੋਣਾਂ ਤੋਂ ਬਾਅਦ ਭਾਜਪਾ ਮੰਦਿਰ 'ਤੇ ਜ਼ਰੂਰ ਪਹਿਲ ਕਰੇਗੀ। ਅਜਿਹੇ ਜੋਸ਼ੀਲੇ ਭਾਸ਼ਣਾਂ ਵਿਚਾਲੇ ਭੀੜ 'ਚੋਂ 'ਬੇਨਤੀ ਨਹੀਂ ਹੁਣ ਜੰਗ ਹੋਵੇਗੀ' ਵਰਗੇ ਨਾਅਰੇ ਵੀ ਲੱਗ ਰਹੇ ਸਨ। ਅਯੁੱਧਿਆ ਵਿਚ ਰਾਮ ਮੰਦਿਰ ਦੇ ਨਿਰਮਾਣ ਲਈ ਬੁਲਾਈ 'ਧਰਮ ਸਭਾ' ਵਿਚ ਵਿਸ਼ਵ ਹਿੰਦੂ ਪਰਿਸ਼ਦ ਨੇ ਆਖਿਆ ਹੈ ਕਿ ਮੰਦਿਰ ਨਿਰਮਾਣ ਲਈ ਤਰੀਕਾਂ ਦਾ ਐਲਾਨ ਅਗਲੇ ਸਾਲ ਹੋਣ ਵਾਲੇ ਕੁੰਭ ਮੇਲੇ ਦੌਰਾਨ ਕੀਤਾ ਜਾਵੇਗਾ। ਵਿਸ਼ਵ ਹਿੰਦੂ ਪਰਿਸ਼ਦ ਦੇ ਚੰਪਤ ਰਾਏ ਨੇ ਕਿਹਾ ਹੈ ਕਿ ਵਿਵਾਦਪੂਰਨ ਥਾਂ 'ਤੇ ਰਾਮ ਮੰਦਿਰ ਬਣਨਾ ਚਾਹੀਦਾ ਹੈ ਤੇ ਕਿਸੇ ਹੋਰ ਲਈ ਇਕ ਇੰਚ ਜਗ੍ਹਾ ਵੀ ਨਹੀਂ ਛੱਡੀ ਜਾਵੇਗੀ। ਉਹਦੇ ਅਨੁਸਾਰ ਹਿੰਦੂ ਇਹ ਪ੍ਰਵਾਨ ਨਹੀਂ ਕਰਨਗੇ ਕਿ ਵਿਵਾਦਪੂਰਨ ਜਗ੍ਹਾ ਦੇ ਕਿਸੇ ਵੀ ਟੁਕੜੇ 'ਤੇ ਨਮਾਜ਼ ਅਦਾ ਕੀਤੀ ਜਾਵੇ।ਇਸੇ ਸਭਾ ਵਿਚ ਇਕ ਹੋਰ ਬੁਲਾਰੇ ਨੇ ਕਿਹਾ ਕਿ ਕੇਂਦਰੀ ਸਰਕਾਰ ਦੇ ਇਕ ਮੰਤਰੀ ਨੇ 11 ਦਸੰਬਰ ਤਕ ਇਸ ਸਮੱਸਿਆ ਦਾ ਹੱਲ ਲੱਭਣ ਦਾ ਭਰੋਸਾ ਦਿੱਤਾ ਹੈ ਤੇ ਨਾਲ ਹੀ ਚਿਤਾਵਨੀ ਦਿੱਤੀ ਕਿ ਜੇ ਹੱਲ ਨਾ ਲੱਭਿਆ ਗਿਆ ਤਾਂ ਲੋਕ ਸ਼ਾਂਤੀ ਨਾਲ ਨਹੀਂ ਬੈਠਣਗੇ। ਉਸ ਨੇ ਇਹ ਵੀ ਕਿਹਾ ਕਿ ਉਹ ਅਦਾਲਤ ਤੋਂ ਨਿਰਾਸ਼ ਹੋ ਚੁੱਕੇ ਹਨ। ਕਈ ਹੋਰ ਸੰਤਾਂ ਨੇ ਵੀ ਕਿਹਾ ਕਿ ਸਬਰ ਦਾ ਬੰਨ੍ਹ ਟੁੱਟਣ ਵਾਲਾ ਹੈ ਤੇ ਸਰਕਾਰ ਨੂੰ ਰਾਮ ਮੰਦਿਰ ਲਈ ਕਾਨੂੰਨ ਬਣਾਉਣਾ ਚਾਹੀਦਾ ਹੈ ਜਾਂ ਆਰਡੀਨੈਂਸ ਜਾਰੀ ਕਰਨਾ ਚਾਹੀਦਾ ਹੈ। ਕੁਝ ਲੋਕਾਂ ਦਾ ਮੱਤ ਸੀ ਕਿ ਮੰਦਿਰ ਨਿਰਮਾਣ ਨੂੰ ਲੈ ਕੇ 1990ਵਿਆਂ ਵਰਗੇ ਹਾਲਾਤ ਬਣ ਸਕਦੇ ਹਨ। ਇਸ ਤੋਂ ਪਹਿਲਾਂ ਆਰਐਸਐਸ ਵੀ ਰਾਮ ਮੰਦਿਰ ਬਣਾਉਣ ਲਈ ਕਾਨੂੰਨ ਬਣਾਉਣ ਜਾਂ ਆਰਡੀਨੈਂਸ ਲੈ ਕੇ ਆਉਣ ਦੀ ਮੰਗ ਕਰ ਚੁੱਕੀ ਹੈ।

ਇਸ ਦੇ ਨਾਲ-ਨਾਲ ਮਾਮਲਾ ਸਰਬਉਚ ਅਦਾਲਤ ਵਿਚ ਵੀ ਹੈ, ਜਿਸ ਨੇ ਕਿਹਾ ਹੈ ਕਿ ਉਹ ਇਸ ਮਾਮਲੇ ਦੀ ਸੁਣਵਾਈ ਵਾਸਤੇ ਬੈਂਚ ਬਣਾਏਗੀ। ਦੂਸਰੇ ਪਾਸੇ ਸੁੰਨੀ ਵਕਫ਼ ਬੋਰਡ ਇਸ ਥਾਂ 'ਤੇ ਆਪਣਾ ਦਾਅਵਾ ਛੱਡਣ ਲਈ ਤਿਆਰ ਨਹੀਂ ਅਤੇ ਉਨ੍ਹਾਂ ਦੀ ਟੇਕ ਸਰਬਉਚ ਅਦਾਲਤ ਦੇ ਫ਼ੈਸਲੇ 'ਤੇ ਹੈ। ਮੁਸਲਿਮ ਪਰਸਨਲ ਲਾਅ ਬੋਰਡ ਨੇ ਇਸ 'ਧਰਮ ਸਭਾ' ਨੂੰ ਸੁਪਰੀਮ ਕੋਰਟ ਲਈ ਖੁੱਲ੍ਹੀ ਚੁਣੌਤੀ ਕਿਹਾ ਹੈ।

ਸਾਰੇ ਜਾਣਦੇ ਹਨ ਕਿ ਇਹ ਮਾਮਲਾ 25 ਸਾਲਾਂ ਤੋਂ ਵੀ ਜ਼ਿਆਦਾ ਸਮੇਂ ਤੋਂ ਲਟਕ ਰਿਹਾ ਹੈ। ਇਸ ਦੌਰਾਨ ਲਗਭਗ 10 ਸਾਲ ਭਾਰਤੀ ਜਨਤਾ ਪਾਰਟੀ ਕੇਂਦਰ ਵਿਚ ਸੱਤਾ ਵਿਚ ਰਹੀ ਹੈ ਪਰ ਕਿਸੇ ਵੀ ਤਰ੍ਹਾਂ ਦੀ ਇਹੋ ਜਿਹੀ ਪਹਿਲਕਦਮੀ ਨਹੀਂ ਕੀਤੀ ਗਈ ਜਿਸ ਵਿਚ ਦੋਹਾਂ ਫ਼ਿਰਕਿਆਂ ਦੇ ਲੋਕਾਂ ਤੇ ਆਗੂਆਂ ਨੂੰ ਕਿਸੇ ਇਹੋ ਜਿਹੇ ਸਮਝੌਤੇ ਲਈ ਰਾਜ਼ੀ ਕੀਤਾ ਜਾ ਸਕਦਾ, ਜਿਸ ਨਾਲ ਮਾਮਲਾ ਸੁਲ੍ਹਾ ਵਾਲੇ ਮਾਹੌਲ ਵਿਚ ਸੁਲਝ ਜਾਂਦਾ। ਮਸਲੇ ਨੂੰ ਸੁਲਝਾਉਣ ਦੀ ਥਾਂ, ਵੱਖ-ਵੱਖ ਸਮਿਆਂ 'ਤੇ ਜਜ਼ਬਾਤ ਭੜਕਾਏ ਜਾਂਦੇ ਹਨ ਤੇ ਉਨ੍ਹਾਂ ਨੂੰ ਚੋਣਾਂ ਲਈ ਵਰਤਿਆ ਜਾਂਦਾ ਹੈ। ਧਾਰਮਿਕ ਆਗੂ ਜਦੋਂ ਭਾਵਨਾਵਾਂ ਵਿਚ ਗੜੁੱਚ ਤਕਰੀਰਾਂ ਕਰਦੇ ਹਨ ਤਾਂ ਉਹ ਭੁੱਲ ਜਾਂਦੇ ਹਨ ਕਿ ਇਸ ਦੇਸ਼ ਵਿਚ ਕਾਫ਼ੀ ਗਿਣਤੀ ਵਿਚ ਘੱਟ-ਗਿਣਤੀਆਂ ਦੇ ਲੋਕ ਰਹਿੰਦੇ ਹਨ ਤੇ ਬਹੁਗਿਣਤੀ ਫ਼ਿਰਕੇ ਦੇ ਲੋਕਾਂ ਦੀ ਜ਼ਿੰਮੇਵਾਰੀ ਹੈ ਕਿ ਉਨ੍ਹਾਂ ਨੂੰ ਨਾਲ ਲੈ ਕੇ ਚੱਲਣ। ਆਪਣੇ ਭਾਸ਼ਣਾਂ ਵਿਚ ਬਹੁਤ ਸਾਰੇ ਆਗੂ ਬਲਦੀ 'ਤੇ ਤੇਲ ਹੀ ਪਾਉਂਦੇ ਹਨ। ਇਹ ਕਹਿਣਾ ਕਿ ਲੋਕ ਸ਼ਾਂਤੀ ਨਾਲ ਨਹੀਂ ਬੈਠਣਗੇ ਜਾਂ ਲੋਕ ਸਰਬਉਚ ਅਦਾਲਤ ਦੇ ਰਵੱਈਏ ਤੋਂ ਨਿਰਾਸ਼ ਹੋ ਚੁੱਕੇ ਹਨ, ਬਹੁਤ ਹੀ ਗ਼ੈਰ-ਜ਼ਿੰਮੇਵਾਰਾਨਾ ਬਿਆਨ ਹਨ।

- **ਸੱਤਾ ਪ੍ਰਾਪਤੀ ਲਈ ਭਗਵੇਂਵਾਦੀ ਮੁਸਲਮਾਨਾਂ ਖਿਲਾਫ ਨਫਰਤ ਭੜਕਾਉਣ ਲੱਗੇ**
- **"ਬੇਨਤੀ ਨਹੀਂ ਹੁਣ ਜੰਗ ਹੋਵੇਗੀ" ਕਹਿ ਕੇ ਅਦਾਲਤ ਨੂੰ ਵੀ ਚੁਣੌਤੀ**
- **"ਮਸਜਿਦ ਤੋੜਨ ਵਿਚ 17 ਮਿੰਟ ਲੱਗੇ ਸੀ, ਮੰਦਿਰ ਬਣਾਉਣ ਦਾ ਬਿਲ ਲਿਆਉਣ ਵਿਚ ਇਸ ਤੋਂ ਵੀ ਘੱਟ ਸਮਾਂ ਲੱਗੇਗਾ।"**
- **"ਮੰਦਿਰ ਬਣਾਉਣ ਲਈ ਜੇਕਰ ਸੰਵਿਧਾਨ ਵੀ ਤੋੜਨਾ ਪਵੇ ਤਾਂ ਉਸ ਨੂੰ ਤੋੜ ਦਿੱਤਾ ਜਾਵੇ।" -ਭਾਜਪਾ ਵਿਧਾਇਕ**



ਹੁਣ 2019 ਦੀਆਂ ਲੋਕ ਸਭਾ ਚੋਣਾਂ ਸਿਰ 'ਤੇ ਹਨ ਅਤੇ ਸਾਰੇ ਸਿਆਸੀ ਮਾਹਿਰ ਲਗਭਗ ਇਕਮੱਤ ਹਨ ਕਿ ਸੱਤਾਧਾਰੀ ਪਾਰਟੀ ਇਸ ਨੂੰ ਚੋਣਾਂ ਦਾ ਮੁੱਖ ਮੁੱਦਾ ਬਣਾਉਣ 'ਤੇ ਤੁਲੀ ਹੋਈ ਹੈ ਕਿਉਂਕਿ ਵਿਕਾਸ ਦੇ ਮੁੱਦੇ 'ਤੇ ਉਸ ਦੀ ਕਾਰਗੁਜ਼ਾਰੀ ਬਹੁਤੀ ਵਧੀਆ ਨਹੀਂ ਰਹੀ। ਚਾਹੀਦਾ ਤਾਂ ਇਹ ਸੀ ਕਿ ਸੰਵਿਧਾਨ ਤੇ ਜਮਹੂਰੀਅਤ ਦੇ ਦਾਇਰਿਆਂ ਵਿਚ ਰਹਿੰਦਿਆਂ ਇਸ ਮਸਲੇ ਦਾ ਹੱਲ ਲੱਭਿਆ ਜਾਂਦਾ ਪਰ ਜੋ ਹਾਲਾਤ ਪੈਦਾ ਕੀਤੇ ਜਾ ਰਹੇ ਹਨ, ਉਹ ਸ਼ੁਭ ਨਹੀਂ। ਸੱਤਾਧਾਰੀ ਪਾਰਟੀ ਨੂੰ ਚਾਹੀਦਾ ਹੈ ਕਿ ਉਹ ਘੱਟਗਿਣਤੀਆਂ ਨੂੰ ਵਿਸ਼ਵਾਸ ਦਿਵਾਏ ਕਿ ਸਾਰਾ ਮਾਮਲਾ ਆਪਸੀ ਸਹਿਯੋਗ ਨਾਲ ਸੁਲਝਾਇਆ ਜਾਏਗਾ ਤਾਂ ਕਿ ਇਸ ਮਾਮਲੇ ਤੋਂ ਪੈਦਾ ਹੋ ਰਹੀਆਂ ਫ਼ਿਰਕਾਪ੍ਰਸਤ ਭਾਵਨਾਵਾਂ ਤੋਂ ਦੇਸ਼ ਨੂੰ ਬਚਾਇਆ ਜਾ ਸਕੇ।

ਅਦਾਲਤ ਤੇ ਕਨੂੰਨ ਨੂੰ ਚੁਣੌਤੀ : ਇਕ ਪਾਸੇ ਮਾਮਲਾ ਸਰਬਉੱਚ ਅਦਾਲਤ ਵਿਚ ਲਟਕਿਆ ਹੋਇਆ ਹੈ ਅਤੇ ਦੂਜੇ ਪਾਸੇ ਅਯੁੱਧਿਆ ਵਿਚ ਐਮਰਜੈਂਸੀ ਦੀ ਸਥਿਤੀ ਬਣ ਗਈ ਹੈ। ਮੰਦਿਰਵਾਦੀ ਹੁਣ ਅਦਾਲਤ ਦੇ ਫ਼ੈਸਲੇ ਦਾ ਇੰਤਜ਼ਾਰ ਕਰਨ ਨੂੰ ਵੀ ਤਿਆਰ ਨਹੀਂ ਅਤੇ ਉਹ ਕਿਸੇ ਵੀ ਹਾਲਤ ਵਿਚ ਮੰਦਿਰ ਦੇ ਨਿਰਮਾਣ ਦਾ ਕੰਮ ਸ਼ੁਰੂ ਕਰਨ ਲਈ ਉਤਾਵਲੇ ਹੋ ਰਹੇ ਹਨ। ਇਸ ਵਿਚ ਸਭ ਤੋਂ ਗੰਭੀਰ ਗੱਲ ਤਾਂ ਇਹ ਹੈ ਕਿ ਮੰਦਿਰ ਨਿਰਮਾਣ ਦੀਆਂ ਧਮਕੀਆਂ ਦੇ ਵਿਚਕਾਰ ਨਾ ਤਾਂ ਕੇਂਦਰ ਦੀ ਮੋਦੀ ਸਰਕਾਰ ਅਤੇ ਨਾ ਹੀ ਉੱਤਰ ਪ੍ਰਦੇਸ਼ ਦੀ ਯੋਗੀ ਸਰਕਾਰ ਵਲੋਂ ਕੁਝ ਕਿਹਾ ਜਾ ਰਿਹਾ ਹੈ। ਹਾਲਾਂਕਿ ਵਿਵਾਦਤ ਸਥਾਨ ਦੀ ਸੁਰੱਖਿਆ ਲਈ ਉਥੇ ਪੁਲਿਸ ਦੀ ਵੱਡੇ ਪੈਮਾਨੇ 'ਤੇ ਤਾਇਨਾਤੀ ਕੀਤੀ ਜਾ ਰਹੀ ਹੈ। ਪਰ ਸਵਾਲ ਇਹ ਹੈ ਕਿ ਪੁਲਿਸ ਉਥੇ ਕੀ ਕਰੇਗੀ ? ਫ਼ੈਸਲਾ ਤਾਂ ਸਰਕਾਰ ਦੀ ਰਾਜਨੀਤਕ ਅਗਵਾਈ ਭਾਵ ਨਰਿੰਦਰ ਮੋਦੀ ਨੇ ਕਰਨਾ ਹੈ ਅਤੇ ਉਹ ਕੀ ਕਰਨਗੇ, ਇਸ ਸਬੰਧੀ ਉਹ ਕਿਸੇ ਤਰ੍ਹਾਂ ਦਾ ਕੋਈ ਸੰਕੇਤ ਨਹੀਂ ਦੇ ਰਹੇ ਹਨ।

ਇਸ ਵਿਚ ਦੋ ਰਾਵਾਂ ਨਹੀਂ ਕਿ ਅਯੁੱਧਿਆ ਮਾਮਲੇ 'ਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨਾ ਤਾਂ ਆਪਣੀ ਪਾਰਟੀ ਨੂੰ ਭਰੋਸੇ ਵਿਚ ਲੈ ਰਹੇ ਹਨ ਅਤੇ ਨਾ ਨਹੀਂ ਸੰਘ ਪਰਿਵਾਰ ਨੂੰ। ਉਨ੍ਹਾਂ ਨੇ ਸੰਵਿਧਾਨ ਦੀ ਸਹੁੰ ਚੁੱਕ ਕੇ ਪ੍ਰਧਾਨ ਮੰਤਰੀ ਦੇ ਅਹੁਦੇ ਨੂੰ ਸੰਭਾਲਿਆ ਹੈ ਅਤੇ ਉਨ੍ਹਾਂ ਤੋਂ ਇਹੋ ਉਮੀਦ ਕੀਤੀ ਜਾਂਦੀ ਹੈ ਕਿ ਉਹ ਕਾਨੂੰਨ ਦੇ ਰਾਜ ਦਾ ਪਾਲਣ ਕਰਨਗੇ ਅਤੇ ਕਰਵਾਉਣਗੇ। ਕਾਨੂੰਨ ਦੇ ਰਾਜ ਦੇ ਪਾਲਣ ਦਾ ਮਤਲਬ ਅਯੁੱਧਿਆ ਵਿਚ ਇਸ ਸਮੇਂ ਸਥਿਤੀ ਨੂੰ ਬਣਾਈ ਰੱਖਣਾ ਹੈ, ਕਿਉਂਕਿ ਸਰਬਉੱਚ ਅਦਾਲਤ ਦਾ ਇਹ ਆਦੇਸ਼ ਹੈ। ਉਸ ਜ਼ਮੀਨ ਦਾ ਕੇਂਦਰ ਸਰਕਾਰ ਨੇ ਸੰਨ 1993 ਵਿਚ ਹੀ ਕਬਜ਼ਾ ਲੈ ਲਿਆ ਸੀ। ਤਕਨੀਕੀ ਤੌਰ 'ਤੇ ਇਹ ਕੇਂਦਰ ਸਰਕਾਰ ਦੇ ਪੂਰੇ ਕੰਟਰੋਲ ਵਾਲੀ ਜ਼ਮੀਨ ਹੈ। ਜਦੋਂ ਕਬਜ਼ੇ ਦੇ ਆਦੇਸ਼ ਨੂੰ ਅਦਾਲਤ ਵਿਚ ਚੁਣੌਤੀ ਦਿੱਤੀ ਗਈ ਸੀ ਤਾਂ ਕੇਂਦਰ ਸਰਕਾਰ ਨੇ ਇਹੀ ਕਿਹਾ ਸੀ ਕਿ ਉਸ ਵਲੋਂ ਜ਼ਮੀਨ 'ਤੇ ਕਬਜ਼ਾ ਉਥੇ ਸ਼ਾਂਤੀ ਬਣਾਈ ਰੱਖਣ ਲਈ ਕੀਤਾ ਗਿਆ ਹੈ, ਤਾਂ ਕਿ ਕੋਈ ਵੀ ਪੱਖ ਕਿਸੇ ਵੀ ਤਰ੍ਹਾਂ ਦੀ ਗੜਬੜੀ ਨਾ ਕਰ ਸਕੇ। ਕਿਉਂਕਿ ਜ਼ਮੀਨ ਰਾਜ ਸਰਕਾਰ ਦਾ ਮਾਮਲਾ ਹੁੰਦਾ ਹੈ ਅਤੇ ਜ਼ਮੀਨ 'ਤੇ ਕਬਜ਼ੇ ਦਾ ਅਧਿਕਾਰ ਸੂਬਾ ਸਰਕਾਰ ਦਾ ਹੀ ਹੁੰਦਾ ਹੈ, ਇਸ ਲਈ ਉਸ ਸਮੇਂ ਕੇਂਦਰ ਸਰਕਾਰ ਨੂੰ ਮਹਿਸੂਸ ਹੋਇਆ ਹੋਵੇਗਾ ਕਿ ਵਿਧਾਨ ਸਭਾ ਚੋਣਾਂ ਤੋਂ ਬਾਅਦ ਮੁੜ ਭਾਜਪਾ ਦੀ ਸਰਕਾਰ ਬਣ ਸਕਦੀ ਹੈ ਅਤੇ ਇਹ ਸਰਕਾਰ ਵਿਵਾਦਤ ਸਥਾਨ ਨੂੰ ਆਪਣੇ ਅਧਿਕਾਰ ਹੇਠ ਕਰਕੇ ਉਸ ਨੂੰ ਮੰਦਿਰ ਨਿਰਮਾਣ ਲਈ ਸਬੰਧਿਤ ਪੱਖ ਨੂੰ ਦੇ ਸਕਦੀ ਹੈ।ਇਸ ਲਈ ਮਿਲੇ ਵਿਸ਼ੇਸ਼ ਅਧਿਕਾਰ ਦੀ ਵਰਤੋਂ ਕਰਦੇ ਹੋਏ ਕੇਂਦਰ ਸਰਕਾਰ ਨੇ ਉਹ ਜ਼ਮੀਨ ਆਪਣੇ ਅਧਿਕਾਰ ਹੇਠ ਕਰ ਲਈ ਸੀ, ਤਾਂ ਕਿ ਭਵਿੱਖ ਵਿਚ ਮੰਦਿਰ ਨਾਲ ਸਬੰਧਿਤ ਕੋਈ ਵੀ ਸੂਬਾ ਸਰਕਾਰ ਆਪਣੀਆਂ ਸ਼ਕਤੀਆਂ ਦੀ ਵਰਤੋਂ ਕਰਕੇ ਉਸ 'ਤੇ ਨਿਰਮਾਣ ਨਾ ਕਰ ਸਕੇ। ਕੇਂਦਰ ਸਰਕਾਰ ਨੇ ਸਰਬਉਚ ਅਦਾਲਤ ਨੂੰ ਇਹ ਵੀ ਕਿਹਾ ਸੀ ਕਿ ਅਦਾਲਤ ਦੇ ਫ਼ੈਸਲੇ ਤੋਂ ਬਾਅਦ ਇਹ ਜ਼ਮੀਨ ਜਿਸ ਧਿਰ ਨੂੰ ਦਿੱਤੀ ਜਾਵੇਗੀ, ਸਰਕਾਰ ਉਸ ਨੂੰ ਦੇ ਦੇਵੇਗੀ। ਕੇਂਦਰ ਸਰਕਾਰ ਦੇ ਇਸ ਭਰੋਸੇ 'ਤੇ ਹੀ ਅਦਾਲਤ ਨੇ ਉਸ ਜ਼ਮੀਨ ਦੇ ਕਬਜ਼ੇ ਸਬੰਧੀ ਦਾਇਰ ਕੀਤੀ ਅਪੀਲ ਰੱਦ ਨਹੀਂ ਕੀਤੀ ਸੀ ਅਤੇ ਕਿਹਾ ਸੀ ਕਿ ਕੇਂਦਰ ਸਰਕਾਰ ਆਪਣੇ-ਆਪ ਨੂੰ ਉਸ ਜ਼ਮੀਨ ਦਾ ਨਿਗਰਾਨ ਸਮਝੇ ਅਤੇ ਜਦੋਂ ਤੱਕ ਅਦਾਲਤ ਦਾ ਆਖਰੀ ਫ਼ੈਸਲਾ ਨਹੀਂ ਆਉਂਦਾ ਉਦੋਂ ਤੱਕ ਉਥੋਂ ਦੀ ਸਥਿਤੀ 'ਤੇ ਕੰਟਰੋਲ ਬਣਾਈ ਰੱਖੇ। ਇਸ ਲਈ ਕਾਨੂੰਨ ਦਾ ਰਾਜ ਉਦੋਂ ਹੀ ਮੰਨਿਆ ਜਾਵੇਗਾ ਜਦੋਂ ਕੇਂਦਰ ਸਰਕਾਰ ਅਤੇ ਸੂਬਾ ਸਰਕਾਰ ਵੀ ਸਰਬਉੱਚ ਅਦਾਲਤ ਦੇ ਆਦੇਸ਼ 'ਤੇ ਅਮਲ ਕਰਦੇ ਹੋਏ ਸਥਿਤੀ ਨੂੰ ਭੰਗ ਨਹੀਂ ਹੋਣ ਦੇਣਗੀਆਂ। ਇਸ ਸਥਿਤੀ ਨੂੰ ਬਰਕਰਾਰ ਰੱਖਣ ਦਾ ਭਾਵ ਹੈ ਕਿ ਉਥੇ ਕਿਸੇ ਵੀ ਤਰ੍ਹਾਂ ਦਾ ਨਿਰਮਾਣ ਕਾਰਜ ਨਹੀਂ ਕਰਵਾਇਆ ਜਾਵੇਗਾ ਅਤੇ ਮੂਰਤੀ ਜਿਸ ਜਗ੍ਹਾ ਰੱਖੀ ਹੋਈ ਹੈ, ਉਸ ਨੂੰ ਉਸੇ ਜਗ੍ਹਾ ਰਹਿਣ ਦਿੱਤਾ ਜਾਵੇ। ਇਸ ਤੋਂ ਇਲਾਵਾ ਉਥੇ ਜਿਸ ਤਰ੍ਹਾਂ ਦੀ ਵਿਵਸਥਾ ਮਸਜਿਦ ਦੇ ਢਹਿਣ ਤੋਂ ਬਾਅਦ ਚੱਲ ਰਹੀ ਹੈ, ਉਹ ਵਿਵਸਥਾ ਚਲਦੀ ਰਹਿਣ ਦਿੱਤੀ ਜਾਵੇ ਪਰ ਮੰਦਿਰਵਾਦੀ ਉਥੇ ਮੰਦਰ ਨਿਰਮਾਣ ਸ਼ੁਰੂ ਕਰਨ ਦੀ ਗੱਲ ਕਰ ਰਹੇ ਹਨ। ਵਿਵਾਦਤ ਜ਼ਮੀਨ ਉਥੇ 3 ਏਕੜ ਤੋਂ ਵੀ ਘੱਟ ਹੈ ਅਤੇ ਮੰਦਿਰ ਕਈ ਏਕੜ ਵਿਚ ਫੈਲਿਆ ਹੋਇਆ ਹੋਵੇਗਾ, ਅਜਿਹੀ ਯੋਜਨਾ ਹੈ। ਇਸ ਲਈ ਵਿਵਾਦਤ ਜ਼ਮੀਨ 'ਤੇ ਸਥਿਤੀ ਬਣਾਈ ਰੱਖਦੇ ਹੋਏ ਵੀ ਉਥੋਂ ਕੁਝ ਦੂਰੀ 'ਤੇ ਮੰਦਿਰ ਨਿਰਮਾਣ ਦੀ ਨੀਂਹ ਰੱਖ ਕੇ ਕਾਨੂੰਨ ਦੇ ਰਾਜ ਨੂੰ ਸਥਾਪਤ ਕੀਤਾ ਜਾ ਸਕਦਾ ਹੈ ਅਤੇ ਮੰਦਿਰਵਾਦੀਆਂ ਦੀ ਜ਼ਿੱਦ ਦੀ ਵੀ ਸੰਤੁਸ਼ਟੀ ਕੀਤੀ ਜਾ ਸਕਦੀ ਹੈ ਪਰ ਮੰਦਿਰਵਾਦੀਆਂ ਦਾ ਰੁਖ਼ ਦੇਖਦੇ ਹੋਏ ਤਾਂ ਇਹੀ ਲੱਗ ਰਿਹਾ ਹੈ ਕਿ ਕਾਨੂੰਨ ਦੇ ਰਾਜ ਵਿਚ ਉਨ੍ਹਾਂ ਦੀ ਕੋਈ ਆਸਥਾ ਨਹੀਂ ਹੈ।

ਸ਼ਿਵ ਸੈਨਾ ਦੇ ਪ੍ਰਧਾਨ ਉਧਵ ਠਾਕਰੇ ਕਹਿ ਚੁੱਕੇ ਹਨ,ਕਿ 'ਪਹਿਲਾਂ ਮੰਦਿਰ, ਫਿਰ ਸਰਕਾਰ।' ਇਸ ਦਾ ਮਤਲਬ ਇਹ ਹੁੰਦਾ ਹੈ ਕਿ ਉੱਤਰ ਪ੍ਰਦੇਸ਼ ਅਤੇ ਕੇਂਦਰ ਦੀਆਂ ਸਰਕਾਰਾਂ ਭਾਵੇਂ ਹੀ ਚਲੀਆਂ ਜਾਣ ਪਰ ਮੰਦਿਰ ਤਾਂ ਬਣਾਉਣਾ ਹੀ ਹੈ। ਭਾਜਪਾ ਦਾ ਇਕ ਵਿਧਾਇਕ ਤਾਂ ਇਥੋਂ ਤੱਕ ਕਹਿ ਚੁੱਕਾ ਹੈ ਕਿ ਮੰਦਿਰ ਬਣਾਉਣ ਲਈ ਜੇਕਰ ਸੰਵਿਧਾਨ ਵੀ ਤੋੜਨਾ ਪਵੇ ਤਾਂ ਉਸ ਨੂੰ ਤੋੜ ਦਿੱਤਾ ਜਾਵੇ। ਸ਼ਿਵ ਸੈਨਾ ਦੇ ਇਕ ਨੇਤਾ ਜੋ ਸੰਸਦ ਮੈਂਬਰ ਵੀ ਹਨ, ਦਾ ਕਹਿਣਾ ਹੈ ਕਿ ਮਸਜਿਦ ਤੋੜਨ ਵਿਚ 17 ਮਿੰਟ ਲੱਗੇ ਸੀ, ਮੰਦਿਰ ਬਣਾਉਣ ਦਾ ਬਿੱਲ ਲਿਆਉਣ ਵਿਚ ਇਸ ਤੋਂ ਵੀ ਘੱਟ ਸਮਾਂ ਲੱਗੇਗਾ।ਇਸ ਦਾ ਮਤਲਬ ਇਹ ਸਮਝਿਆ ਜਾਵੇ ਕਿ ਮੰਦਿਰਵਾਦੀਆਂ ਨੂੰ ਪੂਰਾ ਭਰੋਸਾ ਹੈ ਕਿ ਕੇਂਦਰ ਸਰਕਾਰ ਬਿੱਲ ਲਿਆ ਕੇ ਮੰਦਿਰ ਨਿਰਮਾਣ ਦੀ ਇਜਾਜ਼ਤ ਦੇ ਦੇਵੇਗੀ ਅਤੇ ਕਬਜ਼ੇ ਵਾਲੀ ਜ਼ਮੀਨ ਨਿਰਮਾਣ ਕਰਨ ਵਾਲਿਆਂ ਨੂੰ ਸੰਭਾਲ ਦਿੱਤੀ ਜਾਵੇਗੀ। ਪਹਿਲਾ ਸਵਾਲ ਤਾਂ ਇਹ ਹੈ ਕਿ ਕੀ ਕੇਂਦਰ ਸਰਕਾਰ ਸੰਵਿਧਾਨਕ ਤੌਰ 'ਤੇ ਸਮਰੱਥ ਹੈ ਕਿ ਉਹ ਕਿਸੇ ਮੰਦਿਰ ਨਿਰਮਾਣ ਲਈ ਕਬਜ਼ੇ ਹੇਠ ਕਿਸੇ ਜ਼ਮੀਨ ਨੂੰ ਦੇ ਦੇਵੇ, ਜਦਕਿ ਉਸ ਜ਼ਮੀਨ ਦੇ ਮਾਲਕਾਨਾ ਹੱਕ ਨੂੰ ਲੈ ਕੇ ਅਦਾਲਤ ਵਿਚ ਵਿਵਾਦ ਚੱਲ ਰਿਹਾ ਹੈ। ਕੁੱਲ ਮਿਲਾ ਕੇ ਕਿਹਾ ਜਾ ਸਕਦਾ ਹੈ ਕਿ ਭਗਵੇਂਵਾਦੀ ਕਨੂੰਨ ਨੂੰ ਟਿੱਚ ਸਮਝਕੇ ਮੰਦਿਰ ਉਸਾਰੀ ਦੇ ਨਾਮ 'ਤੇ ਦੇਸ਼ ਨੂੰ ਤਬਾਹੀ ਵੱਲ ਲੈ ਕੇ ਜਾ ਰਹੇ ਹਨ।

ਅੰਮ੍ਰਿਤਸਰ ਟਾਈਮਜ਼ AMRITSAR TIMES
28 ਨਵੰਬਰ 2018 ਤੋਂ 04 ਦਸੰਬਰ 2018

### ਕਰਤਾਰਪੁਰ ਕੋਰੀਡੋਰ ਦਾ ਉਦਘਾਟਨੀ ਸਮਾਗਮ

# ਸ਼ਰਮ ਜਿਨ ਕੋ ਮਗਰ ਨਹੀਂ ਆਤੀ...

**- ਮਨਜੀਤ ਸਿੰਘ ਟਿਵਾਣਾ**

ਪਾਕਿਸਤਾਨੀ ਪੰਜਾਬ ਵਿਚਲੇ ਸਿੱਖ ਗੁਰਧਾਮਾਂ ਦੀ ਸੇਵਾ-ਸੰਭਾਲ ਤੇ ਖੁੱਲ੍ਹੇ ਦਰਸ਼ਨ-ਦੀਦਾਰ ਕਰਨ ਦੀ ਸਿੱਖਾਂ ਦੀ ਤਮੰਨਾ ਬਹੁਤ ਪੁਰਾਣੀ ਹੈ। ਸਿੱਖ ਦੀ ਅਰਦਾਸ ਵਿਚ ਹਰ ਰੋਜ਼ ਪੰਥ ਤੋਂ ਦੂਰ ਹੋ ਗਏ ਗੁਰਧਾਮਾਂ ਦੀ ਪਵਿੱਤਰ ਯਾਦ ਦਾ ਹੇਰਵਾ ਪ੍ਰਗਟ ਹੁੰਦਾ ਹੈ ਤੇ ਇਹ ਆਸ ਵੀ ਪ੍ਰਗਟ ਹੁੰਦੀ ਹੈ ਕਿ ਇਕ-ਨਾ-ਇਕ ਦਿਨ ਸਿੱਖ-ਪੰਥ ਦੀ ਅਰਜ਼ੋਈ ਗੁਰੂ ਵੱਲੋਂ ਜ਼ਰੂਰ ਸੁਣੀ ਜਾਵੇਗੀ। ਅਜਿਹੀ ਹੀ ਇਕ ਬੇਨਤੀ ਤਾਂ ਸਤਿਗੁਰੂ ਨੇ ਸੁਣ ਵੀ ਲਈ ਹੈ। ਸਿੱਖ ਕੌਮ ਨੇ ਲੰਮੇ ਸੰਘਰਸ਼ ਤੋਂ ਬਾਅਦ ਆਖਰ ਸ੍ਰੀ ਕਰਤਾਰਪੁਰ ਸਾਹਿਬ ਦੇ ਲਾਂਘੇ ਦਾ ਮਾਮਲਾ ਲਗਭੱਗ ਹੱਲ ਕਰਵਾ ਲਿਆ ਹੈ। ਕਰਤਾਰਪੁਰ ਸਾਹਿਬ ਪਹਿਲੀ ਪਾਤਸ਼ਾਹੀ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਕਰਮ ਭੂਮੀ ਹੈ, ਜਿਥੇ ਗੁਰੂ ਪਾਤਸ਼ਾਹ ਨੇ ਆਪਣੇ ਜੀਵਨ ਦਾ ਅਖ਼ਰੀਲਾ ਸਮਾਂ ਬਿਤਾਇਆ ਸੀ।

ਭਾਰਤ ਤੇ ਪਾਕਿਸਤਾਨ, ਦੋਵਾਂ ਦੇਸ਼ਾਂ ਦੀਆਂ ਸਰਕਾਰਾਂ ਤੇ ਸਿਆਸਤਦਾਨਾਂ ਨੇ ਭਾਵੇਂ ਆਪੋ-ਆਪਣੇ ਨਿੱਜੀ ਤੇ ਸਿਆਸੀ ਮੁਨਾਫ਼ੇ ਲਈ ਹੀ ਸਹੀ, ਫਿਲਹਾਲ ਇਸ ਲਾਂਘੇ ਲਈ ਹਰੀ ਝੰਡੀ ਦੇ ਦਿੱਤੀ ਹੈ। ਇਸ ਸਭ ਦੇ ਬਾਵਜੂਦ ਦੋਵਾਂ ਪਾਸਿਆਂ ਦੀਆਂ ਸਰਕਾਰਾਂ ਤੇ ਰਾਜਨੇਤਾਵਾਂ ਦੀ ਇਸ ਮਾਮਲੇ ਉਤੇ ਖੇਡੀ ਜਾ ਰਹੀ ਹੋਛੀ ਰਾਜਨੀਤੀ ਕੁਝ ਡਰ ਤੇ ਸ਼ੱਕ ਦਾ ਮਾਹੌਲ ਵੀ ਬਰਾਬਰ ਸਿਰਜ ਰਹੀ ਹੈ। ਦੋਵੇਂ ਪਾਸਿਆਂ ਦੇ ਕਈ ਪੰਜਾਬ ਤੇ ਪੰਥ ਦਰਦੀਆਂ ਦੇ ਮਨਾਂ ਵਿਚ ਇਹ ਤੌਖਲੇ ਵੀ ਨਾਲ-ਨਾਲ ਸਫਰ ਕਰ ਰਹੇ ਹਨ, ਕਿ ਕਿਤੇ ਬਣੀ-ਬਣਾਈ ਗੱਲ ਫਿਰ ਤਾਂ ਨਹੀਂ ਵਿਗਾੜ ਦਿੱਤੀ ਜਾਵੇਗੀ। ਇੱਕ-ਦੂਜੇ ਤੋਂ ਬਾਜ਼ੀ ਮਾਰਨ ਲਈ ਕਾਹਲੀਆਂ ਧਿਰਾਂ, ਲਾਂਘੇ ਦਾ ਸਿਹਰਾ ਆਪੋ-ਆਪਣੇ ਸਿਰ ਬੰਨ੍ਹਣ ਲਈ ਕੁਫ਼ਰ ਤੋਲਣ ਲੱਗੀਆਂ ਹੋਈਆਂ ਹਨ। ਕਰਤਾਰਪੁਰ ਸਾਹਿਬ ਲਾਂਘੇ ਦੇ ਭਾਰਤ ਵਾਲੇ ਪਾਸੇ ਡੇਰਾ ਬਾਬਾ ਨਾਨਕ ਵਿਖੇ ਨੀਂਹ ਪੱਥਰ ਸਮਾਗਮ ਦੌਰਾਨ ਜੋ ਖਿੱਲੀ ਸਾਡੀ ਸਿਆਸਤ ਦੀ ਉਡੀ ਹੈ, ਉਸ ਨੇ ਸਾਡੇ ਆਗੂਆਂ ਦੀ ਅਕਲ ਦਾ ਜਨਾਜ਼ਾ ਕੱਢਣ ਵਿਚ ਕੋਈ ਕਸਰ ਬਾਕੀ ਨਹੀਂ ਛੱਡੀ। ਇਸ ਵਰਤਾਰੇ ਨੇ ਸਿੱਖ ਭਾਈਚਾਰੇ ਤੇ ਦੋਵੇਂ ਦੇਸ਼ਾਂ ਵਿਚ ਵਸਦੇ ਪੰਜਾਬ ਹਿਤੈਸ਼ੀਆਂ ਨੂੰ ਨਿਰਾਸ਼ ਕੀਤਾ ਹੈ। ਗੁਰੂ ਨਾਨਕ ਸਾਹਿਬ ਦੇ 550ਵੇਂ ਪ੍ਰਕਾਸ਼ ਦਿਵਸ ਨੂੰ ਬੜੇ ਉਤਸ਼ਾਹ ਅਤੇ ਸ਼ਰਧਾ ਨਾਲ ਮਨਾਉਣ ਦੀਆਂ ਡੀਂਗਾਂ ਮਾਰਨ ਵਾਲ਼ਿਆਂ ਨੇ ਆਪਣੀ ਅਸਲੀਅਤ ਪੂਰੇ ਵਿਸ਼ਵ ਨੂੰ ਦਿਖਾ ਦਿੱਤੀ ਹੈ। ਜ਼ਾਹਰ ਹੋ ਗਿਆ ਹੈ ਕਿ ਗੁਰੂ-ਬਾਬੇ ਦੇ 550ਵੇਂ ਪ੍ਰਕਾਸ਼ ਪੁਰਬ ਦੀ ਆੜ ਵਿਚ ਇਹ ਆਪਣੀਆਂ ਸਿਆਸੀ ਰੋਟੀਆਂ ਸੇਕਣ ਲਈ ਕਿਸ ਕਦਰ ਕਾਹਲੇ ਹਨ। ਸਟੇਜ ਉਤੇ ਅਤੇ ਬਾਹਰ ਇਨ੍ਹਾਂ ਦੀ "ਕੁੱਕੜ-ਖੇਹ" ਦੇਖ ਕੇ ਇਹੋ ਕਿਹਾ ਜਾ ਸਕਦਾ ਹੈ ਕਿ ਇਹ ਸਮਾਗਮ ਗੁਰੂ ਨਾਨਕ ਦੇ ਮਿਸ਼ਨ ਤੋਂ ਭਟਕੇ ਹੋਏ ਲੋਕਾਂ ਦੇ ਹਜੂਮ ਦਾ ਸਿਆਸਤ ਤੋਂ ਪ੍ਰੇਰਿਤ ਇਕ ਸਟੰਟ ਸੀ, ਗੁਰੂ ਦੀ ਸੰਗਤ ਤਾਂ ਵਿਚਾਰੀ ਕਿਤੇ ਨੁੱਕਰ ਵਿਚ ਲੱਗੀ ਇਨ੍ਹਾਂ ਦੀਆਂ ਕਰਤੂਤਾਂ ਉਤੇ ਹੰਝੂ ਵਹਾ ਰਹੀ ਸੀ। ਗੁਰੂ ਨਾਨਕ ਸਾਹਿਬ ਦੇ ਸਰਬ-ਸਾਂਝੀਵਾਲਤਾ ਦੇ ਰੱਬੀ ਸੰਦੇਸ਼ ਦੀ ਗੱਲ ਤਾਂ ਦੂਰ, ਇਸ ਸਮਾਗਮ ਨੂੰ ਆਪਣੇ ਸਿਆਸੀ ਵਿਰੋਧੀਆਂ ਨੂੰ ਭੰਡਣ ਵਾਸਤੇ ਇਕ ਸਿਆਸੀ ਰੈਲੀ ਵਾਂਗ ਵਰਤਿਆ ਜਾ ਰਿਹਾ ਸੀ।

ਪੰਜਾਬ ਦੇ ਮੁੱਖ ਮੰਤਰੀ ਦੀ ਜ਼ਿੰਮੇਵਾਰ ਕੁਰਸੀ ਉਤੇ ਬਿਰਾਜਮਾਨ ਸ਼ਖਸ ਅਮਰਿੰਦਰ ਸਿੰਘ ਨੇ ਬਹੁਤ ਹੀ ਗੈਰ-ਜ਼ਿੰਮੇਵਾਰਾਨਾ ਭਾਸ਼ਣ ਦਿੱਤਾ। ਉਹਨਾਂ ਨੇ ਪਾਕਿਸਤਾਨ ਵਿਰੁੱਧ ਜੋ ਕੁਝ ਬੋਲਿਆ, ਇਸ ਮੌਕੇ ਅਜਿਹਾ ਕੁਝ ਕਹਿਣ ਦੀ ਕੋਈ ਜ਼ਰੂਰਤ ਹੀ ਨਹੀਂ ਸੀ। ਪਹਿਲੀ ਗੱਲ ਤਾਂ ਸਾਨੂੰ ਇਸ ਲਾਂਘੇ ਲਈ ਗੁਆਂਢੀ ਮੁਲਕ ਪਾਕਿਸਤਾਨ ਦਾ ਸ਼ੁਕਰਗੁਜ਼ਾਰ ਹੋਣਾ ਚਾਹੀਦਾ ਸੀ ਕਿ ਉਸ ਨੇ ਵੱਡਾ ਦਿਲ ਦਿਖਾਉਂਦਿਆਂ ਸਿੱਖ ਕੌਮ ਤੇ ਸਮੁੱਚੇ ਪੰਜਾਬੀਆਂ ਦੀ ਦਿਲ ਦੀ ਰੀਝ ਪੂਰੀ ਕਰਨ ਵਿਚ ਭੋਰਾ ਵੀ ਹਿਚਕਚਾਹਟ ਨਹੀਂ ਦਿਖਾਈ। ਸਚਾਈ ਤਾਂ ਇਹ ਵੀ ਹੈ ਕਿ ਜੇ ਪਾਕਿਸਤਾਨ ਸਰਕਾਰ ਇੰਨਾ ਹੁੰਗਾਰਾ ਨਾ ਭਰਦੀ ਤਾਂ ਸ਼ਾਇਦ ਹਿੰਦੂਸਤਾਨ ਦੀ ਹਕੂਮਤ ਕਿੰਨਾ ਹੋਰ ਸਮਾਂ ਇਸ ਬਾਰੇ ਕੋਈ ਫੈਸਲਾ ਕਰਨ ਵਿਚ ਲੰਘਾ ਦਿੰਦੀ। ਪੰਜਾਬ ਦੇ ਮੁੱਖ ਮੰਤਰੀ ਅਮਰਿੰਦਰ ਸਿੰਘ ਨੇ ਇਕ ਸਿੱਖ ਹੋਣ ਦੇ ਨਾਤੇ ਤੇ ਇਕ ਜ਼ਿੰਮੇਵਾਰ ਅਹੁਦੇ ਉਤੇ ਬੈਠੇ ਹੋਣ ਦੇ ਬਾਵਜੂਦ ਬਹੁਤ ਹੀ ਨੀਵੇਂ ਪੱਧਰ ਦੀ ਬਿਆਨਬਾਜ਼ੀ ਕੀਤੀ ਹੈ। ਦੂਜੇ ਪਾਸੇ ਦੇਸ਼ ਦੇ ਉਪ ਰਾਸ਼ਟਰਪਤੀ ਵੈਂਕਈਆ ਨਾਇਡੂ ਕੈਪਟਨ ਅਮਰਿੰਦਰ ਸਿੰਘ ਦੁਆਰਾ ਪਾਕਿਸਤਾਨ ਵਿਰੁੱਧ ਬੋਲਣ ਦੀ ਤਾਰੀਫ ਕਰ ਗਏ। ਆਪਣੇ ਪਿਤਰੀ ਭਾਜਪਾ ਪ੍ਰੇਮ ਵਿਚ ਉਨ੍ਹਾਂ ਨੂੰ ਇਹ ਵੀ ਭੁੱਲ ਗਿਆ ਕਿ ਉਹ ਹੁਣ ਦੇਸ਼ ਦੇ ਉਪ ਰਾਸ਼ਟਰਪਤੀ ਹਨ। ਸਵਾਲ ਖੜ੍ਹਾ ਹੁੰਦਾ ਹੈ ਕਿ ਆਖਰ ਉਹ ਕਿਸ ਮਕਸਦ ਲਈ ਇਥੇ ਆਏ ਸਨ।

ਬਾਦਲ ਪਰਿਵਾਰ ਦੀ ਨੂੰਹ ਬੀਬਾ ਹਰਸਿਮਰਤ ਕੌਰ ਨੇ ਵੀ ਚੰਗਾ "ਗੁੱਲ ਖਿਲਾਇਆ"। ਕਰਤਾਰ ਸਾਹਿਬ ਦੇ ਲਾਂਘੇ ਦਾ ਸਿਹਰਾ ਤਾਂ ਇਤਿਹਾਸ ਨੇ ਇਸ ਦੇ ਅਸਲ ਹੱਕਦਾਰਾਂ ਦੇ ਸਿਰ ਬੰਨ੍ਹ ਹੀ ਦੇਣਾ ਹੈ ਪਰ ਗਲੀ-ਮੁਹੱਲੇ ਦੀ ਬਹੁਤ ਹੀ ਨੀਵੇਂ ਪੱਧਰ ਦੀ ਮਿਹਣੋਂ-ਮਿਹਣੀਂ ਕਰਨ ਦੀ ਮੁਹਾਰਤ ਦਾ ਸਿਹਰਾ ਇਸ ਬੀਬਾ ਦੇ ਸਿਰ ਜ਼ਰੂਰ ਬੱਝਦਾ ਹੈ। ਵਿਰੋਧੀਆਂ ਨੂੰ ਭੰਡਣ ਤੇ ਲਾਂਘੇ ਦਾ ਸਿਹਰਾ ਲੈਣ ਲਈ ਇਹ ਬੀਬਾ ਇੰਨੀ ਉਤੇਜਿਤ ਸੀ ਕਿ ਆਪਣੇ ਭਾਸ਼ਨ ਦੇ ਸ਼ੁਰੂ ਵਿਚ ਹੀ ਗੁਰਬਾਣੀ ਦਾ ਗਲਤ ਉਚਾਰਨ ਕਰਕੇ ਪੂਰੇ ਵਿਸ਼ਵ ਨੂੰ ਆਪਣੇ ਗਿਆਨ ਦੇ ਦਰਸ਼ਨ ਵੀ ਕਰਵਾ ਦਿੱਤੇ। ਸਭ ਨੂੰ ਇਹ ਦੱਸ ਦਿੱਤਾ ਕਿ ਆਪਣੇ ਆਪ ਨੂੰ ਪੰਥਕ ਕਹਾਉਣ ਵਾਲੀ ਪਾਰਟੀ ਦੀ ਆਗੂ ਕਿੰਨੀ-ਕੁ ਪੰਥਕ ਤੇ ਗੁਰਬਾਣੀ ਦੇ ਲ਼ੜ ਲੱਗੀ ਹੋਈ ਹੈ।

ਰਹਿੰਦੀ ਕਸਰ ਬਿਕਰਮ ਮਜੀਠੀਆ ਤੇ ਉਸ ਦੇ "ਗੁੱਲੂ-ਗੈਂਗ" ਵੱਲੋਂ ਕੀਤੀ ਗਈ ਨਾਹਰੇਬਾਜ਼ੀ ਨੇ ਪੂਰੀ ਕਰ ਦਿੱਤੀ। ਇਹ ਲੋਕ ਆਪਣੀਆਂ ਸਿਆਸੀ ਰੋਟੀਆ ਸੇਕਣ ਵਾਸਤੇ ਕਿਸ ਹੱਦ ਤਕ ਗਿਰ ਸਕਦੇ ਹਨ, ਲੋਕਾਂ ਨੂੰ ਬਾਖੂਬੀ ਖੁਦ ਹੀ ਦੱਸ ਰਹੇ ਹਨ। ਦੂਜੇ ਕਾਂਗਰਸੀ ਆਗੂ ਵੀ ਗੱਲ-ਗੱਲ 'ਤੇ ਆਪਾ ਖੋ ਜਾਂਦੇ ਦਿਖਾਈ ਦਿੱਤੇ। ਇਕ ਦੂਜੇ ਉਤੇ ਸੁੱਟੇ ਗਏ ਅਲਫਾਜ਼ੀ-ਚਿੱਕੜ ਨੇ ਇਸ ਮਹਾਨ ਸਮਾਗਮ ਦਾ ਰੰਗ ਫਿੱਕਾ ਕਰਨ 'ਚ ਕੋਈ ਕਸਰ ਬਾਕੀ ਨਹੀਂ ਛੱਡੀ।

ਇਸ ਮੁਬਾਰਕ ਮੌਕੇ ਉਤੇ ਸਰਹੱਦ ਉਤੇ ਇਕ ਚੰਗੀ ਸ਼ੁਰੂਆਤ ਦਾ ਦਿਨ ਸੀ। ਸਿਆਸਤਦਾਨਾਂ ਦੀਆਂ ਇਨ੍ਹਾਂ ਹੋਛੀਆਂ ਹਰਕਤਾਂ ਨੇ ਹਰ ਪੰਜਾਬ ਤੇ ਦੇਸ਼ ਦਾ ਭਲਾ ਚਾਹੁਣ ਵਾਲੇ ਤੇ ਆਮ ਸਿੱਖਾਂ ਦੇ ਹਿਰਦਿਆਂ ਨੂੰ ਦੁਖ ਪਹੰਚਾਇਆ ਹੈ। ਹੁਣ ਜਦੋਂ ਸਾਰੀਆਂ ਸਬੰਧਤ ਧਿਰਾਂ ਇਸ ਲਾਂਘੇ ਲਈ ਰਜ਼ਾਮੰਦ ਹੋ ਗਈਆਂ ਹਨ, ਤਾਂ ਪੰਜਾਬ ਅਤੇ ਪੰਥ ਨੂੰ ਅਜਿਹੇ ਸਿਆਸਤਦਾਨਾਂ ਤੋਂ ਬਹੁਤ ਹੀ ਸੁਚੇਤ ਰਹਿਣ ਦੀ ਲੋੜ ਹੈ, ਜੋ ਬਣੀ ਬਣਾਈ ਗੱਲ ਵਿਗਾੜਨ ਲਈ ਤਰਲੋਮੱਛੀ ਹੋ ਰਹੇ ਹਨ। ਪੰਜਾਬ ਦੇ ਸਿੱਖਾਂ ਨੇ ਇਹ ਫੈਸਲਾ ਵੀ ਕਰਨਾ ਹੈ ਕਿ ਉਹ ਆਪਣੀ ਰਾਜਸੀ ਤਕਦੀਰ ਘੜਨ ਦਾ ਕੰਮ ਕਿਹੋ ਜਿਹੇ ਲੋਕਾਂ ਦੇ ਹਵਾਲੇ ਕਰਦੇ ਆ ਰਹੇ ਹਨ।

# ਗੁਰੂ ਗ੍ਰੰਥ ਸਾਹਿਬ ਵਿਸ਼ਵ ਸਿੱਖ ਯੂਨੀਵਰਸਿਟੀ
# ਪਿਛੋਕੜ ਤੇ ਵਰਤਮਾਨ

**ਮਹਾਰਾਜਾ ਪਟਿਆਲਾ ਕਰਮ ਸਿੰਘ ਨੇ ਗੁਰੂ ਮਾਰੀ ਸਰਹਿੰਦ ਦਾ ਨਾਮ ਬਦਲ ਕੇ ਫਤਿਹਗੜ੍ਹ ਸਾਹਿਬ ਰੱਖਿਆ, ਜ਼ਮੀਨ ਦਾਨ ਕੀਤੀ, ਜਗੀਰਾਂ ਲਾਈਆਂ। ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਯੂਨੀਵਰਸਿਟੀ ਦੇ ਟਰੱਸਟ ਨੂੰ ਇਸ ਵਿਚੋਂ 115 ਏਕੜ ਜ਼ਮੀਨ ਦੇ ਦਿੱਤੀ। ਗੁਰੂ ਗ੍ਰੰਥ ਸਹਿਬ ਗੁਰਿਆਈ ਦੀ ਤੀਜੀ ਸ਼ਤਾਬਦੀ ਦੇ ਸਾਲ ਐਕਟ 2008 ਬਣਾ ਕੇ ਡਾ. ਜਸਵੀਰ ਸਿੰਘ ਆਹਲੂਵਾਲੀਆ ਨੂੰ ਪਹਿਲਾ ਵੀਸੀ ਥਾਪਿਆ। ਉਨਾਂ ਨੇ ਅਕਾਦਮਿਕ ਰੂਪਰੇਖਾ ਤਿਆਰ ਕੀਤੀ, ਪ੍ਰਬੰਧਕੀ ਅਤੇ ਅਕਾਦਮਿਕ ਬਲਾਕ ਨੰਬਰ ਇਕ ਬਣਾਏ। ਅੱਜ ਦੇ ਦਿਨ ਇਹ ਯੂਨੀਵਰਸਿਟੀ ਮਾਇਕ ਸੰਕਟ ਵਿਚ ਘਿਰੀ ਹੋਈ ਹੈ। ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਪ੍ਰਧਾਨ ਇਸ ਦਾ ਕੁਲਪਤੀ, ਪ੍ਰਕਾਸ਼ ਸਿੰਘ ਬਾਦਲ ਤੇ ਸੁਖਬੀਰ ਸਿੰਘ ਬਾਦਲ ਦੋਵੇਂ ਟਰੱਸਟੀ। ਮਈ ਤੋਂ ਬਾਅਦ ਸਟਾਫ ਨੂੰ ਤਨਖਾਹਾਂ ਨਹੀਂ ਮਿਲੀਆਂ। ਧਰਨੇ ਅਤੇ ਰੈਲੀਆਂ ਸ਼ੁਰੂ ਹਨ। ਦਲਿਤ ਵਿਦਿਆਰਥੀਆਂ ਦੀਆਂ ਫੀਸਾਂ, ਵਜ਼ੀਫੇ ਪੰਜਾਬ ਸਰਕਾਰ ਨੇ ਦੇਣੇ ਹੁੰਦੇ ਹਨ, 12 ਕਰੋੜ ਦੀ ਉਹ ਰਕਮ ਸਰਕਾਰ ਨਹੀਂ ਦੇ ਰਹੀ। ਇਹ ਬਕਾਇਆ ਅਕਾਲੀ ਸਰਕਾਰ ਵੇਲੇ ਦਾ ਖੜਾ ਹੈ, ਨਾ ਪਿਛਲੀ ਨੇ ਨਾ ਹੁਣ ਦੀ ਸਰਕਾਰ ਨੇ ਪੈਸੇ ਦਿੱਤੇ।**

**ਡਾ. ਹਰਪਾਲ ਸਿੰਘ ਪੰਨੂ**
(ਸੰਪਰਕ: 94642-51454)



ਇਕ ਸਦੀ ਪਹਿਲਾਂ ਹਿੰਦੂਆਂ, ਮੁਸਲਮਾਨਾਂ ਅਤੇ ਸਿੱਖਾਂ ਵਿਚ ਸਮਾਜ-ਸੁਧਾਰਕ ਲਹਿਰਾਂ ਚੱਲੀਆਂ। ਆਪੋ ਅਪਣੇ ਰਾਜ ਭਾਗ ਗੁਆ ਕੇ ਸਿੱਖਾਂ, ਮੁਸਲਮਾਨਾਂ ਨੇ ਸੋਚਣਾ ਸ਼ੁਰੂ ਕੀਤਾ ਕਿ ਇਹ ਭਾਣਾ ਕਿਉਂ ਵਾਪਰਿਆ।



ਮਹਾਰਾਜਾ ਰਣਜੀਤ ਸਿੰਘ ਦੇ ਹਰਮ ਵਿਚ ਦੋ ਦਰਜਨ ਰਾਣੀਆਂ ਦਾ ਕੀ ਕੰਮ ਸੀ, ਉਹ ਸ਼ਰਾਬ ਕਿਉਂ ਪੀਣ ਲੱਗਿਆ, ਮੋਰਾਂ ਨੂੰ ਕਿਉਂ ਮਹਿਲ ਵਿਚ ਲਿਆਂਦਾ? ਸਰਦਾਰ ਵੀ ਉਸ ਵਰਗੇ ਹੋ ਗਏ। ਸਿੱਖ ਜਦੋਂ ਸਿੱਖ ਨਾ ਰਹੇ, ਗੁਰੂ ਨੇ ਰਾਜ ਖੋਹ ਲਿਆ। ਪਹਿਲਾਂ ਸਿੱਖ ਬਣੀਏ, ਫੇਰ ਰਾਜ ਕਰੇਗਾ ਖਾਲਸਾ। ਮੁਸਲਮਾਨਾਂ ਦੇ ਬਾਦਸ਼ਾਹ ਅਤੇ ਨਵਾਬ ਅਯਾਸ਼ ਹੋ ਗਏ ਸਨ। ਉਨਾਂ ਦਾ ਹਿਸਾਬ ਵੀ ਉਥੇ ਹੀ ਪੁੱਜਾ, ਪਹਿਲੋਂ ਸਹੀ ਮੁਸਲਮਾਨ ਹੋ ਜਾਈਏ, ਫਿਰ ਰਾਜ ਕਰਨ ਦੇ ਹੱਕਦਾਰ ਹੋ ਜਾਵਾਂਗੇ। ਹਿੰਦੂ ਜਾਤ ਪਾਤ, ਕਰਮ ਕਾਂਡ ਅਤੇ ਮੂਰਤੀ ਪੂਜਾ ਤੋਂ ਮੁਕਤ ਹੋਣਾ ਚਾਹੁੰਦੇ ਸਨ ਜਿਨਾਂ ਸਦਕਾ ਪਈ ਫੁੱਟ ਕਾਰਨ ਗੁਲਾਮ ਹੋਏ। ਅੰਗਰੇਜ਼ਾਂ ਨੇ ਇਨਾਂ ਸੁਧਾਰਕ ਲਹਿਰਾਂ ਨੂੰ ਉਤਸ਼ਾਹਿਤ ਕੀਤਾ, ਚੰਗੇ ਇਨਸਾਨ ਬਣਨਗੇ ਤਾਂ ਸਾਨੂੰ ਚੰਗੀ ਪਰਜਾ ਮਿਲੇਗੀ।

ਆਤਮ ਗਿਲਾਨੀ ਇਸ ਹੱਦ ਤੱਕ ਵਧ ਗਈ ਸੀ ਕਿ ਟੈਗੋਰ ਨੇ ਗਾਂਧੀ ਜੀ ਨੂੰ ਇਕ ਖਤ ਵਿਚ ਲਿਖਿਆ 'ਮਹਾਤਮਾ ਜੀ, ਤੁਹਾਡੀ ਕਦਰ ਮੈਂ ਇਸ ਕਰਕੇ ਨਹੀਂ ਕਰਦਾ ਕਿ ਤੁਸੀਂ ਬਹੁਤ ਵੱਡੇ ਸਿਆਸਤਦਾਨ ਹੋ, ਤੁਹਾਥੋਂ ਵੱਡੇ ਸਿਅਸਤਦਾਨ ਵੀ ਹਨ। ਤੁਹਾਡੀ ਕਦਰ ਇਸ ਕਰਕੇ ਕਰਦਾ ਹਾਂ ਕਿਉਂਕਿ ਤੁਸੀਂ ਹੋ ਉਹ ਵਾਹਦ ਨੇਤਾ ਜਿਸ ਨੂੰ ਪਤਾ ਲੱਗ ਗਿਆ ਹੈ ਕਿ ਮਾਲਕ ਦੇ ਪੰਜੇ ਹੇਠੋਂ ਗੁਲਾਮ ਉਦੋਂ ਨਿਕਲ ਸਕੇਗਾ ਜਦੋਂ ਗੁਲਾਮ ਦਾ ਆਚਰਣ ਮਾਲਕ ਤੋਂ ਉੱਤਮ ਹੋ ਗਿਆ। ਤੁਸੀਂ ਖੁਦ ਨੂੰ ਠੀਕ ਕਰ ਲਿਆ ਹੈ ਭਾਰਤੀਆਂ ਨੂੰ ਠੀਕ ਕਰਨ ਲੱਗੇ ਹੋਏ ਹੋ।'

ਸਭ ਦੀ ਨਜ਼ਰ ਵਿੱਦਿਆ ਵੱਲ ਗਈ। ਮੁਸਲਮਾਨਾਂ ਨੇ ਯੂਨੀਵਰਸਿਟੀ ਮੰਗੀ, ਅੰਗਰੇਜ਼ਾਂ ਨੇ ਅਲੀਗੜ੍ਹ ਮੁਸਲਿਮ ਯੂਨੀਵਰਸਿਟੀ ਦੇ ਦਿੱਤੀ। ਹਿੰਦੂਆਂ ਨੂੰ ਬਨਾਰਸ ਹਿੰਦੂ ਯੂਨੀਵਰਸਿਟੀ ਮਿਲੀ। ਸਿੱਖਾਂ ਨੇ ਵੀ ਯੂਨੀਵਰਸਿਟੀ ਮੰਗੀ, ਅੰਮ੍ਰਿਤਸਰ ਵਿਚ ਇਮਾਰਤ ਉਸਾਰ ਲਈ, ਆਪਸੀ ਤਕਰਾਰਬਾਜ਼ੀ, ਚੌਧਰਬਾਜ਼ੀ, ਈਰਖਾ ਕਾਰਨ ਯੂਨੀਵਰਸਿਟੀ ਨਾ ਬਣ ਸਕੀ, ਬਿਲਡਿੰਗ ਵਿਚ ਖਾਲਸਾ ਕਾਲਜ ਚਲਾ ਲਿਆ। ਦਿਲ ਵਿਚ ਸਧਰ ਕਾਇਮ ਰਹੀ।

1969 ਵਿਚ ਗੁਰੂ ਨਾਨਕ ਦੇਵ ਦਾ 500ਵਾਂ ਪ੍ਰਕਾਸ਼ ਪੁਰਬ ਆ ਗਿਆ, ਸੋਚਿਆ ਜੋ ਉਦੋਂ ਨਹੀਂ ਹੋ ਸਕਿਆ ਹੁਣ ਕਰ ਲੈਂਦੇ ਹਾਂ। ਖਾਲਸਾ ਕਾਲਜ ਜ਼ਮੀਨ ਦੇਣ ਲਈ ਮੰਨ ਗਿਆ। ਫੈਸਲਾ ਹੋਇਆ ਕਿ ਨਾਮ ਗੁਰੂ ਨਾਨਕ ਦੇਵ ਯੂਨੀਵਰਸਿਟੀ ਰੱਖਾਂਗੇ। ਕੇਂਦਰ ਸਰਕਾਰ ਨੇ ਇਸ ਨਾਮ ਨੂੰ ਪ੍ਰਵਾਨਗੀ ਨਹੀਂ ਦਿੱਤੀ। ਅਕਾਲੀ ਲੀਡਰ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੂੰ ਮਿਲਣ ਗਏ, ਪ੍ਰਵਾਨਗੀ ਮੰਗੀ। ਇੰਦਰਾ ਨੇ ਕਿਹਾ- 'ਕਿਸੀ ਵਿਅਕਤੀ ਕੇ ਨਾਮ ਪਰ ਯੂਨੀਵਰਸਿਟੀ ਹੋ, ਅਸੂਲਨ ਹਮ ਇਸ ਕੇ ਖਿਲਾਫ ਹੈਂ।' ਸੁਰਜੀਤ ਸਿੰਘ ਬਰਨਾਲਾ ਨੇ ਕਿਹਾ 'ਵਿਅਕਤੀ ਨਹੀਂ, ਗੁਰੂ ਨਾਨਕ ਦੇਵ ਪੀਰ ਥੇ, ਪੈਗੰਬਰ ਥੇ। ਵਿਅਕਤੀ ਤੋ ਪੰਡਤ ਜਵਾਹਰ ਲਾਲ ਨਹਿਰੂ ਥੇ, ਉਨਕੇ ਨਾਮ ਪਰ ਤੋ ਦਿੱਲੀ ਮੇਂ ਯੂਨੀਵਰਸਿਟੀ ਬਨ ਗਈ ਹੈ, ਅੰਮ੍ਰਿਤਸਰ ਮੇਂ ਗੁਰੂ ਜੀ ਕੇ ਨਾਮ ਪਰ ਕਿਉਂ ਨਹੀਂ?' ਆਖਰ ਆਗਿਆ ਮਿਲ ਗਈ। ਜਿਨਾਂ ਜਥੇਬੰਦੀਆਂ ਨੇ ਪੰਜਾਬੀ ਸੂਬੇ ਦਾ ਵਿਰੋਧ ਕੀਤਾ ਸੀ, ਉਨਾਂ ਨੇ ਇਸ ਯੂਨੀਵਰਸਿਟੀ ਦਾ ਵੀ ਡਟ ਕੇ ਵਿਰੋਧ ਕੀਤਾ ਪਰ ਯੂਨੀਵਰਸਿਟੀ ਸਾਕਾਰ ਹੋ ਗਈ।

ਦੇਸ਼ ਵਿਦੇਸ਼ ਦੇ ਸਿੱਖ ਸੋਚਣ ਲੱਗੇ 'ਜਿਹੋ ਜਿਹੀਆਂ ਬਾਕੀ ਯੂਨੀਵਰਸਿਟੀਆਂ, ਉਹੋ ਜਿਹੀ ਇਹ। ਗੁਰੂ ਜੀ ਦਾ ਕੇਵਲ ਨਾਮ ਹੈ, ਹੋਰ ਕੀ ਫਰਕ?' ਇਕ ਯੂਨੀਵਰਸਿਟੀ ਅਜਿਹੀ ਹੋਵੇ ਜਿੱਥੇ ਨਿਰੋਲ ਸਿੱਖ ਸਾਹਿਤ, ਸਿੱਖ ਇਤਿਹਾਸ, ਸਿੱਖ ਫਲਸਫਾ, ਸਿੱਖ ਧਰਮ ਪੜ੍ਹਾਏ ਜਾਣ ਜਾਂ ਉਹ ਵਿਸ਼ੇ ਜਿਹੜੇ ਸਿੱਖ ਸਭਿਆਚਾਰ ਨੂੰ ਸਮਝਣ ਵਿਚ ਸਹਾਈ ਹੋਣ ਜਿਵੇਂ, ਫਾਰਸੀ, ਸੰਸਕ੍ਰਿਤ, ਸੰਗੀਤ, ਮਾਰਸ਼ਲ ਆਰਟਸ ਆਦਿ। ਪ੍ਰਬੰਧ ਸਿੱਖਾਂ ਕੋਲ ਹੋਏ। ਯੂ.ਜੀ.ਸੀ. ਤੋਂ ਮਾਨਤਾ ਲੈਣ ਲਈ ਕੁਝ ਸੈਕੁਲਰ ਕੁਝ ਸਾਇੰਸ ਦੇ ਵਿਸ਼ੇ ਰੱਖ ਲਵਾਂਗੇ। ਜ਼ਮੀਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਏਗੀ, ਪੈਸਾ ਲਏਗੀ, ਐੱਸਜੀਪੀਸੀ ਦਾ ਪ੍ਰਧਾਨ ਯੂਨੀਵਰਸਿਟੀ ਦਾ ਕੁਲਪਤੀ ਹੋਏਗਾ।

ਮਹਾਰਾਜਾ ਪਟਿਆਲਾ ਕਰਮ ਸਿੰਘ ਨੇ ਗੁਰੂ ਮਾਰੀ ਸਰਹਿੰਦ ਦਾ ਨਾਮ ਬਦਲ ਕੇ ਫਤਿਹਗੜ੍ਹ ਸਾਹਿਬ ਰੱਖਿਆ, ਜ਼ਮੀਨ ਦਾਨ ਕੀਤੀ, ਜਗੀਰਾਂ ਲਾਈਆਂ। ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਯੂਨੀਵਰਸਿਟੀ ਦੇ ਟਰੱਸਟ ਨੂੰ ਇਸ ਵਿਚੋਂ 115 ਏਕੜ ਜ਼ਮੀਨ ਦੇ ਦਿੱਤੀ। ਗੁਰੂ ਗ੍ਰੰਥ ਸਹਿਬ ਗੁਰਿਆਈ ਦੀ ਤੀਜੀ ਸ਼ਤਾਬਦੀ ਦੇ ਸਾਲ ਐਕਟ 2008 ਬਣਾ ਕੇ ਡਾ. ਜਸਵੀਰ ਸਿੰਘ ਆਹਲੂਵਾਲੀਆ ਨੂੰ ਪਹਿਲਾ ਵੀਸੀ ਥਾਪਿਆ। ਉਨਾਂ ਨੇ ਅਕਾਦਮਿਕ ਰੂਪਰੇਖਾ ਤਿਆਰ ਕੀਤੀ, ਪ੍ਰਬੰਧਕੀ ਅਤੇ ਅਕਾਦਮਿਕ ਬਲਾਕ ਨੰਬਰ ਇਕ ਬਣਾਏ।

ਅੱਜ ਦੇ ਦਿਨ ਇਹ ਯੂਨੀਵਰਸਿਟੀ ਮਾਇਕ ਸੰਕਟ ਵਿਚ ਘਿਰੀ ਹੋਈ ਹੈ। ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਪ੍ਰਧਾਨ ਇਸ ਦਾ ਕੁਲਪਤੀ, ਪ੍ਰਕਾਸ਼ ਸਿੰਘ ਬਾਦਲ ਤੇ ਸੁਖਬੀਰ ਸਿੰਘ ਬਾਦਲ ਦੋਵੇਂ ਟਰੱਸਟੀ। ਮਈ ਤੋਂ ਬਾਅਦ ਸਟਾਫ ਨੂੰ ਤਨਖਾਹਾਂ ਨਹੀਂ ਮਿਲੀਆਂ। ਧਰਨੇ ਅਤੇ ਰੈਲੀਆਂ ਸ਼ੁਰੂ ਹਨ। ਦਲਿਤ ਵਿਦਿਆਰਥੀਆਂ ਦੀਆਂ ਫੀਸਾਂ, ਵਜ਼ੀਫੇ ਪੰਜਾਬ ਸਰਕਾਰ ਨੇ ਦੇਣੇ ਹੁੰਦੇ ਹਨ, 12 ਕਰੋੜ ਦੀ ਉਹ ਰਕਮ ਸਰਕਾਰ ਨਹੀਂ ਦੇ ਰਹੀ। ਇਹ ਬਕਾਇਆ ਅਕਾਲੀ ਸਰਕਾਰ ਵੇਲੇ ਦਾ ਖੜਾ ਹੈ, ਨਾ ਪਿਛਲੀ ਨੇ ਨਾ ਹੁਣ ਦੀ ਸਰਕਾਰ ਨੇ ਪੈਸੇ ਦਿੱਤੇ।

ਮਾਤਾ ਗੁਜਰੀ ਕਾਲਜ ਵਿਚ ਐੱਮ.ਏ ਅਤੇ ਐੱਮ.ਫਿਲ ਕੋਰਸ ਚੱਲ ਰਹੇ ਹਨ, ਬਾਬਾ ਬੰਦਾ ਸਿੰਘ ਬਹਾਦਰ ਇੰਜਨੀਅਰਿੰਗ ਕਾਲਜ ਵਿਚ ਸਾਰੇ ਟੈਕਨੀਕਲ ਕੋਰਸ ਚਲਦੇ ਹਨ, ਉਹੀ ਕੋਰਸ ਗੁਰੂ ਗ੍ਰੰਥ ਯੂਨੀਵਰਸਿਟੀ ਵਿਚ ਹਨ, ਦਾਖਲਿਆਂ ਵਾਸਤੇ ਆਪਸ ਵਿਚ ਮੁਕਾਬਲਾ ਹੋਣ ਲੱਗ ਗਿਆ ਹੈ। ਯੂਨੀਵਰਸਿਟੀ ਨੇ ਇਸ ਸਾਲ ਡੇਢ ਕਰੋੜ ਰੁਪਿਆ ਇਸ਼ਤਿਹਾਰਾਂ ਉਪਰ ਖਰਚਿਆ। ਤਨਖਾਹਾਂ ਦਾ ਸਾਲਾਨਾ ਖਰਚਾ 18 ਕਰੋੜ ਹੈ, ਕਰਜ਼ਾ ਲੈ ਕੇ ਅਕਾਦਮਿਕ ਬਲਾਕ 2 ਬੈਂਕ ਤੋਂ ਕਰਜ਼ਾ ਲੈਕੇ ਬਣਾਇਆ, ਜਿਸ ਦੀ ਮਹੀਨੇਵਾਰ ਕਿਸ਼ਤ 50 ਲੱਖ ਭਰਨੀ ਪੈਂਦੀ ਹੈ। ਦਾਖਲਾ ਇੰਨਾ ਘਟ ਗਿਆ ਕਿ ਮਨੋਵਿਗਿਆਨ, ਇਲੈਕਟ੍ਰਾਨਿਕਸ, ਮਕੈਨੀਕਲ ਇੰਜਨੀਅਰਿੰਗ ਤੇ ਲਾਇਬ੍ਰੇਰੀ ਸਾਇੰਸ ਵਿਭਾਗ ਬੰਦ ਹੋ ਗਏ ਹਨ।

ਉਜਾੜੇ ਦੇ ਇਸ ਮਾਹੌਲ ਵਿਚ ਨੁਕਸਾਨ ਜਿਹੜਾ ਹੋ ਰਿਹਾ ਹੈ ਪਰ ਦਿਸਦਾ ਨਹੀਂ ਉਹ ਇਹ ਕਿ ਜਿਸ ਅਧਿਆਪਕ ਦਾ ਅਕਾਦਮਿਕ ਕੈਰੀਅਰ ਸ਼ਾਨਦਾਰ ਹੈ, ਉਹ ਇਥੋਂ ਛੱਡ ਕੇ ਜਿਥੇ ਕਿਤੇ ਹੋਰ ਜਿੱਥੇ ਥਾਂ ਮਿਲਦੀ ਹੈ, ਜਾ ਰਿਹਾ ਹੈ। ਬਚ ਗਏ ਸਟਾਫ ਦਾ ਮਿਆਰ ਏਨਾ ਨੀਵਾਂ ਹੋ ਜਾਵੇਗਾ ਕਿ ਦਾਖਲਿਆਂ ਵਿੱਚ ਮੁਸ਼ਕਲ ਆਉਣ ਲੱਗ ਪਵੇਗੀ। ਨਗਰ ਕੀਰਤਨਾਂ, ਲੰਗਰਾਂ, ਸਿਆਸੀ ਰੈਲੀਆਂ, ਗੁਰਦੁਆਰਿਆਂ ਉਪਰ ਸੋਨਾ ਸੰਗਮਰਮਰ ਮੜ੍ਹਾਉਣ ਉਪਰ ਬੇਅੰਤ ਧਨ ਖਰਚ ਹੋ ਰਿਹਾ ਹੈ। ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਗੁਰੂ ਗ੍ਰੰਥ ਸਾਹਿਬ ਵਿਸ਼ਵ ਸਿੱਖ ਯੂਨੀਵਰਸਿਟੀ ਦੇ ਅਧਿਆਪਕਾਂ ਮੁਲਾਜ਼ਮਾ ਦੀ ਤਨਖਾਹ ਬੰਦ ਹੈ। ਇਸ ਤਰਾਂ ਭਵਿੱਖ ਵਿਚ ਯੂਨੀਵਰਸਿਟੀ ਲਈ ਅਨੇਕਾਂ ਮੁਸ਼ਕਲਾਂ ਖੜੀਆਂ ਹਨ।

### ਬਰਗਾੜੀ ਇਨਸਾਫ਼ ਮੋਰਚੇ 'ਚੋਂ ਪੈਦਾ ਹੋਏ ਸਵਾਲਾਂ ਦਾ ਜਵਾਬ

# ਸਿੱਖਾਂ ਨੂੰ ਗੁਰਬਾਣੀ ਤੇ ਇਤਿਹਾਸ ਦੀ ਰੌਸ਼ਨੀ ਵਿਚ ਹੀ ਮਿਲੇਗੀ ਮੰਜ਼ਿਲ

**ਬਲਜਿੰਦਰ ਸਿੰਘ ਕੋਟਭਾਰਾ**
(97795-22211)



ਸਿੱਖ ਲੰਬੇ ਸਮੇਂ ਤੋਂ ਦਿੱਲੀ ਦੇ 'ਬ੍ਰਾਹਮਣੀ-ਤਖ਼ਤ' ਦੇ ਜ਼ੁਲਮਾਂ ਨੂੰ ਆਪਣੀ ਮਾਨਸਿਕਤਾ ਅਤੇ ਸਰੀਰ 'ਤੇ ਹੰਢਾ ਰਹੇ ਹਨ। ਉਸ ਵੱਲੋਂ ਕੀਤੀਆਂ ਜਾ ਰਹੀਆਂ ਲਗਾਤਾਰ ਬੇਇਨਸਾਫ਼ੀਆਂ ਦੀ ਅਣਗਿਣਤ ਕੜੀਆਂ ਵਿੱਚੋਂ ਕੇਵਲ ਤਿੰਨ ਮਸਲਿਆਂ 'ਤੇ ਲਾਇਆ 'ਬਰਗਾੜੀ ਇਨਸਾਫ਼ ਮੋਰਚਾ' ਜਿਉਂ ਜਿਉਂ ਅਗਾਂਹ ਵੱਲ ਵਧ ਰਿਹਾ ਹੈ, ਤਾਂ ਕੁਦਰਤੀ ਹੈ ਕਿ ਪੀੜਤ ਸਿੱਖ ਕੌਮ ਦੇ ਨੌਜਵਾਨਾਂ ਵਿੱਚ ਹੌਸਲੇ ਦੇ ਨਾਲ-ਨਾਲ ਸਵਾਲ ਵੀ ਪੈਦਾ ਹੋਣੇ ਸ਼ੁਰੂ ਹੋ ਗਏ ਹਨ ਤੇ ਇਹ ਹੋਣੇ ਵੀ ਚਾਹੀਦੇ ਨੇ। ਮੋਰਚੇ ਵਿੱਚ ਵੱਧ ਸਮਾਂ ਹਾਜ਼ਰੀ ਭਰ ਰਹੇ ਸਿੱਖ ਨੌਜਵਾਨ ਅਤੇ ਮੋਰਚੇ ਨਾਲ ਹਮਦਰਦੀ ਰੱਖਣ ਵਾਲੇ ਬਜ਼ੁਰਗ ਸਿੱਖਾਂ ਦੇ ਜ਼ਿਹਨ ਵਿੱਚ ਆਏ ਸਵਾਲ, ਕਿ 'ਭਾਈ ਸਾਹਿਬ ਬਣੂ ਕੁਛ ?' ਦਾ ਜਵਾਬ 'ਸ਼ਬਦ ਗੁਰੂ' ਸ੍ਰੀ ਗੁਰੂ ਗਰੰਥ ਸਾਹਿਬ ਦੀ ਫਿਲਾਸਫ਼ੀ ਦੇ ਸੰਦਰਭ ਵਿੱਚ ਭਾਲਣ ਦੀ ਜ਼ਰੂਰਤ ਹੈ। ਅਜਿਹੇ ਤਮਾਮ ਸਵਾਲਾਂ ਦੇ ਜਵਾਬ ਉੱਥੋਂ ਹੀ ਮਿਲਣਗੇ। 'ਸ਼ਬਦ' ਦੀ ਮਹੱਤਤਾ ਸਬੰਧੀ ਗੁਰੂ ਨਾਨਕ ਦੇਵ ਜੀ ਦੇ ਵਿਚਾਰ ਹਨ, 'ਸਬਦੁ ਗੁਰ ਪੀਰਾ ਗਹਿਰ ਗੰਭੀਰਾ, ਬਿਨੁ ਸਬਦੈ ਜਗੁ ਬਉਰਾਨੰ।।' ਅਤੇ 'ਸ਼ਬਦਿ ਰਤੇ ਤਿਨਾ ਸੋਝੀ ਪਈ ਦੂਜੈ ਭਰਮਿ ਭੁਲਾਇ।।' ਇਸ ਦੇ ਨਾਲ ਹੀ ਸਾਨੂੰ ਇਹ ਗੱਲ ਸਮਝ ਲੈਣੀ ਹੋਵੇਗੀ ਕਿ ਜ਼ੁਲਮ, ਪੀੜਤ ਤੇ ਇਨਸਾਫ਼ ਲਈ ਸੰਘਰਸ਼/ਜੰਗ ਨੇ ਬਾਬਾ ਨਾਨਕ ਦੇ ਇਤਿਹਾਸਕ ਪੜਾਅ ਤੋਂ ਹੀ ਇੱਕ ਵਿਲੱਖਣ ਰੂਪ ਲੈਣਾ ਸ਼ੁਰੂ ਕਰ ਦਿੱਤਾ ਸੀ। 'ਬਣੂ ਕੁਛ'?, 'ਬਾਦਲ, ਸੁਮੇਧ ਸੈਣੀ ਜਾਣਗੇ ਅੰਦਰ ?' 'ਕੈਪਟਨ ਕੁਛ ਕਿਉਂ ਨਹੀਂ ਕਰ ਰਿਹਾ ?' ਇਹਨਾਂ ਸਾਰੇ ਸਵਾਲਾਂ ਦੇ ਜਵਾਬ ਸੋਚਣ ਜਾਂ ਲੱਭਣ ਤੋਂ ਪਹਿਲਾ ਇੱਕ ਨਜ਼ਰ ਇਤਿਹਾਸ ਉਤੇ ਮਾਰ ਲੈਣੀ ਚਾਹੀਦੀ ਹੈ। ਸਿੱਖਾਂ ਵੱਲੋਂ ਜ਼ੁਲਮਾਂ ਦਾ ਇਨਸਾਫ਼ ਲੈਣਾ/ਟੱਕਰ/ਸੰਘਰਸ਼/ਜੰਗ ਦਾ ਵੱਖ ਵੱਖ ਵੇਲਿਆਂ ਵਿੱਚ ਅੱਡ ਅੱਡ ਰੂਪ ਰਿਹਾ ਹੈ ਪਰ ਇਹ ਗੱਲ ਹਮੇਸ਼ਾ ਯਾਦ ਰੱਖਣੀ ਪੈਣੀ ਹੈ ਕਿ ਇਹ ਸੰਘਰਸ਼/ਜੰਗ/ਟੱਕਰ ਕਿਸ ਨਾਲ ਹੈ ? ਇਹ ਇੱਥੇ ਇੱਕਲੇ ਬਹਿਬਲ ਕਲਾਂ ਕਤਲ ਕਾਂਡ ਜਾਂ ਬਰਗਾੜੀ ਕਰਕੇ ਨਹੀਂ, ਇਹ ਟੱਕਰ ਸੰਨ 1984 ਦੀ ਦਿੱਲੀ ਤੇ ਹੋਰ ਥਾਵਾਂ 'ਤੇ ਹੋਈ ਸਿੱਖ ਨਸਲਕੁਸ਼ੀ ਕਰਕੇ ਵੀ ਨਹੀਂ। ਇਹ ਟੱਕਰ ਇਕੱਲਾ ਦਰਬਾਰ ਸਾਹਿਬ ਕੰਪਲੈਕਸ ਢਾਹੁਣ ਜਾਂ ਸ਼੍ਰੀ ਅਕਾਲ ਤਖ਼ਤ ਸਾਹਿਬ ਨੂੰ ਮਲੀਆਮੇਟ ਕਰਨ, ਸਿੱਖ ਨੌਜਵਾਨ ਫੜ-ਫੜ ਮਾਰਨ ਅਤੇ ਸਿੱਖ ਲੜਕੀਆਂ ਦੀ ਇੱਜ਼ਤ ਲੁੱਟਣ ਕਰਕੇ ਹੀ ਨਹੀਂ ਹੈ। ਸਗੋਂ ਇਹ ਟੱਕਰ ਦੋ ਵੱਖ-ਵੱਖ ਵਿਚਾਰਾਂ ਤੋਂ ਸ਼ੁਰੂ ਹੁੰਦੀ ਹੈ। ਇਸ ਵਿਚਾਰਧਾਰਕ ਟਕਰਾਅ (ਤੇ ਫਿਰ ਇਸ ਬਾਅਦ ਜੰਗ) ਵਿੱਚ ਇੱਕ ਪਾਸੇ ਅਣ-ਮਨੁੱਖੀ ਧਾਰਾ ਹੈ, ਜਿਸ ਦੀ ਬੁਨਿਆਦ ਮਨੂੰ ਸਮ੍ਰਿਤੀ/ਚਾਣਕਿਆ, ਮਨੁੱਖਤਾ ਵਿਰੋਧੀ ਵਰਣ ਵੰਡ ਦੀ ਨੀਤੀ, ਸ਼ੁੱਧਤਾ ਦੇ ਨਾਂਅ 'ਤੇ ਦਲਿਤਾਂ, ਗੈਰ ਬ੍ਰਾਹਮਣਾਂ ਪ੍ਰਤੀ ਜ਼ਹਿਰ, ਜ਼ੁਲਮ ਹੈ ਤੇ ਦੂਜੇ ਪਾਸੇ ਇਸ ਸਭ ਕੁਝ ਦੇ ਵਿਰੁੱਧ 'ਸਰਬੱਤ ਦਾ ਭਲਾ', 'ਨਾ ਜ਼ੁਲਮ ਕਰਨਾ-ਨਾ ਜ਼ੁਲਮ ਸਹਿਣਾ', 'ਨਾ ਈਨ ਮੰਨਣੀ-ਨਾ ਈਨ ਮਨਵਾਉਣੀ', 'ਵਰਣ ਵੰਡ ਦੀ ਮਾਰੂ ਨੀਤੀ 'ਤੇ ਸੱਟ' ਮਾਰਨ ਦਾ ਗੁਰਮਤਿ ਦਾ ਫਲਸਫਾ ਹੈ। "ਨੀਚਾ ਅੰਦਿਰ ਨੀਚ ਜਾਤਿ, ਨੀਚੀ ਹੂ ਅਤਿ ਨੀਚੁ॥ ਨਾਨਕੁ ਤਿਨ ਕੈ ਸੰਗਿ ਸਾਥਿ, ਵਡਿਆ ਸਿਉ ਕਿਆ ਰੀਸ॥". .. "ਸਭੇ ਸਾਂਝੀ ਵਾਲ ਸਦਾਇਣ ਕੋਈ ਨਾ ਦਿਸੇ ਬਾਹਰਾ ਜੀਓ।" ਇਸ ਮਨੁੱਖੀ ਫਲਸਫ਼ੇ ਦੀ ਬੁਨਿਆਦ 'ਸ਼ਬਦ ਗੁਰੂ' ਸ੍ਰੀ ਗੁਰੂ ਗਰੰਥ ਸਾਹਿਬ ਹੈ, ਜਿਸ ਅਧਾਰਤ ਕੁਰਬਾਨੀਆਂ ਭਰਿਆ ਸਿੱਖ ਇਤਿਹਾਸ ਖੜ੍ਹਾ ਹੈ। ਇਸੇ ਦ੍ਰਿਸ਼ਟੀ ਤੋਂ ਇਤਿਹਾਸਕ ਘਟਨਾਵਾਂ ਦੇਖੀਆਂ ਜਾਣ ਤਾਂ ਇੱਕ ਧਾਰਾ ਵੱਲੋਂ ਦੂਜੀ ਜਾਤੀ/ਧਰਮ ਪ੍ਰਤੀ ਨਫ਼ਰਤ ਅਤੇ ਦੂਜੀ ਵਿਚਾਰਧਾਰਾ ਵੱਲੋਂ ਇਸ ਨੂੰ ਤੋੜਨ ਲਈ ਧਾਰਮਿਕ, ਸਮਾਜਿਕ ਸਾਂਝ, ਸਾਂਝੇ ਲੰਗਰ ਤੇ ਸਾਂਝੇ ਰਿਸ਼ਤੇ, ਇੱਕੋਂ ਬਾਟੇ ਦਾ ਅੰਮ੍ਰਿਤ ਹੈ। ਇੱਕ ਵੱਲੋਂ ਗਦਾਰੀਆਂ, ਦੂਜੀ ਵਿਚਾਰਧਾਰਾ ਦੇ ਜਾਇਆਂ ਵੱਲੋਂ ਸਿਰ ਧੜ ਦੀ ਬਾਜ਼ੀ। ਇੱਕ ਵੱਲੋਂ ਤਾਕਤ ਦੀ ਦੁਰਵਰਤੋਂ, ਦੂਜਿਆਂ ਨੂੰ ਦੱਬਣ ਲਈ ਸੱਤਾ ਦਾ ਤਖ਼ਤ ਕਾਇਮ ਕਰਨਾ ਅਤੇ ਦੂਜਿਆਂ ਵੱਲੋਂ ਆਪਣੀ ਨਿਆਰੀ ਹੋਂਦ ਕਾਇਮ ਰੱਖਣ ਤੇ ਜ਼ੁਲਮ ਵਿਰੁੱਧ ਵੰਗਾਰ ਲਈ ਸ਼੍ਰੀ ਅਕਾਲ ਤਖ਼ਤ ਸਾਹਿਬ ਦੀ ਰੂਹਾਨੀ ਹੋਂਦ ਦੀ ਸਥਾਪਨਾ ਕਰਨੀ। ਇੱਕ ਵੱਲੋਂ ਲੋਕਾਂ ਨੂੰ ਮਾਰ ਕੁੱਟ ਕੇ ਸੱਤਾ ਕਾਬੂ ਵਿਚ ਰੱਖਣ ਲਈ ਦਿੱਲੀ ਦਾ ਦਰਬਾਰ, ਦੂਜਿਆਂ ਵੱਲੋਂ ਸਭ ਲੋਕਾਈ ਲਈ ਬਰਾਬਰਤਾ ਦਾ ਸ਼੍ਰੀ ਦਰਬਾਰ ਸਾਹਿਬ। ਇੱਕ ਧਾਰਾ ਵਿੱਚ ਬਿਨਾ ਸੰਘਰਸ਼, ਬਿਨਾ ਜੰਗਾਂ ਤੋਂ ਫੋਕੀਆਂ ਮਿੱਥਾਂ ਅਤੇ ਦੂਜੇ ਪਾਸੇ ਪੈਰ-ਪੈਰ 'ਤੇ ਕੁਰਬਾਨੀਆਂ, ਮੀਰ ਮੰਨੂੰ ਦੇ ਜ਼ੁਲਮ, ਜ਼ਾਲਮ ਔਰੰਗਜੇਬ ਵੱਲੋਂ ਘਾਣ, ਚਰਖੜੀਆਂ 'ਤੇ ਪਿੰਜੇ ਜਾ ਰਹੇ ਸਿੰਘ, ਦੇਗਾਂ ਵਿੱਚ ਉਬਾਲੇ ਜਾ ਰਹੇ, ਬਾਬੇ ਨਾਨਕ ਦੀ ਸੋਚ ਵਾਲੇ ਸਿੱਖ, ਸਰੀਰ ਦੇ ਬੰਦ ਬੰਦ ਕੱਟੇ ਜਾਣ ਦੀਆਂ ਕੁਰਬਾਨੀਆਂ, ਕੋਹਲੂਆਂ ਵਿੱਚ ਮਾਸੂਮ ਬੱਚਿਆਂ ਸਮੇਤ ਪੀੜੇ ਜਾ ਰਹੇ ਸਿੱਖ ਪਰਿਵਾਰ, ਸ਼ਰਨ ਆਏ ਹਿੰਦੂਆਂ ਲਈ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ, ਦਸ ਗੁਰੂਆਂ ਦੀ ਜ਼ੁਲਮਾਂ ਵਿਰੁੱਧ ਟੱਕਰ ਤੇ ਫਿਰ ਬਾਬਾ ਬੰਦਾ ਸਿੰਘ ਬਹਾਦਰ ਦੇ ਰਾਜ (ਚਾਹੇ ਥੋੜਾ ਸਮੇਂ ਦਾ) ਦਾ ਸੁਨਹਿਰੀ ਦੌਰ ਜਿੱਥੇ ਰਜਵਾੜਾਸ਼ਾਹੀ ਨੂੰ ਸੱਟ ਮਾਰ ਕੇ ਕਿਰਤੀਆਂ ਨੂੰ ਜ਼ਮੀਨਾਂ ਦੇਣੀਆਂ ਆਦਿ ਦਾ ਸ਼ਾਨਾਮੱਤਾ ਇਤਿਹਾਸ ਹੈ। 20ਵੀਂ ਸਦੀ ਤੱਕ ਪੁੱਜ ਕੇ ਸੱਤਾ ਦੇ ਨਸ਼ੇ ਵਾਲੇ ਦਿੱਲੀ ਤਖ਼ਤ ਨਾਲ ਫਿਰ ਸਿੱਧੀ ਟੱਕਰ ਹੈ ਤੇ ਹੁਣ ਤੱਕ ਪੰਜ ਸਦੀਆਂ ਦੀ ਟੱਕਰ ਦਾ ਇਤਿਹਾਸ ਸਿੱਖ ਕੌਮ ਦੇ ਲਹੂ ਨਾਲ ਉਕਰਿਆ ਹੋਇਆ ਹੈ। ਇਸ ਤਰ੍ਹਾਂ ਦੇਖਿਆਂ ਪਤਾ ਲਗਦਾ ਹੈ ਕਿ ਇਹ ਓਹੋ ਜੰਗ ਹੈ ਜੋ ਅਜੇ ਵੀ ਜਾਰੀ ਹੈ।

'ਬਰਗਾੜੀ ਇਨਸਾਫ਼ ਮੋਰਚਾ' ਸਬੰਧੀ ਉਕਤ ਸਵਾਲਾਂ ਬਾਰੇ ਜੇ ਕੁਝ ਹੋਰ ਸਰਲ ਢੰਗ ਨਾਲ ਵਿਚਾਰ ਕਰੀਏ ਤਾਂ ਇਹ ਹੈ ਕਿ ਅਸਲ ਵਿੱਚ ਭਾਰਤ ਦਾ ਪੂਰਾ ਰਾਜ ਪ੍ਰਬੰਧ, ਇਸ ਦੀਆਂ ਵੱਖ ਵੱਖ ਪ੍ਰਣਾਲੀਆਂ (ਇਹਨਾਂ ਦੀ ਭਾਸ਼ਾ ਵਿੱਚ ਥੰਮ), ਭਾਰਤੀ ਸਟੇਟ ਆਦਿ ਇਹ ਸਭ ਕੁਝ ਹਿੰਦੂ ਰਾਸ਼ਟਰਵਾਦ ਅਤੇ ਦਿੱਲੀ ਦੇ ਮਾਲਕ ਬ੍ਰਾਹਮਣਵਾਦ ਦੀ ਤਾਬਿਆਦਾਰੀ ਹੇਠ ਚੱਲ ਰਿਹਾ ਹੈ। ਇਸ ਦੇ ਨਜ਼ਰੀਏ ਵਿਚ ਸਿੱਖ ਕੌਮ ਪ੍ਰਤੀ ਅੱਖ ਦਾ ਟੀਰ ਹੀ ਨਹੀਂ, ਸਗੋਂ ਜ਼ਹਿਰੀ ਸੋਚ ਵੀ ਹੈ। ਤਾਂ ਫਿਰ ਕੈਪਟਨ ਅਮਰਿੰਦਰ, ਪ੍ਰਕਾਸ਼ ਸਿੰਘ ਬਾਦਲ, ਸੁਮੇਧ ਸੈਣੀ ਕੀ ਹਨ। ਇਹਨਾਂ ਦੇ ਆਪਣੇ ਮਾਲਕ ਦਿੱਲੀ ਦੇ ਬ੍ਰਾਹਮਣਵਾਦ ਲਈ ਕੈਪਟਨ ਅਮਰਿੰਦਰ, ਪ੍ਰਕਾਸ਼ ਸਿੰਘ ਬਾਦਲ, ਸੁਮੇਧ ਸੈਣੀ (ਇਤਿਹਾਸ ਦੇ ਪਿਛਲੇ ਪੰਨਿਆਂ ਵਿੱਚ ਜਨਰਲ ਬਰਾੜ, ਕੇਪੀ. ਐਸ. ਗਿੱਲ, ਮੁੱਖ ਮੰਤਰੀ ਬੇਅੰਤ ਸਿੰਘ) ਦੀ ਭੂਮਿਕਾ ਇੱਕ ਪਿੰਡ ਦੇ ਉਸ ਪੁਲਿਸ ਟਾਊਟ ਵਰਗੀ ਹੈ, ਜੋ ਪੁਲਿਸ ਦੀ ਟਾਊਟਗਿਰੀ ਵਜੋਂ ਪੁਲਿਸ ਲਈ ਹਰ ਪੁੱਠੇ, ਮਾੜੇ ਕੁਕਰਮ ਕਰਦਾ ਹੈ ਤੇ ਉਸ ਦੀ ਜਾਇਦਾਦ ਵਿੱਚ ਵਾਧਾ ਕਰਨ ਲਈ ਪੁਲਿਸ ਉਸ ਨੂੰ ਕਾਲਾ ਧੰਦਾ (ਬਲੈਕ ਆਦਿ) ਕਰਨ ਦੀ ਖੁੱਲ੍ਹ ਵੀ ਦਿੰਦੀ ਹੈ। ਜਦੋਂ ਉਸ ਦੀਆਂ ਕਰਤੂਤਾਂ ਕਰਕੇ ਟਾਊਟ 'ਤੇ ਕਦੀ ਵੀ 'ਭੀੜ' ਪੈਦੀ ਹੈ ਤਾਂ ਪੁਲਿਸ ਆਪਣੇ ਟਾਊਟ ਦਾ ਬਚਾਅ ਕਰਦੀ ਹੈ। ਜੇ ਅਜਿਹਾ ਨਾ ਕਰੂ ਤਾਂ ਭਵਿੱਖ ਵਿੱਚ ਉਸ ਲਈ ਟਾਊਟ ਬਣਨ ਦੀ ਸੰਭਾਵਨਾ ਘਟ ਜਾਵੇਗੀ। ਹੁਣ ਦਿੱਲੀ ਦਾ ਬਿਪਰਵਾਦੀ ਤਖਤ ਆਪਣੇ ਇਹਨਾਂ ਸੰਦਾਂ ਨੂੰ ਕਿਸੇ ਵੀ ਤਰ੍ਹਾਂ ਤੱਤੀ ਵਾਹ ਨਹੀਂ ਲੱਗਣ ਦੇਣੀ ਚਾਹੁੰਦਾ ਹੈ। ਇਹਨਾਂ ਦੀ ਭੂਮਿਕਾ ਇੱਕ ਪੁਲਿਸ ਟਾਊਟ ਅਤੇ ਏਜੰਟਾਂ ਵਾਲੀ ਹੈ, ਜਾਂ ਦੂਜੇ ਸ਼ਬਦਾਂ ਵਿੱਚ ਕਹਿ ਲਿਆ ਜਾਵੇ ਕਿ ਇਹ ਸਾਰੇ ਦਿੱਲੀ ਦੇ ਸਿੱਖ ਮਾਰੂ ਬ੍ਰਾਹਮਣਵਾਦੀ ਰੂਪੀ ਕੁਹਾੜੇ ਦੇ ਬਾਦਲ ਦਸਤੇ (ਬਾਂਹੇ) ਹਨ, ਜੋ ਕੁਹਾੜੇ ਸਿੱਖਾਂ 'ਤੇ ਚਲਾਏ ਜਾ ਰਹੇ ਨੇ। ਇਹ ਹਰ ਸਿੱਖ ਨੂੰ ਸਮਝਣਾ ਬਹੁਤ ਜ਼ਰੂਰੀ ਹੈ। ਇਸ ਕਰਕੇ ਸਿੱਖ਼ਾਂ ਲਈ ਇਨਸਾਫ਼ ਦੀ ਮੰਜ਼ਿਲ ਦਾ ਪੈਂਡਾ ਨਾ ਹੀ ਐਨਾ ਛੋਟਾ ਹੈ ਅਤੇ ਨਾ ਹੀ ਅਸਾਨ ਹੈ।

ਤਾਂ ਫਿਰ ਬਰਗਾੜੀ ਇਨਸਾਫ਼ ਮੋਰਚੇ ਦਾ ਕੀ ਬਣੂ ਅਤੇ ਇਸ ਦੀ ਭੂਮਿਕਾ ਕੀ ਰਹਿ ਗਈ ?

ਫਿਰ ਇਹ ਸਵਾਲ ਜ਼ਿਹਨ ਵਿੱਚ ਆਉਣੇ ਕੁਦਰਤੀ ਹਨ ਕਿ ਆਖਰ ਮੋਰਚੇ ਦਾ ਬਣੂ ਕੀ ਜਾਂ ਇਸ ਦੀ ਭੂਮਿਕਾ ਕੀ ਰਹਿ ਜਾਂਦੀ ਹੈ। ਬਹੁ ਕੌਮੀ ਰਾਸ਼ਟਰਵਾਦ ਦੇ ਜੂਲੇ ਹੇਠ ਸਹਿਕ ਰਹੀਆਂ ਤੇ ਆਜ਼ਾਦ ਫ਼ਿਜਾ ਵਿੱਚ ਸਾਹ ਲੈਣ ਲਈ ਤਤਪਰ ਘੱਟ ਗਿਣਤੀ ਕੌਮਾਂ ਲਈ ਇਨਸਾਫ਼ ਦੇ ਪੈਮਾਨੇ ਜਾਂ ਇਤਿਹਾਸਕ ਪੜਾਅ ਕਦੇ ਵੀ ਗਿਣਵੇਂ ਮਿਣਵੇਂ ਨਹੀਂ ਹੁੰਦੇ। ਇਹ ਹਿਸਾਬ ਦੇ ਉਹ ਪਹਾੜੇ ਨਹੀਂ ਕਿ ਹਰ ਰੋਜ਼ ਹੀ ਦੋ ਦੂਣੀ ਚਾਰ ਹੋਵੇਗੀ, ਇੱਥੇ ਦੋ ਦੂਣੀ ਇੱਕ ਵੀ ਰਹਿ ਸਕਦੀ ਹੈ ਤੇ ਦੋ ਦੂਣੀ ਪੰਜ ਵੀ ਹੋ ਸਕਦੀ ਹੈ। ਇਸ ਵੇਲੇ ਇਹ ਮੋਰਚਾ ਇੱਕ ਅਜਿਹਾ ਕੇਂਦਰ ਬਿੰਦੂ ਹੈ ਜਿੱਥੇ ਨਾ ਕੇਵਲ ਇਨਸਾਫ਼ ਮੰਗਦੇ ਸੰਸਾਰ ਦੇ ਹਰ ਸਿੱਖ ਦੀ ਨਜ਼ਰ ਟਿਕੀ ਹੋਈ ਹੈ ਸਗੋਂ ਇਸ ਵੇਲੇ ਇਹ ਮੰਚ ਸਿੱਖੀ, ਸਿੱਖੀ ਸਿਧਾਂਤਾਂ, ਸਿੱਖ਼ਾਂ ਦੀ ਹੋਂਦ, ਸਿੱਖਾਂ ਨਾਲ ਜ਼ੁਲਮਾਂ ਦੀ ਦਾਸਤਾਨ, ਸਿੱਖਾਂ ਦਾ ਦਰਦ, ਸ਼੍ਰੀ ਗੁਰੂ ਗਰੰਥ ਸਾਹਿਬ ਵਿੱਚ ਦਰਜ ਗੁਰਬਾਣੀ ਤੇ ਇਸ ਨਾਲ ਸਬੰਧਤ ਹੋਰ ਬਹੁਤ ਕੁਝ ਦਾ ਇੱਕ ਵੱਡਾ ਪ੍ਰਚਾਰ ਕੇਂਦਰ ਬਣਿਆ ਹੋਇਆ ਹੈ। ਇਸ 'ਸਰਬੱਤ ਦੇ ਭਲੇ' ਵਾਲੇ ਮੰਚ 'ਤੇ ਆ ਕੇ ਵੱਖ ਵੱਖ ਸਿੱਖ ਜਥੇਬੰਦੀਆਂ ਦੇ ਆਗੂ ਆਪਸੀ ਮੱਤਭੇਦ, ਹਉਮੈ, ਆਪਾ ਚਮਕਾਊ ਆਦਿ ਦੀ ਨਾਂਹ ਪੱਖੀ ਨੀਤੀ ਤੇ ਤੰਗ ਨਜ਼ਰੀਏ ਛੱਡ ਕੇ ਇਸ ਵਿਸ਼ਾਲ ਦ੍ਰਿਸ਼ਟੀ ਵਾਲੇ ਮੰਚ ਤੋਂ ਆਪਣੇ ਜਜ਼ਬਾਤ ਦਾ ਪ੍ਰਗਟਾਵਾ ਕਰਦੇ ਹਨ। ਇਸ ਮੰਚ ਤੋਂ ਮਨੂੰ ਸਮ੍ਰਿਤੀ ਅਧਾਰਤ ਬ੍ਰਾਹਮਣਵਾਦ ਤੋਂ ਸਤਾਏ ਦਲਿਤ, ਹਿੰਦੂਤਵੀ ਰਾਸ਼ਟਰਵਾਦ ਦੇ ਸ਼ਿਕਾਰ ਮੁਸਲਮਾਨ ਵੀਰ, ਸਿੱਖਾਂ ਨਾਲ ਹਮਦਰਦੀ ਰੱਖਦੇ ਹਿੰਦੂ ਵੀਰ ਆ ਕੇ ਆਪਣੇ ਵਿਚਾਰ ਰੱਖਦੇ ਹਨ। ਇਸ ਮੰਚ ਤੋਂ ਵੱਖ-ਵੱਖ ਸਿੱਖ ਜਥੇਬੰਦੀਆਂ, ਗਰੁੱਪਾਂ ਦੀ ਜੇ ਏਕਤਾ ਨਹੀਂ ਤਾਂ ਘੱਟੋ-ਘੱਟ ਸਾਂਝ ਜ਼ਰੂਰ ਦਿਖਣ ਲੱਗਦੀ ਹੈ। ਇੱਥੇ ਆ ਕੇ ਸਿੱਖ ਕੌਮ ਨਾ ਕੇਵਲ ਆਪਣੇ ਸ਼ਹੀਦਾਂ ਨੂੰ ਸ਼ਰਧਾਂਜਲੀਆਂ ਦਿੰਦੀ ਹੈ, ਸਗੋਂ ਸਿੱਖਾਂ 'ਤੇ ਹੋ ਰਹੇ ਜ਼ੁਲਮਾਂ ਦੇ ਦਰਦ ਨੂੰ ਵੀ ਸਾਂਝਾ ਕਰਦੀ ਹੈ। ਪੰਜਾਬ ਦੀ ਤੜਫ ਹਿਰਦੇ ਵਿੱਚ ਲੈ ਕੇ ਵਿਦੇਸ਼ਾਂ ਵਿੱਚੋਂ ਆ ਕੇ ਸਿੱਖ ਇਸ ਸੰਗਤ ਦੇ ਸਨਮੁੱਖ ਹੁੰਦੇ ਹਨ। ਅੰਮ੍ਰਿਤਪਾਨ ਹੋ ਰਹੇ ਹਨ। ਬੈਲਜੀਅਮ ਦੀਆਂ ਸਿੱਖ ਸੰਗਤਾਂ 'ਪੰਜ ਕਕਾਰਾਂ' ਦੀ ਮੁਫ਼ਤ ਸੇਵਾ ਮੁਹੱਈਆ ਕਰਵਾ ਰਹੀਆਂ ਹਨ। ਲੜਕੀਆਂ ਲਈ ਦੁਮਾਲੇ ਅਤੇ ਲੜਕਿਆਂ ਵਿੱਚ ਦਸਤਾਰ ਮੁਕਾਬਲੇ ਕਰਵਾ ਕੇ ਜੇਤੂਆਂ ਨੂੰ ਇਨਾਮ ਵੰਡਣੇ, ਪੰਜਾਬ ਤੇ ਵਿਦੇਸ਼ਾਂ ਵਿੱਚ ਹਿਜਰਤ ਕਰ ਗਏ ਸਿੱਖਾਂ ਵੱਲੋਂ ਗੁਰੂ ਦਾ ਲੰਗਰ ਹੈ। ਪੜ੍ਹਨ, ਵਾਚਣ ਲਈ ਕਿਤਾਬਾਂ ਵਾਲੀਆਂ ਦੁਕਾਨਾਂ ਹਨ। ਇਹ ਸਭ ਸਿੱਖਾਂ ਲਈ ਇੱਕ ਅਭਿਆਸ (ਪਰੈਕਟਸ) ਹੈ। ਗੈਰ ਸਿੱਖੀ ਕੁਰਾਹਾਂ 'ਤੇ ਭਟਕਦੇ ਲੋਕਾਂ ਵੱਲੋਂ ਇਸ ਮੋਰਚੇ ਵਿੱਚ ਆਉਣਾ ਸ਼੍ਰੀ ਗੁਰੂ ਗਰੰਥ ਸਾਹਿਬ ਵਿੱਚ ਦਰਜ ਭਾਈ ਗੁਰਦਾਸ ਜੀ ਦੀ ਬਾਣੀ ਦੀਆਂ ਇਹਨਾਂ ਤੁਕਾਂ 'ਕੋਇਲ ਪਾਲੈ ਕਾਂਵਣੀ ਮਿਲਦਾ ਜਾਇ ਕੁਟੰਬ ਸਿਵਾਣੈ' ਸੱਚ ਸਾਬਤ ਹੁੰਦੀਆਂ ਹਨ। (ਹਾਂ ਇੱਕ ਗੱਲ ਦੀ ਘਾਟ ਜ਼ਰੂਰ ਦੇਖੀ ਜਾ ਸਕਦੀ ਹੈ ਕਿ ਬ੍ਰਾਹਮਣਵਾਦ ਦੇ ਅਹਿਮ ਥੰਮ ਵਰਣ ਵੰਡ ਰੂਪੀ ਪਰਮਾਣੂ ਬੰਬ ਨੂੰ ਨਾਕਾਰਾ ਕਰਨ ਲਈ ਪ੍ਰਚਾਰ ਰੂਪੀ ਸੁਰੱਖਿਆ ਬਲਾਂ ਦੀ ਵੱਡੀ ਘਾਟ ਹੈ। ਫਿਰ ਵੀ ਉਪਰੋਕਤ ਪੱਖਾਂ ਤੋਂ ਬਰਗਾੜੀ ਮੋਰਚੇ ਦੀ ਇਸ ਦੌਰ ਵਿੱਚ ਇਤਿਹਾਸਕ ਦੇਣ ਤੋਂ ਮੁਨਕਰ ਨਹੀਂ ਹੋਇਆ ਜਾ ਸਕਦਾ।

ਇਸ ਮੋਰਚੇ ਵਿੱਚੋਂ ਇਨਸਾਫ਼ ਲਈ ਕੋਈ ਪੜਾਅ ਮਿੱਥਣਾ ਅਤੇ ਸਿੱਖਾਂ 'ਤੇ ਜ਼ੁਲਮਾਂ ਵਿਰੁੱਧ ਇਨਸਾਫ਼ ਲਈ ਕਿਸੇ ਜ਼ਬਰਦਸਤ ਨੇਤਾ/ਨੇਤਾਵਾਂ (ਲੀਡਰਸ਼ਿਪ) ਦਾ ਉਭਾਰ ਸਮਾਂ ਮਿੱਥ ਕੇ ਕਿਸੇ ਪੈਮਾਨੇ ਨਾਲ ਮਿਣਨ ਦੀ ਕੋਸ਼ਿਸ਼ ਕਰਨੀ, ਹਿਸਾਬ ਦੇ ਕਿਸੇ ਸਵਾਲ ਦੇ ਹੱਲ ਲਈ ਬਣਿਆ ਬਣਾਇਆ ਫਾਰਮੂਲਾ ਲਾ ਕੇ ਉਸ ਨੂੰ ਹੱਲ ਕਰਨ ਦੇ ਬਰਾਬਰ ਹੈ, ਜੋ ਕਿ ਇੱਥੇ ਲਾਗੂ ਨਹੀਂ ਹੁੰਦਾ ਤੇ ਨਾ ਕਦੇ ਹੋਵੇਗਾ। ਅਜਿਹੇ ਸਵਾਲਾਂ ਦਾ ਹੱਲ ਲੱਭਣ ਲਈ ਸਿੱਖਾਂ ਦੇ 500 ਸਾਲਾਂ ਦੇ ਜ਼ੁਲਮਾਂ ਵਿਰੁੱਧ ਇਨਸਾਫ਼ ਲਈ ਜੱਦੋਜਹਿਦ ਵਾਲੇ ਇਤਿਹਾਸ ਦੇ ਕਿਸੇ ਵੀ ਇੱਕ ਪੜਾਅ ਨੂੰ ਦੇਖਿਆ-ਵਾਚਿਆ ਜਾ ਸਕਦਾ ਹੈ। ਜੇ ਜਿਆਦਾ ਦੂਰ ਨਹੀਂ ਤਾਂ ਘੱਟੋ ਘੱਟ 20 ਵੀ ਸਦੀ ਦੇ ਉਸ ਇਤਿਹਾਸਕ ਪੰਨੇ ਨੂੰ ਤਾਂ ਜ਼ਰੂਰ ਹੀ ਪੜ੍ਹਿਆ ਜਾਵੇ, ਜਿਸ ਵਿੱਚੋਂ ਇਨ੍ਹਾਂ ਸਵਾਲਾਂ ਦੇ ਜਵਾਬ ਨਜ਼ਰ ਆਉਂਦੇ ਹਨ। ਹਿੰਦੂਆਂ ਦਾ ਰਾਸ਼ਟਰ ਭਾਰਤ, ਮੁਸਲਮਾਨਾਂ ਦਾ ਰਾਸ਼ਟਰ ਪਾਕਿਸਤਾਨ ਬਣਨ 'ਤੇ ਅਤੇ ਸਿੱਖ ਨੇਤਾਵਾਂ ਦੀ ਨਲਾਇਕੀ, ਆਤਮ ਵਿਸਵਾਸ਼ ਦੀ ਕਮੀ ਤੇ ਦੁਸ਼ਮਣਾਂ ਦੇ ਝਾਂਸੇ ਵਿੱਚ ਆ ਕੇ ਇੱਕ ਗੁਲਾਮੀ ਤੋਂ ਦੂਜੀ ਗੁਲਾਮੀ ਵਿੱਚ ਆਉਣ ਮਗਰੋਂ, ਵਾਅਦੇ ਮੁਤਾਬਕ ਕੇਵਲ ਪੰਜਾਬੀ ਸੂਬੇ ਲਈ ਸਿੱਖਾਂ ਨੇ ਅਜੇ ਸਾਹ ਕੱਢਣ ਦੇ ਯਤਨ ਹੀ ਸ਼ੁਰੂ ਕੀਤੇ ਸਨ ਕਿ ਦਿੱਲੀ ਦੇ ਤਖਤ ਉਤੇ ਕਾਬਜ਼ ਬ੍ਰਾਹਮਣਵਾਦ ਵੱਲੋਂ ਸੰਨ 1955 ਵਿੱਚ ( 'ਆਜ਼ਾਦੀ' ਵਿੱਚ 90 ਪ੍ਰਤੀਸ਼ਤ ਕੁਰਬਾਨੀਆਂ ਦੇਣ ਵਾਲੇ ਸਿੱਖ਼ਾਂ ਦੇ ਸਿਰਫ਼ 8 ਸਾਲਾਂ ਮਗਰੋਂ ਹੀ) 3 ਤੇ 4 ਜੁਲਾਈ ਦੀ ਰਾਤ ਨੂੰ ਸ਼੍ਰੀ ਦਰਬਾਰ ਸਾਹਿਬ 'ਤੇ ਗੋਲੀਆਂ ਚਲਾ ਕੇ ਸਿੱਖਾਂ ਨੂੰ ਉਹਨਾਂ ਦੀ ਭੁੱਲ (ਔਕਾਤ) ਦਾ ਅਹਿਸਾਸ ਕਰਵਾਇਆ ਗਿਆ। ਫਿਰ ਸਿੱਖਾਂ ਦੀ ਹੋਂਦ ਨੂੰ ਹਿੰਦੂਤਵ ਵਿੱਚ ਰਲਗੱਡ ਕਰਨ ਲਈ 'ਸ਼ਬਦ ਗੁਰੂ' 'ਤੇ ਹਮਲਾ ਕਰਨ ਲਈ ਉਸ ਵੇਲੇ ਮੰਚ 'ਤੇ ਨਿਰੰਕਾਰਵਾਦ ਨੂੰ ਦਿੱਲੀ ਤੋਂ ਪੈਰਾਸ਼ੂਟ ਰਾਹੀਂ ਉਤਾਰਿਆ ਪਰ ਇਹਨਾਂ 22 ਸਾਲਾਂ ਭਾਵ 1977 ਤੱਕ, ਨਿੱਹਥੇ ਸਿੱਖ ਕਦੇ ਚੀਕਦੇ ਅਤੇ ਕਦੇ ਗਰਜਦੇ ਰਹੇ। ਫਿਰ 22 ਸਾਲਾਂ ਮਗਰੋਂ ਸੰਤ ਸਿਪਾਹੀ ਜਰਨੈਲ ਸਿੰਘ ਭਿੰਡਰਾਂਵਾਲੇ ਦੇ ਆਗਾਜ਼ ਨੇ ਨਵਾਂ ਇਤਿਹਾਸ ਸਿਰਜ ਕੇ ਅਗਲਾ ਵਰਕਾ ਪਰਤਿਆ। ਸੰਨ 1984 ਦੀ 6 ਜੂਨ ਤੱਕ 150/200 ਹਥਿਆਰਬੰਦ ਸਿੱਖ ਜੁਝਾਰੂਆਂ ਨੇ ਜਰਨਲ ਸੁਬੇਗ ਸਿੰਘ ਵੱਲੋਂ ਕੀਤੀ ਮੋਰਚੇਬੰਦੀ ਦੇ ਸਫ਼ਲ ਪ੍ਰਬੰਧ ਅਤੇ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਦੀ ਅਗਵਾਈ ਵਿੱਚ ਭਾਰਤ ਦੀਆਂ ਲੱਖਾਂ ਫੌਜਾਂ, ਜਿਹਨਾਂ ਨੂੰ ਕੌਮਾਂਤਰੀ ਪੱਧਰ (ਇੰਟਰਨੈਸ਼ਨਲ ਪਾਵਰਜ਼) ਉਤੋਂ ਵੀ ਹਥਿਆਰ, ਬਾਰੂਦੀ ਸਾਜੋ ਸਮਾਨ ਮੁਹੱਈਆ ਕਰਵਾਇਆ ਗਿਆ ਸੀ, ਦਾ ਮੂੰਹ ਤੋੜ ਕੇ ਰੱਖ ਦਿੱਤਾ। ਦਿੱਲੀ ਨੇ ਸਿੱਖਾਂ ਨੂੰ ਸਬਕ ਸਿਖਾਉਣ ਅਤੇ ਉਹਨਾਂ ਦੀ ਔਕਾਤ ਦੱਸਣ ਦੀ ਜ਼ਹਿਰੀ ਫਿਤਰਤ ਕਾਰਨ ਹਜ਼ਾਰਾਂ ਬੇਗੁਨਾਹ ਸਿੱਖਾਂ, ਬਜ਼ੁਰਗਾਂ, ਬੀਬੀਆਂ, ਮਾਸੂਮ ਬੱਚਿਆਂ ਨੂੰ ਬੇਰਹਿਮੀ ਨਾਲ ਕਤਲ ਕਰਨ ਮਗਰੋਂ ਫਿਰ ਮਨੂੰ ਸਮ੍ਰਿਤੀ/ਚਾਣਕਿਆ ਦੀ ਨੀਤੀ ਤਹਿਤ ਬ੍ਰਾਹਮਣਵਾਦੀ ਫੌਜਾਂ ਰਾਹੀਂ 'ਸ਼ਬਦ ਗੁਰੂ' ਦਾ ਨਾਮੋਂ ਨਿਸ਼ਾਨ ਮਿਟਾਉਣ ਲਈ 'ਸਿੱਖ ਰੈਫ਼ਰੈਂਸ ਲਾਇਬਰੇਰੀ' ਤਕ ਨੂੰ ਅੱਗ ਲਾ ਦਿੱਤੀ। ਬਹੁਤ ਹੀ ਇਤਿਹਾਸਕ ਬਹੁਮੁੱਲੇ ਦਸਤਾਵੇਜ਼ ਲੁੱਟ ਕੇ ਸਾਨੂੰ ਮਾਨਸਿਕ ਪੱਖੋਂ ਵੀ (ਅੰਗ) ਹੀਣੇ ਬਣਾ ਦਿੱਤਾ। (ਅਸੀਂ ਭਾਵੇਂ 'ਸ਼ਬਦ ਗੁਰੂ' ਤੋਂ ਬੇਮੁੱਖ ਹਾਂ ਪਰ ਦਿੱਲੀ ਅਤੇ ਬ੍ਰਾਹਮਣਵਾਦ ਦੀ ਉਸ 'ਤੇ ਗਹਿਰੀ ਤੇ ਜ਼ਹਿਰੀ ਨਜ਼ਰ ਹੈ)।

ਬੇਇਨਸਾਫ਼ੀ ਵਿਰੁੱਧ ਜ਼ੁਲਮਾਂ ਦਾ ਹਿਸਾਬ ਆਜ਼ਾਦੀ ਦੇ ਰੂਪ ਵਿੱਚ ਲੈਣ ਲਈ ਸਿੱਖ ਕੌਮ ਨੇ ਸੰਨ 1984 ਤੋਂ 1994 ਤੱਕ ਦੇ ਇੱਕ ਦਹਾਕੇ ਦੌਰਾਨ ਮੈਦਾਨੀ ਇਲਾਕੇ ਵਿੱਚ, ਜਿਹੜੀ ਹਥਿਆਰਬੰਦ ਜੰਗ ਲੜੀ, ਅਜਿਹੀਆਂ ਪੈੜਾਂ ਸੰਸਾਰ ਦੇ ਇਤਿਹਾਸ ਦੇ ਕਿਸੇ ਵੀ ਦੌਰ ਵਿੱਚੋਂ ਨਹੀਂ ਲੱਭ ਸਕਦੀਆਂ। ਬੇਰਹਿਮੀ ਨਾਲ ਸਿੱਖਾਂ ਦੀ ਨਸਲਕੁਸ਼ੀ, ਸਿੱਖ ਨੌਜਵਾਨਾਂ ਦਾ ਝੂਠੇ ਪੁਲਿਸ ਮੁਕਾਬਲਿਆਂ ਵਿੱਚ ਘਾਣ, ਸਿੱਖ ਬੀਬੀਆਂ ਨਾਲ ਜਬਰ-ਜਨਾਹ ਕਰਨ ਆਦਿ ਦਾ ਹਰ ਅਣਮਨੁੱਖੀ ਹਰ ਹੱਥਕੰਡਾ ਵਰਤ ਕੇ ਇਸ ਲਹਿਰ ਨੂੰ ਵਕਤੀ ਤੌਰ 'ਤੇ ਦਬਾ ਦਿੱਤਾ ਗਿਆ। ਦਿੱਲੀ ਦੇ ਬ੍ਰਾਹਮਣਵਾਦੀ ਧਾਰਾ 'ਤੇ ਸੱਟ ਮਾਰਦੇ ਅਤੇ ਸਰਬੱਤ ਦੇ ਭਲੇ ਵਾਲੇ 'ਸ਼ਬਦ ਗੁਰੂ' ਨੂੰ ਸਦਾ ਲਈ ਮਿਟਾਉਣ ਖਾਤਰ ਸੱਭਿਆਚਾਰ ਦੇ ਨਾਂ ਹੇਠ ਰਿਸ਼ਤਿਆਂ ਦਾ ਘਾਣ ਕਰਦੀ ਲੱਚਰ ਗਾਇਕੀ, ਸ਼ਰਾਬ ਦੇ ਹੜ੍ਹ, ਬ੍ਰਾਹਮਣਵਾਦੀ ਦਿੱਖ (ਮੂੰਹ-ਸਿਰ ਮੋਨੇ) ਕਰਨ ਆਦਿ ਦੇ ਕੋਹਝੇ ਹਥਿਆਰਾਂ ਨੂੰ ਸਿੱਖ ਫਿਲਾਸਫ਼ੀ ਦੇ ਵਿਰੋਧ ਵਿਚ ਖੁੱਲ੍ਹ ਕੇ ਅਜ਼ਮਾਇਆ ਗਿਆ। ਇਕ ਹੱਦ ਤੱਕ ਦਿੱਲੀ ਦਾ ਇਹ ਬ੍ਰਾਹਮਣਵਾਦੀ ਮਾਡਲ ਇਸ ਵਿਚ ਸਫ਼ਲ ਵੀ ਰਿਹਾ। (ਪੁਲਿਸ ਮੁਖੀ ਕੇਪੀ. ਐਸ. ਗਿੱਲ ਦੀਆਂ ਲਿਖਤਾਂ ਇਸ ਗੱਲ ਦਾ ਸਬੂਤ ਹਨ)। ਬ੍ਰਾਹਮਣਵਾਦੀ ਅਜਗਰ ਨੇ ਸਿੱਖ ਰੂਪੀ ਸ਼ੇਰ ਨੂੰ ਆਪਣੇ ਵਲੇਵੇਂ ਵਿੱਚ ਲੈ ਲਿਆ। ਇਸ ਸਦੀ ਦੇ ਆਖਰ ਵਿਚ ਸਿੱਖਾਂ ਨੇ ਸੰਨ 1995 ਵਿੱਚ ਸਿੱਖ ਨੌਜਵਾਨਾਂ ਦੇ ਕਾਤਲ ਪੰਜਾਬ ਦੇ ਮੁੱਖ ਮੰਤਰੀ ਬੇਅੰਤ ਸਿੰਘ ਦਾ ਅੰਤ, ਬੰਬ ਧਮਾਕੇ ਨਾਲ ਕਰਕੇ ਦੁਸ਼ਮਣਾਂ ਦੇ ਫਿਰ ਮਧਾਣੀ ਸੱਟ ਮਾਰੀ। ਜ਼ੁਲਮਾਂ ਦੇ ਸਤਾਏ ਸਿੱਖਾਂ ਨੂੰ ਕੁਝ ਵੀ ਪਤਾ ਨਹੀਂ ਸੀ ਲੱਗ ਰਿਹਾ ਕਿ ਉਹ ਕੀ ਕਰਨ। ਉਹ ਰੋਲ ਕੇ ਹੀ ਐਨੇ ਰੱਖ ਦਿੱਤੇ ਸਨ। ਜ਼ੁਲਮ ਦੇ ਝੱਖੜਾਂ ਦੀ ਮਾਰ ਹੇਠ ਆਏ ਸਿੱਖਾਂ ਨੇ ਵਿਦੇਸ਼ਾਂ ਵੱਲ ਹਿਜਰਤ ਕਰਨੀ ਸ਼ੁਰੂ ਕਰ ਦਿੱਤੀ ਜਿਹੜੀ ਕਿ ਦਿੱਲੀ ਦੇ ਬ੍ਰਾਹਮਣਵਾਦ ਦੀ ਦਿਲੀ ਇੱਛਾ ਸੀ।

ਦਿੱਲੀ ਦੇ ਜ਼ੁਲਮੀ ਝੱਖੜਾਂ ਦੀ ਪੀੜਾ ਹੰਢਾਉਦੀ ਸਿੱਖ ਕੌਮ ਦਹਾਕਿਆਂ ਤੋਂ ਚੀਕਦੀ-ਕੂਕਦੀ ਰਹੀ ਤੇ ਅਖੀਰ ਇਸ ਨੇ ਜ਼ੁਲਮਾਂ ਤੋਂ ਅੱਕ ਕੇ ਫਿਰ ਅੰਗੜਾਈ ਲਈ। ਇਹ ਇਤਿਹਾਸਕ ਪੜਾਅ ਅੱਜ ਬਰਗਾੜੀ ਇਨਸਾਫ਼ ਮੋਰਚੇ ਤੱਕ ਵਧ ਗਿਆ ਹੈ। (ਇਹ ਵੀ ਸੋਚਣਾ ਬਣਦਾ ਹੈ ਕਿ ਇਸ ਦਾ ਨਾਮ 'ਬਰਗਾੜੀ ਇਨਸਾਫ਼ ਮੋਰਚਾ' ਦੀ ਬਜਾਏ 'ਸਿੱਖਾਂ ਲਈ ਇਨਸਾਫ਼ ਮੋਰਚਾ' ਹੋਣਾ ਚਾਹੀਦਾ ਸੀ)।

'ਬਣੂ ਕੁਛ'?, 'ਬਾਦਲ, ਸੁਮੇਧ ਸੈਣੀ ਜਾਣਗੇ ਅੰਦਰ ?' 'ਕੈਪਟਨ ਕੁਛ ਕਿਉਂ ਨਹੀਂ ਕਰ ਰਿਹਾ ?' ਦੇ ਜਵਾਬਾਂ ਪ੍ਰਤੀ ਉਕਤ ਸਭ ਕੁਝ ਸਮਝਣਾ ਪੈਣਾ ਹੈ। ਹਾਂ ਇੱਕ ਗੱਲ ਇਹ ਕਿ ਸਰਬੰਸਦਾਨੀ, ਦਸਮ ਪਿਤਾ ਸ਼੍ਰੀ ਗੁਰੂ ਗੋਬਿੰਦ ਸਿੰਘ ਦੇ ਮੁੱਖ ਵਿੱਚੋਂ ਉਚਾਰੇ ਸ਼ਬਦ 'ਰਾਜ ਬਿਨਾ ਨਹਿ ਧਰਮ ਚਲੈ ਹੈਂ।। ਧਰਮ ਬਿਨਾ ਸਭ ਦਲੈ ਮਲੈ ਹੈਂ।।' ਸਾਡੀ ਜ਼ਿਹਨ ਦਾ ਹਿੱਸਾ ਹੋਣੇ ਚਾਹੀਦੇ ਹਨ। ਇਹ ਗੱਲ ਪੱਥਰ 'ਤੇ ਲਕੀਰ ਵਾਂਗ ਹੈ ਕਿ ਦਿੱਲੀ (ਬ੍ਰਾਹਮਣਵਾਦ) ਨੇ ਇਸ ਨੂੰ ਆਪਣੇ ਦਿਮਾਗ ਵਿੱਚ ਰੱਖ ਕੇ ਇਸ ਸਭ 'ਤੇ ਨਿਸ਼ਾਨਾ ਸੇਧਿਆ ਹੋਇਆ ਹੈ। ਇਸ ਵੇਲੇ ਜਿਵੇਂ-ਜਿਵੇਂ ਸਿੱਖ ਗੁਲਾਮ ਮਾਨਸਿਕਤਾ ਤੋਂ ਆਜ਼ਾਦ ਹੋਣ ਦਾ ਯਤਨ ਕਰ ਰਹੇ ਹਨ ਤਾਂ ਜ਼ਰੂਰੀ ਹੈ ਕਿ ਦਿੱਲੀ ਦੇ ਤਖਤ ਦੀ ਖਸਲਤ ਵਿਚ ਬਿਰਾਜਮਾਨ ਬ੍ਰਾਹਮਣਵਾਦ ਦੀ ਅਜ਼ਾਰੇਦਾਰੀ ਨੂੰ ਵੀ 'ਸ਼ਬਦ ਗੁਰੂ' ਦੇ ਸੰਦਰਭ ਵਿਚ ਪੜਚੋਲਿਆ ਜਾਵੇ। ਇਹੋ ਸਾਡੇ ਸ਼ਾਨਾਮੱਤੇ ਭਵਿੱਖ ਲਈ ਇਤਿਹਾਸਕ ਕਦਮ ਹੋਵੇਗਾ।

# SINGH TRANSPORT INC



ਓਕਲੈਂਡ ਪੋਰਟ, ਲਾਸ ਏਂਜਲਸ ਪੋਰਟ ਅਤੇ ਲੋਂਗ ਬੀਚ ਪੋਰਟ 'ਤੇ ਕੰਮ ਕਰਨ ਲਈ ਏ ਕਲਾਸ ਡਰਾਈਵਰਾਂ ਅਤੇ ਓਨਰ ਆਪ੍ਰੇਟਰਾਂ ਦੀ ਲੋੜ ਹੈ।

STUDENT DRIVER WELCOM
ਅਸੀਂ ਲਾਇਸੰਸ ਲੈਣ ਲਈ ਤੁਹਾਡੇ ਸਕੂਲ ਦਾ ਖਰਚਾ ਵੀ ਦਿੰਦੇ ਹਾਂ।

ਫਰਿਜ਼ਨੋ ਵੈਲੀ ਏਰੀਏ ਵਿਚੋਂ ਡਰਾਈਵਰਾਂ ਦੀ ਸਖ਼ਤ ਲੋੜ

- ਡ੍ਰਾਈ ਵੈਨ ਡਰਾਈਵਰਾਂ ਦੀ ਲੋੜ
- ਵਰਕ ਪਰਮਿਟ ਹੋਲਡਰ ਨਵੇਂ ਡਰਾਈਵਰਾਂ ਦਾ ਸਵਾਗਤ
- ਨਵੇਂ ਲਾਇਸੰਸ ਡਰਾਈਵਰਾਂ ਦਾ ਸਵਾਗਤ
- ਟ੍ਰੇਨਿੰਗ ਉਪਲਬੱਧ
- Double Endorsement ਵਾਲੇ ਡਰਾਈਵਰਾਂ ਦੀ ਲੋੜ ਹੈ।
- LA ਤੋਂ Bay Area-Sacramento-LA ਵਾਸਤੇ Hook Drop ਲੋਡ ਚੁੱਕੋ।
- ਅਸੀਂ ਡਰਾਈਵਰਾਂ ਨੂੰ 55 Cent ਤੱਕ per mile ਦਿੰਦੇ ਹਾਂ।
- ਸੋਮਵਾਰ ਤੋਂ ਸ਼ੁੱਕਰਵਾਰ ਪੰਜ ਦਿਨ ਕੰਮ ਕਰ ਕੇ ਮਹੀਨੇ ਦਾ ਡਾਲਰ $6000 ਕਮਾਓ।
- ਕੰਮ ਕਰਨ ਲਈ ਵਧੀਆ ਅਤੇ ਆਰਾਮਦਾਇਕ ਮਾਹੌਲ।
- ਅਸੀਂ ਪੋਰਟ 'ਤੇ ਸਭ ਤੋਂ ਜ਼ਿਆਦਾ ਪੈਸੇ ਦਿੰਦੇ ਹਾਂ।
- ਅਸੀਂ ਬੋਨਸ ਵੀ ਦਿੰਦੇ ਹਾਂ।
- ਰੋਜ਼ਾਨਾ ਸ਼ਾਮ ਨੂੰ ਘਰ ਜਾਓ।

ਟਰੱਕ ਰਿਪੇਅਰ ਮਕੈਨਿਕ ਦੀ ਲੋੜ

ਸੰਪਰਕ:
ਸਤਨਾਮ ਸਿੰਘ ਖਹਿਰਾ (510) 543-3778, ਜਗਤਾਰ ਸਿੰਘ (510) 918-2439, (510) 943-9578



ਖ਼ੁਸ਼ਖ਼ਬਰੀ ਖ਼ੁਸ਼ਖ਼ਬਰੀ ਖ਼ੁਸ਼ਖ਼ਬਰੀ ਖ਼ੁਸ਼ਖ਼ਬਰੀ

# ਪੰਜਾਬੀ ਢਾਬਾ

Now Open

Indiana

1480 N State Road 1, Cambridge City, IN 47327. 70 Exit 137

Diesel/Gas

ਟਰੱਕਾਂ ਵਾਲੇ ਭਰਾਵਾਂ ਲਈ
ਖੁੱਲ੍ਹ ਗਿਆ



ਇਥੇ ਮੰਜਿਆਂ ਉਪਰ ਬੈਠਕੇ ਖਾਓ-ਪੀਓ ਅਤੇ ਨਾਲ ਲੈ ਕੇ ਜਾਵੋ...
ਸਵਾਦ ਅਤੇ ਮਾਹੌਲ, ਜਿਵੇਂ ਆਪਣਾ ਪੰਜਾਬ ਤੇ ਘਰ ਦੀ...

ਕੀਮਤਾਂ ਬਹੁਤ ਹੀ ਵਾਜਬ!



ਸਹੂਲਤਾਂ
- ਪੰਜਾਬੀ ਢਾਬਾ
- ਸਸਤਾ ਡੀਜ਼ਲ
- Liquor, Beer & Wine
- truck repair, new showers, scale.

Free Buffet over 100 gallons

open 6am to midnight

Phone: 765-478-6300



# ਜ਼ਿੰਦਗੀ ਨੂੰ ਸੁਹਾਵਣੀ ਬਣਾਓ 'ਦ ਕੰਪਨੀ ਯੂ ਕੀਪ' ਦੇ ਨਾਲ!

NEW YORK LIFE
www.newyorklife.com

1845 ਤੋਂ ਅਸੀਂ ਲੋਕਾਂ ਨੂੰ ਉਨ੍ਹਾਂ ਦੇ ਔਖੇ ਸਮਿਆਂ 'ਚ ਮਨ ਦੀ ਸ਼ਾਂਤੀ ਲਿਆਉਣ ਦੇ ਸਮਰੱਥ ਰਹੇ ਹਾਂ। ਅਸੀਂ ਏਸ਼ੀਆ-ਭਾਰਤੀ ਕੌਮ ਦੀ ਸੇਵਾ ਕਰਦੇ ਮਾਣ ਮਹਿਸੂਸ ਕਰਦੇ ਹਾਂ ਅਤੇ ਜ਼ਿੰਦਗੀ ਦੇ ਹਰ ਪਹਿਲੂ 'ਤੇ ਤੁਹਾਡਾ ਸਾਥ ਨਿਭਾਉਣ ਦਾ ਵਾਅਦਾ ਕਰਦੇ ਹਾਂ।



Open Enrollment for Healthcare Starts November 1, 2017 to January 31, 2018.



COVERED CALIFORNIA

ਸਿਮਰਨ ਕੌਰ ਅਟਵਾਲ
ਏਜੰਟ
ਲਾਇਸੰਸ # OE17073

ਨਿਊ ਯਾਰਕ ਇੰਸ਼ੋਰੈਂਸ ਕੰਪਨੀ
3255 ਵੈਸਟ ਮਾਰਚ ਲੇਨ, # 300 ਸਟਾਕਟਨ, ਕੈਲੀਫੋਰਨੀਆ 95219
ਫੋਨ : 209-955-2418, 209-993-7978
skatwal@ft.newyorklife.com

ਆਪਣੇ ਪਰਿਵਾਰ ਦੀ ਸੁਰੱਖਿਆ ਯਕੀਨੀ ਬਣਾਉਣ ਲਈ ਹੁਣੇ ਆਪਣੇ ਸਥਾਨਕ ਏਜੰਟ ਨਾਲ ਸੰਪਰਕ ਕਰੋ!!



Serving Around the World Community Since 1994
We Specialize to Asia, Europe, Middle East, Africa, Australia & etc.

Special fares to :
SFO TO DEL
LAX TO DEL




Special fares to
Amritsar & Delhi

ਦੋ ਜਾਂ ਦੋ ਤੋਂ ਵੱਧ ਟਿਕਟਾਂ ਖਰੀਦਣ 'ਤੇ ਇਕ ਭਾਰ ਤੋਲਣ ਵਾਲੀ ਮਸ਼ੀਨ ਮੁਫ਼ਤ ਦਿੱਤੀ ਜਾਵੇਗੀ।

Cst No. : 2054876-40

Book on line 24/7 : www.skywaytkt.com

Or Call (818) 762-9236

15549 Devonshire St., Ste. 206 Mission Hills, CA 91345




# ਤੁਹਾਡੇ ਇਲਾਕੇ ਵਿੱਚ
# ਸਸਤੀ ਮੈਡੀਕਲ ਇੰਸ਼ੋਰੈਂਸ਼

ਅਰਾਮ ਨਾਲ ਨਿਸਚਿੰਤ ਹੋਕੇ ਜ਼ਿੰਦਗੀ ਜੀਓ ਅਸੀਂ ਤੁਹਾਡੇ ਲਈ ਹੱਲ ਕੱਢ ਦਿੱਤਾ ਹੈ। ਵਧੀਆ ਅਤੇ ਸਸਤੀ ਤੁਹਾਡੇ ਇਲਾਕੇ ਵਿੱਚਲੀ ਹੀ ਮੈਡੀਕਲ ਇੰਸ਼ੋਰੈਂਸ ਲਉ ਜਿਸ ਉੱਤੇ ਤੁਸੀਂ ਭਰੋਸਾ ਕਰ ਸਕਦੇ ਹੋ। VHP ਤੁਹਾਨੂੰ ਮਨ ਦਾ ਸਕੂਨ ਅਤੇ ਵਧੀਆ ਸੁਵਿਧਾ ਪ੍ਰਦਾਨ ਕਰੇਗੀ:

- ✓ Santa Clara County ਵਿੱਚ ਸਭ ਤੋਂ ਸਸਤਾ Bronze, Silver, Gold ਅਤੇ Platinum ਪਲੈਨ
- ✓ ਭਰੋਸੇਯੋਗ ਅਤੇ ਉੱਚ ਪੱਦਰੀ ਕਵਰੇਜ
- ✓ ਵੱਡੀ ਗਿਣਤੀ ਵਿੱਚ ਡਾਕਟਰਾਂ ਅਤੇ ਮਾਹਿਰਾਂ ਦਾ ਨੈਟਵਰਕ
- ✓ ਵਧੀਆ ਸਰਵਿਸ – ਪੰਜਾਬੀ ਵਿੱਚ ਵੀ ਗੱਲ ਕਰ ਸਕੋਗੇ

**ਹੁਣੇ ਇੰਸ਼ੋਰੈਂਸ਼ ਲਵੋ dukana1.myvhp.org ਤੇ ਜਾਓ ਜਾਂ 669.236.2263 ਤੇ ਕਾਲ ਕਰੋ**

VHP is a proud partner of Covered California. Owned and operated by Santa Clara County. Covered California is a registered trademark of the State of California.

3150_NONMEM_NEWS_P



**Raja SWEETS & CATERING**
AUTHORIZED CATERER FOR MAJOR 5-STAR HOTELS

ਹਰ ਮੌਕੇ ਜਿਵੇ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਰਟੀ ਲਈ ਦਸ ਹਜਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।

Follow us on:
Toll Free 1-866-FOR-RAJA
www.rajasweets.com
msbains@rajasweets.com

Fresh Sweets, Snacks & Food
Catering with Portable Tandoor
for up to 10000 guests
Lunch - Dinner - Take Out - Banquets

**Raja Sweets & Indian Cuisine**
31853 Alvarado Blvd. Union City CA 94587
Ph. (510) 489-9100 Fax (510) 489-9111

**Raja Indian Cuisine & Bar**
1275 W Winton Ave. Hayward CA 94545
Ph. (510) 264-9300 Fax (510) 264-9345

**Call Makhan Bains or Ravinder Singh For Your Next Party**

**1-866-FOR-RAJA (367-7252)**
**www.RajaSweets.com**

**Items Serving:**
- All kinds of Sweets
- Snacks & Food
- Chaat & Tikki Stall
- Pani Poori Stall
- Bhel Poori / Pav Bhaji
- Falooda Kulfi

**Catering Services:**
- Wedding Ceremonies
- Receptions
- Birthday Parties
- Religious Gatherings
- Corporate Events
- Picnics / Bar-b-que

**Additional Services:**
- Warmers
- Chaffing Dishes
- China & Silverware
- Linen Rental
- Waiters & Bartenders




ਹਰ ਮੌਕੇ ਜਿਵੇਂ ਵਿਆਹ ਸ਼ਾਦੀ, ਰਿਸੈਪਸ਼ਨ, ਜਨਮਦਿਨ, ਪਾਰਟੀ ਲਈ
200 ਤੋਂ 1000 ਬੰਦਿਆਂ ਦੇ ਬੈਠਣ ਅਤੇ ਖਾਣ ਲਈ ਹਾਲ ਦਾ ਇੰਤਜਾਮ ਹੈ।

# PARADISE BALLROOMS

4100 Peralta Blvd. Fremont, CA 94536

**(510) 900-6319**

info@paradiseballrooms.com www.paradiseballrooms.com

## SERVICES INCLUDE

- Catering
- Silverware
- Chinaware
- Decorated Hall
- Linen
- Several Bar Options
- Security
- Wait Staff
- Full Setup Including table cloth, napkins, chairs etc.

# ਗੁਰਦੁਆਰਾ ਸਾਹਿਬ ਫਰੀਮੌਂਟ ਵਿਖੇ ਖਾਲਸਾ ਸਕੂਲ ਅਤੇ ਗੁਰੂ ਕੇ ਲੰਗਰਾਂ ਲਈ




























# ੀ ਨਵੀਂ ਬਣੀ ਅਲੀਸ਼ਾਨ ਇਮਾਰਤ ਦੇ ਉਦਘਾਟਨੀ ਸਮਾਗਮ ਦੀਆਂ ਝਲਕੀਆਂ







ਸੰਬੰਧਤ ਪੂਰੀ
ਖ਼ਬਰ ਸਫ਼ਾ 3
'ਤੇ ਪੜ੍ਹੋ






















# Valley Real Estate Center



Better Deal will be given from New Builders to Book New home in Mountain House, Tracy, Manteca and lathrop

For agriculture and almond Farm,office building, Farm House and for Truck Yard in Tracy, Manteca, Lathrop and Stockton

ਮਾਊਂਟੇਨ ਹਾਊਸ, ਟਰੇਸੀ, ਮਨਟਿਕਾ ਅਤੇ ਲੈਥਰੋਪ ਵਿਚ ਨਵਾਂ ਘਰ ਬੁੱਕ ਕਰਨ ਲਈ ਨਵੇਂ ਅਤੇ ਤਜਰਬੇਕਾਰ ਬਿਲਡਰਜ਼ ਤੋਂ ਵਧੀਆ ਡੀਲ ਦਿਵਾਈ ਜਾਵੇਗੀ।

ਖੇਤੀਬਾੜੀ, ਅਲਮੰਡ ਫਾਰਮ, ਆਫ਼ਿਸ ਬਿਲਡਿੰਗ, ਫਾਰਮ ਹਾਊਸ ਅਤੇ ਟਰੱਕ ਯਾਰਡ ਲਈ ਵੀ ਵਧੀਆ ਸੇਵਾਵਾਂ ਹਾਸਲ ਕਰੋ।

## Listing



**New Home for Sale:**
1830 William Moss Stockton
3 Bed, 2 Bath 1250 square foot
**$299,900**



**Truck Yard for Sale:**
3779 S El Dorado Road Stockton, 3.70 Acres,
60 Truck trailer parking in Permitted Truck parking Zone
**$1,250,000**

**Two Acres Truck Yard with small shop Available in Manteca asking for $950,000**



Ranjit S Mangat
(Lic: 01922089)

**ਨਵੀਂ ਜਾਂ ਪੁਰਾਣੀ ਜਾਇਦਾਦ ਖਰੀਦਣ ਜਾਂ ਵੇਚਣ ਲਈ ਕਾਲ ਕਰੋ**

## Ranjit S Mangat

**Valley Real Estate Center (Office Lic.: 01392267)**
**68 E 11th Street Ste 109, Tracy, CA 95376**
**Office: 209-956-1000 Cell : 408-355-5700**
**gbsingh84@gmail.com**

ੴ ਸਤਿਗੁਰ ਪ੍ਰਸਾਦਿ ॥

ਸਤਿਗੁਰੂ ਨਾਨਕ ਪ੍ਰਗਟਿਆ ਮਿਟੀ ਧੁੰਧ ਜਗ ਚਾਨਣ ਹੋਆ ॥

# HOLLYWOOD SIKH TEMPLE

(GURDWARA VERMONT - 323-665-7707)

## CELEBRATING 549TH PARKASH UTSAV OF

# SRI GURU NANAK DEV JI

**Sunday Dec. 2, 2018**

**7am To 5pm**

**Friendship Auditorium,**
**3201 Riverside Dr.**
**Los Angeles, CA 90027**



**7am - 9am: ASA-DI-VAAR, 9am - 11am: Kirtan by Children Jathas**

**11am - 5pm: Kirtan by renowned Ragi Jathas & Ragis from all over S. California**



Bhai Harjinder Singh ji



Sant Anoop Singh Ji



Bhai Ajit Singh Ji

## BREAKFAST SEWA BY: BHAI KANHAIYA DAL

**FOR PUNJABI BAZAR, CONTACT:**

*(Vendors, Please Bring Your Own Canopies.*
*Tables Will Be Provided By Us.*

S. Bhupinder Singh Dhillon ...323-514-6347
S. Baljinder Singh Multani .....213-249-8099
S. Gurdev Singh.......................323-304-4871

**RAGI JATHAS PLEASE CONTACT:**

S. Santokh Singh.............310 569 9506
S. Baldev Singh Johal.....661 965 5937

**VALET PARKING**
**& SHUTTLE AVAILABLE**

**MANAGEMENT COMMITTEE:**

Dr. Amarjit Singh Marwah (Chairman) • S. Baldev Singh Johal (President) • S. Bhupinder Singh Dhillon (V.P.) • S. Santokh Singh (Gen. Secy.) S. Ronak Singh (Add. Secy.) • S. Nirmal Sehmbey (Membership Chairman) • S. Baljinder Singh Multani (V.P. Finance) • S. Gurdev Singh (Treasurer), S. Gulbagh Singh (Add. Treasurer) • S. Amarjit Singh (Langar Inc.) • S. Sarbjit Padda (Maintenance) • Manjinder Singh Sagoo (Video)

For all other information, please call: S. Baldev Singh Johal (661) 965-5937 • S. Bhupinder Singh Dhillon (323) 514-6347 • S. Santokh Singh (310) 569-9506

Visit our website: www.HollywoodSikhTemple.org • E-mail: info@HollywoodSikhTemple.org , 323-665-7707

47833

# ਪੰਜਾਬੀ ਹੀ ਕਰਦੇ ਨੇ ਪੁੱਤਾਂ-ਧੀਆਂ ਦੀ ਦਲਾਲੀ...

- **ਇੰਮੀਗਰੇਸ਼ਨ ਅਮਲੇ ਨਾਲ ਗੈਰ ਕਨੂੰਨੀ ਏਜੰਟਾਂ ਦੀ ਪੂਰੀ ਸੈਟਿੰਗ**
- **ਪਰਵਾਸੀਆਂ ਦੀ ਤਨਖਾਹ 'ਚੋਂ ਵੀ ਲੈਂਦੇ ਨੇ ਕਮਿਸ਼ਨ**
- **ਰੁਜ਼ਗਾਰ ਦੇ ਨਾਂ 'ਤੇ ਗੁਰਬਤ ਮਾਰੀਆਂ ਧੀਆਂ ਨੂੰ ਧੱਕਿਆ ਜਾਂਦਾ ਹੈ ਦੇਹ ਵਪਾਰ ਦੇ ਧੰਦੇ 'ਚ**



**ਅਮਨਦੀਪ ਕੌਰ ਹਾਂਸ ਦੀ ਮਨੁੱਖੀ ਤਸਕਰੀ ਬਾਰੇ ਵਿਸ਼ੇਸ਼ ਰਿਪੋਰਟ**

ਪੰਜਾਬ ਵਿੱਚ ਵਸਦਾ ਮਹਾਤੜ ਪਰਿਵਾਰ ਆਪਣੇ ਚੰਗੇ ਗੁਜ਼ਰ ਬਸਰ ਲਈ ਛੋਟੇ ਮੁਲਕਾਂ ਵਿੱਚ ਆਪਣੇ ਧੀਆਂ-ਪੁੱਤਾਂ ਨੂੰ ਭੇਜਣ ਦਾ ਰਿਸਕ ਲੈਂਦਾ ਹੈ। ਨੌਜਵਾਨਾਂ ਨਾਲ ਕੀ-ਕੀ ਹੁੰਦਾ ਹੈ, ਇਸ ਮਨੁੱਖੀ ਤਸਕਰੀ ਦੀ ਅੱਗ ਦਾ ਸੇਕ ਕੋਲ ਬਹਿ ਕੇ ਨਹੀਂ ਅਸੀਂ ਅੱਗ 'ਚ ਖੁਦ ਨੂੰ ਝੋਕ ਕੇ ਮਿਣਿਆ ਹੈ। ਸੁਹਿਰਦ ਪਾਠਕਾਂ ਨਾਲ ਵੀ ਇਹ ਸੇਕ ਸਾਂਝਾ ਕਰਦੇ ਹਾਂ..।
ਪੰਜਾਬ ਦੀ ਹਾਲਤ ਕਿੰਨੀ ਮਾੜੀ ਹੈ, ਇਸ ਦਾ ਅੰਦਾਜ਼ਾ ਇਸ ਤੋਂ ਲਾਇਆ ਜਾ ਸਕਦਾ ਹੈ ਕਿ ਇਥੇ ਪ੍ਰਾਈਵੇਟ ਨੌਕਰੀ ਕਰਦੇ ਮਹੀਨੇ ਦੇ 10-15 ਹਜ਼ਾਰ ਰੁਪਏ ਕਮਾਉਣ ਵਾਲੇ ਨੌਜਵਾਨ ਏਨੀ-ਕੁ ਹੀ ਰਕਮ ਬਦਲੇ ਜਾਨ ਤਲੀ 'ਤੇ ਰੱਖ ਕੇ ਗੈਰਕਨੂੰਨੀ ਪਰਵਾਸ ਦੇ ਰਾਹ ਪੈ ਰਹੇ ਹਨ। ਹਰ ਸਾਲ ਡੂਢ ਲੱਖ ਦੇ ਕਰੀਬ ਪਾੜ੍ਹਾ ਵਿਦੇਸ਼ਾਂ 'ਚ ਪੜ੍ਹਾਈ ਲਈ ਜਾ ਰਿਹਾ ਹੈ ਜੋ ਸਰਦੇ ਪੁੱਜਦੇ ਘਰਾਂ ਨਾਲ ਜਾਂ ਨੌਕਰੀਪੇਸ਼ਾ ਨਾਲ ਸੰਬੰਧਤ ਹੈ। ਗਰੀਬ ਦਲਿਤ ਅਤੇ ਜ਼ਿਮੀਦਾਰਾ ਪਰਿਵਾਰਾਂ ਦੇ 8-10 ਪੜ੍ਹੇ ਮੁੰਡੇ-ਕੁੜੀਆਂ ਹਜ਼ਾਰਾਂ ਦੀ ਗਿਣਤੀ 'ਚ ਮਨੁੱਖੀ ਤਸਕਰੀ ਵਾਲੇ ਚੁੰਗਲ ਵਿਚ ਫਸ ਜਾਂਦੇ ਨੇ। ਅੱਗੇ ਕੀ ਕਹਾਣੀ ਵਾਪਰਦੀ ਹੈ, ਇਹ ਜਾਨਣ ਲਈ ਆਪਣੇ ਇੱਕ ਸਾਥੀ ਅੰਮ੍ਰਿਤ ਸਿੰਘ ਵਾਸੀ ਪਿੰਡ ਮੰਨਵੀ ਜ਼ਿਲ੍ਹਾ ਸੰਗਰੂਰ ਨੂੰ ਇਸ ਮਨੁੱਖੀ ਤਸਕਰੀ ਵਾਲੇ ਕਾਲੇ ਖੂਹ ਅੰਦਰ ਉੱਤਰ ਕੇ ਕੁਝ ਜਾਣਕਾਰੀ ਲਿਆਉਣ ਲਈ ਤਿਆਰ ਕੀਤਾ। ਫੇਰ ਅੰਮ੍ਰਿਤ ਸਿੰਘ ਤੇ ਮੈਂ ਮੋਗਾ ਦੇ ਇਕ ਏਜੰਟ ਲਖਬੀਰ ਸਿੰਘ ਨਾਲ ਸੰਪਰਕ ਕੀਤਾ ਕਿ ਉਹ ਸਾਨੂੰ ਕਿਸੇ ਵੀ ਮੁਲਕ ਵਿਚ ਭੇਜੇ। ਉਸ ਨੇ ਆਪ ਚੱਲ ਕੇ ਆਈ ਮੱਛੀ ਵੇਖ ਲਾਲਾਂ ਟਪਕਾ ਲਈਆਂ ਤੇ ਕਿਹਾ ਕਿ ਮਲੇਸ਼ੀਆ ਲਈ ਤੁਰੰਤ ਕਾਮੇ ਚਾਹੀਦੇ ਨੇ, ਦੋ ਸਾਲ ਦਾ ਵਰਕ ਪਰਮਿਟ, ਤਨਖਾਹ 55 ਰਿੰਗਿਟ ਭਾਵ ਕਰੀਬ 935 ਰੁਪਏ ਦੀ ਦਿਹਾੜੀ। ਡਿਊਟੀ ਘੰਟੇ-8 ਹੋਣਗੇ, ਐਤਵਾਰ ਦੀ ਛੁੱਟੀ, ਓਵਰ ਟਾਈਮ ਦੇ ਡਬਲ ਪੈਸੇ ਮਿਲਣਗੇ, ਰਿਹਾਇਸ਼ ਤੇ ਖਾਣਾ ਬਣਾਉਣ ਦਾ ਸਮਾਨ, ਰਸੋਈ ਆਦਿ ਕੰਪਨੀ ਮੁਹੱਈਆ ਕਰਵਾਏਗੀ। ਸਾਡਾ ਉਸ ਏਜੰਟ ਨਾਲ ਸੌਦਾ ਡੂਢ ਲੱਖ ਦਾ ਹੋਇਆ, ਵਿਚੋਂ ਪੰਜਾਹ ਹਜ਼ਾਰ ਰੁਪਏ ਏਜੰਟ ਲਖਬੀਰ ਸਿੰਘ ਅਤੇ ਉਸ ਦੇ ਮੁਹਾਲੀ ਵਾਲੇ ਸਾਥੀ ਏਜੰਟ ਸਾਹਿਲ ਨੇ ਲੈਣੇ ਸਨ। 3000 ਰਿੰਗਿਟ ਓਥੇ ਵਰਕ ਪਰਮਿਟ ਦੀ ਫੀਸ ਵਜੋਂ ਭਰਨ ਦੀ ਗੱਲ ਕੀਤੀ, ਬਾਕੀ ਰਹਿੰਦੇ ਪੈਸੇ ਤਨਖਾਹ ਵਿਚੋਂ ਕੰਪਨੀ ਵੱਲੋਂ ਕੱਟਣ ਦੀ ਗੱਲ ਕੀਤੀ।
ਇਕ ਵਾਰ ਤਾਂ ਵੱਡੀ ਰਕਮ ਡੂਢ ਲੱਖ ਦਾ ਨੁਕਸਾਨ ਕਰਨੋਂ ਮਨ ਡਰਿਆ ਪਰ ਅਗਲੇ ਪਲ ਅਹਿਸਾਸ ਹੋਇਆ ਕਿ ਮਾਇਆ ਤਾਂ ਨਾਗਣੀ ਹੈ, ਸੌਦਾ ਖੋਟਾ ਨਹੀਂ ਹੋਵੇਗਾ.. ਸ਼ਾਇਦ ਅਸੀਂ ਇਹ ਰਕਮ ਗਵਾ ਕੇ ਕਈਆਂ ਦੀਆਂ ਰਕਮਾਂ, ਜਾਨਾਂ ਤੇ ਸਭ ਤੋਂ ਵੱਡੀ ਆਬਰੂ ਬਚਾ ਸਕਾਂਗੇ..। ਐਨੀ ਰਕਮ ਦਾ ਇੰਤਜ਼ਾਮ ਕਰਨ ਲਈ ਗੁਰਬਤ ਮਾਰੇ ਪਰਿਵਾਰ ਵਾਂਗ ਸਾਨੂੰ ਵੀ ਟੱਕਰਾਂ ਮਾਰਨੀਆਂ ਪਈਆਂ।
ਸੱਚ ਜਾਣਿਓ, ਰਕਮ ਦੇ ਇੰਤਜ਼ਾਮ ਲਈ, ਮੈਂ ਵੀ ਪੁੱਤ ਨੂੰ ਚੰਗੇ ਭਵਿੱਖ ਲਈ ਪ੍ਰਦੇਸ ਤੋਰਨ ਵਾਲੀ ਮਾਂ ਵਾਂਗ, ਆਪਣੇ ਸੋਨੇ ਦੇ ਗਹਿਣੇ 86 ਹਜ਼ਾਰ ਰੁਪਏ ਵਿਚ ਗਿਰਵੀ ਰੱਖੇ। ਸਾਢੇ ਚਾਰ ਤੋਲੇ ਸੋਨਾ ਸੀ, ਜਿਸ ਦੀ ਕੀਮਤ ਸਵਾ-ਕੁ ਲੱਖ ਰੁਪਿਆ ਬਣਦੀ ਹੈ। ਗੋਲਡ ਲੋਨ ਦੇਣ ਵਾਲੀ ਬੈਂਕ ਨੇ ਸਾਨੂੰ ਇਸ ਦੀ ਬਣਦੀ ਰਕਮ, ਛੇ ਹਜ਼ਾਰ ਰੁਪਏ ਵਿਆਜ ਕੱਟ ਕੇ, 80 ਹਜ਼ਾਰ ਰੁਪਏ ਦਿੱਤੇ। ਇਹਦੇ ਵਿਚੋਂ ਏਜੰਟ ਨੂੰ ਪੰਜਾਹ ਹਜ਼ਾਰ ਦੇ ਦਿੱਤਾ ਅਤੇ ਬਾਕੀ ਬਚੀ ਰਕਮ ਵਿੱਚ ਹੋਰ ਪੈਸੇ ਪਾ ਕੇ 4000 ਰਿੰਗਿਟ ਵਟਾ ਲਏ।
ਅੰਮ੍ਰਿਤ ਸਿੰਘ ਦਾ ਏਜੰਟ ਲਖਬੀਰ ਸਿੰਘ ਵੱਲੋਂ ਦਿੱਲੀ ਦੇ ਅਲ ਕਲੀਜ਼ ਡਾਇਗਨੋਜ਼ ਸੈਂਟਰ ਤੋਂ ਮੈਡੀਕਲ ਕਰਾਇਆ ਗਿਆ। ਮੈਡੀਕਲ ਦੀ ਫੀਸ 7200 ਰੁਪਏ ਅਸੀਂ ਆਪ ਭਰੀ। ਏਜੰਟਾਂ ਦੀ ਪਹਿਲੀ ਸੈਟਿੰਗ ਇਸ ਸੈਂਟਰ ਤੋਂ ਹੀ ਸ਼ੁਰੂ ਹੋ ਜਾਂਦੀ ਹੈ ਕਿਉਂਕਿ ਕਿਸੇ ਦਾ ਮੈਡੀਕਲ ਇਥੇ ਫੇਲ੍ਹ ਨਹੀਂ ਹੁੰਦਾ, ਰਿਪੋਰਟ ਏਜੰਟ ਆਪ ਫੜ ਕੇ ਲਿਜਾਂਦੇ ਨੇ।
ਏਜੰਟਾਂ ਲਖਬੀਰ ਮੋਗਾ ਅਤੇ ਸਾਹਿਲ ਮੋਹਾਲੀ ਨੇ ਇਹ ਰਿਪੋਰਟ ਲੈ ਕੇ ਅੰਮ੍ਰਿਤ ਸਿੰਘ ਦਾ ਪਾਸਪੋਰਟ ਵਰਕ ਵੀਜ਼ੇ ਲਈ ਅਪਲਾਈ ਕੀਤਾ। ਕੁਝ ਦਿਨਾਂ ਚ ਟੂਰਿਸਟ ਵੀਜ਼ਾ ਲਵਾ ਕੇ ਬੜੇ ਮੋਹ ਨਾਲ ਕਿਹਾ ਕਿ "ਭਾਰਤ ਦੀ ਸਰਕਾਰ ਨੇ ਮਲੇਸ਼ੀਆ ਨਾਲ ਵਰਕ ਵੀਜ਼ੇ ਵਾਲਾ ਕੰਟਰੈਕਟ ਤੋੜ ਦਿਤਾ ਹੈ, ਹੁਣ ਤੁਹਾਨੂੰ ਇਕ ਵਾਰ ਟੂਰਿਸਟ ਵੀਜ਼ੇ ਉਤੇ ਹੀ ਨਿਕਲਣਾ ਪੈਣਾ, ਓਥੇ ਪੁੱਜਣ ਸਾਰ ਹੀ ਕੰਪਨੀ ਨੇ ਤੁਹਾਡਾ ਵਰਕ ਪਰਮਿਟ ਅਪਲਾਈ ਕਰ ਦੇਣਾ ਹੈ।" ਉਸ ਨੂੰ ਕੋਈ ਸ਼ੱਕ ਨਾ ਹੋਵੇ ਇਸ ਕਰਕੇ ਅਸੀਂ ਕੋਈ ਸਵਾਲ ਨਹੀ ਕੀਤਾ, ਹਾਂ-ਹਾਂ ਕਰਦੇ ਰਹੇ।
ਮਲੇਸ਼ੀਆ ਜਾਣ ਦੀ ਟਿਕਟ ਵੀ ਏਜੰਟਾਂ ਨੇ ਲੈ ਕੇ ਦਿੱਤੀ। ਆਮ ਕਰਕੇ ਜੈਪੁਰ ਚੇਨਈ ਜਾਂ ਅੰਮ੍ਰਿਤਸਰ ਤੋਂ ਹੀ ਛੋਟੇ ਮੁਲਕਾਂ ਲਈ ਗੈਰ-ਕਨੂੰਨੀ ਤਰੀਕੇ ਨਾਲ ਲੋਕਾਂ ਨੂੰ ਭੇਜਿਆ ਜਾਂਦਾ ਹੈ ਕਿਉਂਕਿ ਇਥੇ ਤਾਇਨਾਤ ਅਮਲੇ ਨਾਲ ਲੈ ਦੇ ਕੇ ਸੈਟਿੰਗ ਆਸਾਨੀ ਨਾਲ ਹੋ ਜਾਂਦੀ ਹੈ।
ਅੰਮ੍ਰਿਤ ਸਿੰਘ ਦੀ ਫਲਾਈਟ ਜੈਪੁਰ ਤੋਂ 20 ਸਤੰਬਰ ਦੀ ਸੀ। ਜਦ ਉਹ ਏਅਰਪੋਰਟ ਉਤੇ ਗਿਆ ਤਾਂ ਉਸ ਦੇ ਵੀਜ਼ੇ ਵਿੱਚ ਪਾਸਪੋਰਟ ਨੰਬਰ ਗਲਤ ਲਿਖਿਆ ਸੀ। ਏਜੰਟ ਨਾਲ ਸੰਪਰਕ ਕੀਤਾ ਤਾਂ ਉਸ ਨੇ 10-12 ਮਿੰਟਾਂ ਵਿਚ ਹੀ ਨਵਾਂ ਪੇਪਰ ਟੂਰਿਸਟ ਵੀਜ਼ਾ ਲੈ ਕੇ ਵਟਸਅਪ ਕਰ ਦਿੱਤਾ। ਐਨੀ ਸੈਟਿੰਗ ਹੈ ਇਮੀਗ੍ਰੇਸ਼ਨ ਵਿੱਚ ਏਜੰਟਾਂ ਦੀ, ਫੇਰ ਮਹਾਤੜ ਇਹਨਾਂ ਖਿਲਾਫ ਕੋਈ ਕਾਰਵਾਈ ਕਿਵੇਂ ਕਰਵਾ ਸਕਦੇ ਹਨ, ਇਸ ਦਾ ਅੰਦਾਜ਼ਾ ਸਹਿਜੇ ਹੀ ਲੱਗ ਸਕਦਾ ਹੈ।
ਏਜੰਟਾਂ ਨੇ ਕਿਹਾ ਕਿ ਮਲੇਸ਼ੀਆ ਜਾ ਕੇ ਅਸੀਂ ਜੋ ਕਾਊਂਟਰ ਦੱਸਾਂਗੇ ਉਸੇ ਕਾਊਂਟਰ ਤੇ ਹੀ ਜਾਣਾ, ਭਾਵੇਂ ਇਕ ਦੋ ਘੰਟੇ ਉਡੀਕ ਕਰਨੀ ਪਵੇ।
ਅੰਮ੍ਰਿਤ ਕੁਆਲਾਲੰਪੁਰ ਏਅਰਪੋਰਟ ਉਤੇ ਏਜੰਟ ਦੇ ਦੱਸੇ ਕਾਊਂਟਰ ਉਤੇ ਗਿਆ ਤਾਂ ਓਥੇ ਸੈਟਿੰਗ ਵਾਲੇ ਅਧਿਕਾਰੀ ਦੀ ਡਿਊਟੀ ਬਦਲ ਗਈ ਸੀ। ਏਜੰਟ ਨੇ ਵਟਸਅਪ ਕਰਕੇ ਅੰਮ੍ਰਿਤ ਨੂੰ ਉਸੇ ਵੇਲੇ ਦੂਜਾ ਕਾਊਂਟਰ ਨੰਬਰ ਦੱਸਿਆ ਤੇ ਓਥੇ ਜਾਣ ਨੂੰ ਕਿਹਾ। ਓਥੇ ਅਫਸਰ ਨੇ ਕੁਝ ਨਹੀ ਪੁੱਛਿਆ, ਲੰਘਾ ਦਿੱਤਾ।
ਏਅਰਪੋਰਟ ਦੇ ਬਾਹਰ ਏਜੰਟਾਂ ਦਾ ਓਧਰ ਸੈਟ ਕੀਤਾ ਸਾਥੀ ਸੰਧੂ ਉਰਫ ਬਬਲੂ ਖੜ੍ਹਾ ਸੀ। ਉਸ ਨੇ 900 ਰਿੰਗਿਟ ਲੈ ਲਏ ਤੇ ਕਿਹਾ ਕਿ ਇਹ ਪੈਸੇ ਤੈਨੂੰ ਏਅਰਪੋਰਟ ਤੋਂ ਬਾਹਰ ਕੱਢਣ ਦੇ ਹਨ। ਕੈਬ ਕਰਾ ਕੇ ਪੁਡੂ ਸੈਂਟਰਲ ਸ਼ਹਿਰ ਦੇ ਇਕ ਹੋਟਲ ਦਾ ਪਤਾ ਦੇ ਕੇ ਓਥੇ ਤੋਰ ਦਿੱਤਾ ਤੇ ਅਗਲੀ ਕਾਲ ਲਈ ਉਡੀਕ ਕਰਨ ਲਈ ਕਿਹਾ ਅਤੇ ਹੋਟਲ ਵਿਚੋਂ ਬਾਹਰ ਨਿਕਲਣ ਤੋਂ ਵੀ ਵਰਜਿਆ।
ਹੋਟਲ ਜਾ ਕੇ ਕੈਬ ਤੇ ਹੋਟਲ ਦਾ ਬਿੱਲ ਅੰਮ੍ਰਿਤ ਨੇ ਦਿੱਤਾ, ਜੋ ਕਰੀਬ 95 ਰਿੰਗਿਟ ਬਣਦਾ ਸੀ। ਹੋਟਲ ਵੀ ਕਾਹਦਾ ਡੂਢ ਕੁ ਮੰਜੇ ਜਿੰਨਾ ਕਮਰਾ ਤੇ ਇਕ ਸਾਂਝਾ ਬਾਥਰੂਮ, ਜੇ ਪਾਣੀ ਪੀਣਾ ਤਾਂ ਮੁੱਲ ਦਾ ਲੈ ਕੇ ਪੀਓ। ਰਾਤ ਤੇ ਸਾਰਾ ਦਿਨ ਅੰਮ੍ਰਿਤ ਭੁੱਖਾ ਭਾਣਾ ਹੋਟਲ ਦੇ ਕਮਰੇ ਵਿੱਚ ਹੀ ਰਿਹਾ। ਅਗਲੇ ਦਿਨ ਏਜੰਟ ਨੂੰ ਦੱਸੇ ਬਿਨਾ ਬਾਹਰ ਨਿਕਲਿਆ ਤਾਂ ਸਭ ਤੋਂ ਵੱਡੀ ਸਮੱਸਿਆ ਭਾਸ਼ਾ ਦੀ ਆਈ। ਓਥੇ ਅੰਗਰੇਜ਼ੀ ਕਿਸੇ ਨੂੰ ਸਮਝ ਨਾ ਆਵੇ ਤੇ ਅੰਮ੍ਰਿਤ ਦੇ ਪੱਲੇ ਮਲਾਈ ਭਾਸ਼ਾ ਨਾ ਪਵੇ। ਆਖਰ ਇਕ ਢਾਬੇ ਵਰਗੀ ਦੁਕਾਨ ਲੱਭੀ ਤੇ 20 ਰਿੰਗਿਟ ਖਰਚ ਕੇ ਕੌਲੀ ਕੁ ਚੌਲ ਤੇ ਪਾਣੀ ਵਰਗੀ ਦਾਲ ਖਾਧੀ। ਨਜ਼ਦੀਕ ਹੀ ਗੁਰਦੁਆਰਾ ਸਾਹਿਬ ਦੇ ਦਰਸ਼ਨ ਹੋ ਗਏ, ਅੰਮ੍ਰਿਤ ਗੁਰੂ ਘਰ ਚਲਾ ਗਿਆ। 'ਸੇਵਾਦਾਰ ਸਿੰਘ' ਨੂੰ ਟੋਹਣ ਵਾਸਤੇ ਕਿ ਬੇਗਾਨੇ ਮੁਲਕ ਵਿੱਚ ਪੰਜਾਬੀ ਇਕ ਦੂਜੇ ਦੀ ਕਿੰਨੀ ਕੁ ਮਦਦ ਕਰਦੇ ਨੇ ਤੇ ਗੁਰੂ ਘਰ ਵਾਲੇ ਕਿੰਨੀ ਕੁ ਸਹਾਇਤਾ ਕਰਦੇ ਹਨ, ਇਹ ਜਾਨਣ ਲਈ ਅੰਮ੍ਰਿਤ ਨੇ ਉਸ ਸੇਵਾਦਾਰ ਨੂੰ ਕਿਹਾ ਕਿ ਮੈਂ ਇੱਥੇ ਫਸ ਗਿਆ ਹਾਂ, ਕੋਈ ਮਦਦ ਕਰ ਸਕਦੇ ਹੋ ? ਤਾਂ ਸੇਵਾਦਾਰ ਨੇ ਮੂੰਹ ਹੀ ਫੇਰ ਲਿਆ ਤੇ ਉਥੋਂ ਖਿਸਕ ਗਿਆ। ਗੁਰੂ ਘਰ ਵਿੱਚ ਦੋ ਪੰਜਾਬਣਾਂ ਬੱਚਿਆਂ ਦੇ ਨਾਲ ਆਈਆਂ ਸਨ। ਉਹਨਾਂ ਨੇ ਵੀ ਗੱਲ ਹੀ ਨਾ ਸੁਣੀ, ਸਿਰਫ ਇਹੀ ਕਿਹਾ ਕਿ "ਭਾਜੀ ਇਥੇ ਦੀ ਪੁਲਸ ਬੜੀ ਖਰਾਬ ਹੈ, ਬਚ ਕੇ ਰਿਹੋ..।" ਕਿਸੇ ਨੇ ਆਪਣਾ ਸੰਪਰਕ ਨੰਬਰ ਤੱਕ ਨਾ ਦਿੱਤਾ।
ਸੇਵਾਦਾਰ ਦੇ ਇਸ ਵਿਹਾਰ ਤੋਂ ਬੜੀ ਨਿਰਾਸ਼ਾ ਹੋਈ ਕਿ ਕੀ ਅਸੀਂ ਉਸ ਸਰਬੰਸਦਾਨੀ ਦੇ ਵਾਰਿਸ ਹਾਂ ਜਿਸ ਨੇ ਲੋਕਾਈ ਵਾਸਤੇ ਆਪਣਾ ਸਭ ਕੁਝ ਵਾਰ ਦਿੱਤਾ ਸੀ ?
ਅਗਲੇ ਦਿਨ ਅੰਮ੍ਰਿਤ ਲਈ ਸੰਧੂ ਉਰਫ ਬਬਲੂ ਏਜੰਟ ਨੇ ਪੁਡੂ ਸੈਂਟਰਲ ਸ਼ਹਿਰ ਤੋਂ ਦੂਰ ਇਕ ਹੋਰ ਸ਼ਹਿਰ ਸ਼ਾਹ ਆਲਮ ਦੀ ਕੈਬ ਕਰਵਾ ਦਿੱਤੀ। ਪੰਜਾਹ ਰਿੰਗਿਟ ਦੇ ਕੇ ਅੰਮ੍ਰਿਤ ਸਿੰਘ ਸ਼ਾਹ ਆਲਮ ਦੀ ਫੈਕਟਰੀ ਜਾ ਪੁੱਜਿਆ, ਜਿਸ ਬਾਰੇ ਏਜੰਟ ਲਖਬੀਰ ਮੋਗਾ ਨੇ ਕਿਹਾ ਸੀ ਕਿ ਜਾਂਦੇ ਦਾ ਵਰਕ ਪਰਮਿਟ ਕੰਪਨੀ ਵਾਲੇ ਅਪਲਾਈ ਕਰਨਗੇ ਤੇ ਜਾਂਦੇ ਨੂੰ ਹੀ ਸੁਪਰਵਾਈਜ਼ਰ ਰੱਖ ਲੈਣਗੇ। ਸੁਪਰਵਾਈਜ਼ਰ ਦਾ ਲਾਲਚ ਏਜੰਟ ਨੇ ਇਸ ਕਰਕੇ ਦਿੱਤਾ ਸੀ ਕਿਉਂਕਿ ਅੰਮ੍ਰਿਤ ਐਮ. ਟੈਕ ਪਾਸ ਹੈ। ਇਥੇ ਫੈਕਟਰੀ ਵਿੱਚ ਫਿਰੋਜ਼ ਖਾਨ ਬੰਗਲਾ ਦੇਸ਼ੀ ਜੋ ਪੰਜਾਬੀ ਏਜੰਟਾਂ ਦਾ ਸਾਥੀ ਸੀ, ਉਸ ਨੇ ਪਾਸਪੋਰਟ ਤੇ 2100 ਰਿੰਗਿਟ ਲੈ ਲਏ।
ਪਾਸਪੋਰਟ ਹੱਥੋਂ ਗਵਾ ਕੇ ਪਤਾ ਲੱਗਿਆ ਕਿ ਇਥੇ ਤਾਂ ਬੰਧੂਆ ਮਜ਼ਦੂਰੀ ਕਰਾਉਂਦੇ ਹਨ, ਕੋਈ ਵਰਕ ਪਰਮਿਟ ਨਹੀਂ ਮਿਲਦਾ। ਜੇ ਵਰਕ ਪਰਮਿਟ ਲੈਣਾ ਹੈ ਤਾਂ ਸੱਤ-ਅੱਠ ਹਜ਼ਾਰ ਰਿੰਗਿਟ ਖਰਚਣਾ ਪਊ, ਹਰ ਸਾਲ ਰੀਨਿਊ ਕਰਾਉਣ ਲਈ 2500 ਰਿੰਗਿਟ ਹੋਰ ਖਰਚਣੇ ਪੈਣਗੇ।
ਬਿਨਾ ਪਰਮਿਟ ਕੰਪਨੀ ਇਕ ਗੈਰ-ਕਨੂੰਨੀ ਰਹਿੰਦੇ ਵਰਕਰ ਨੂੰ 90 ਰਿੰਗਿਟ ਦਿਹਾੜੀ ਦਿੰਦੀ ਹੈ। ਉਹਦੇ ਵਿੱਚੋਂ ਵਰਕਰ ਨੂੰ 55 ਰਿੰਗਿਟ ਮਿਲਦੇ ਹਨ, ਬਾਕੀ 35 ਰਿੰਗਿਟ ਪੰਜਾਬ ਤੇ ਮਲੇਸ਼ੀਆ ਵਿੱਚ ਬੈਠੇ ਮਨੁੱਖੀ ਤਸਕਰ ਖਾ ਰਹੇ ਹਨ। ਡਿਊਟੀ ਸਮਾਂ 12 ਘੰਟੇ ਹੈ, ਵਿਚ ਇਕ ਘੰਟੇ ਦੀ ਛੁੱਟੀ, ਓਵਰ ਟਾਈਮ ਕੁਝ ਨਹੀਂ, 12 ਮਹੀਨੇ ਤੀਹ ਦਿਨ ਕੰਮ ਕਰਨਾ ਪੈਂਦਾ ਹੈ। ਰਿਹਾਇਸ਼ ਲਈ ਫੈਕਟਰੀ ਦੀ ਛੱਤ ਉੱਤੇ, ਗਾਡਰ ਪਾ ਕੇ, ਫੱਟੇ ਚਿਣੇ ਹੋਏ ਸਨ, ਉਪਰ ਲੋਹੇ ਦੀਆਂ ਚਾਦਰਾਂ ਦੀ ਛੱਤ, ਫਰਸ਼ 'ਤੇ ਗੱਤੇ ਵਿਛਾਓ ਤੇ ਸੌਂ ਜਾਓ, ਜਦਕਿ ਏਜੰਟ ਮਖਮਲੀ ਮੈਟਰਸ ਬਾਰੇ ਦੱਸਦਾ ਸੀ। ਕੋਈ ਰਸੋਈ ਨਹੀਂ, ਕੋਈ ਖਾਣ ਪੀਣ ਦਾ ਇੰਤਜ਼ਾਮ ਨਹੀਂ, ਕੋਈ ਬਾਥਰੂਮ ਵੱਖਰਾ ਨਹੀਂ, ਫੈਕਟਰੀ ਦਾ ਹੀ ਬਾਥਰੂਮ ਸੀ ਜੋ ਅੱਤ ਦਾ ਗੰਦਾ ਸੀ। ਇਸ ਰਿਹਾਇਸ਼ ਲਈ ਵੀ ਕੰਪਨੀ ਵਰਕਰ ਦੀ ਤਨਖਾਹ ਵਿਚੋਂ ਮਹੀਨੇ ਦੇ 100 ਰਿੰਗਿਟ ਕੱਟਦੀ ਹੈ।
ਖਾਣਾ ਜੇ ਬਾਹਰੋਂ ਮੰਗਾਉਣਾ ਹੈ ਤਾਂ ਇਕ ਟਾਈਮ ਦਾ 10 ਰਿੰਗਿਟ ਲਗਦਾ ਹੈ। ਉਹਦੇ ਵਿਚ ਇਕ ਕੌਲੀ ਚੌਲ, ਪਾਣੀ ਵਰਗੀ ਦਾਲ ਅਤੇ ਪਾਣੀ ਦੀ ਬੋਤਲ ਅੱਧਾ ਲੀਟਰ 2 ਰਿੰਗਿਟ ਦੀ, ਨਹੀਂ ਤਾਂ ਫੈਕਟਰੀ ਦਾ ਗੰਦਾ ਪਾਣੀ ਪੀਓ। ਜੇ ਖਾਣਾ ਆਪ ਬਣਾਉਣਾ ਹੈ, ਤਾਂ ਮਹੀਨੇ ਦਾ ਪੰਜ ਛੇ ਸੌ ਰਿੰਗਿਟ ਖਰਚਾ ਆਉਂਦਾ ਹੈ। ਸਮਾਨ ਵੀ ਆਪਣਾ ਲੈਣਾ ਪਊ, ਭਾਂਡੇ ਇਲੈਕਟਰਿਕ ਚੁੱਲ੍ਹਾ ਆਦਿ ਖਰੀਦਣਾ ਪਊ ਪਰ ਪਾਸਪੋਰਟ ਕੋਲ ਨਾ ਹੋਣ ਕਰਕੇ ਮਨੁੱਖੀ ਤਸਕਰੀ ਦਾ ਸ਼ਿਕਾਰ ਹੋਏ ਨਵੇਂ ਲੋਕ ਫੈਕਟਰੀ ਦੇ ਦਰਵਾਜ਼ੇ ਤੋਂ ਬਾਹਰ ਨਹੀ ਜਾਂਦੇ। ਕਈ-ਕਈ ਸਾਲਾਂ ਦੇ ਫਸੇ ਤੇ ਪੁਰਾਣੇ ਹੋ ਚੁੱਕੇ ਹੀ ਨਵਿਆਂ ਦਾ ਸਮਾਨ ਲਿਆਂਉਂਦੇ ਨੇ ਤੇ ਪੈਸਿਆਂ ਦੀ ਕੁੰਡੀ ਲਾ ਜਾਂਦੇ ਨੇ। ਜੇ ਗੈਰਕਨੂੰਨੀ ਕਾਮੇ ਪੁਲਸ ਕੋਲ ਫੜੇ ਗਏ, ਤਾਂ 6 ਮਹੀਨੇ ਦੀ ਕੈਦ। ਇਥੇ ਵੀ ਕਈ ਪੁਲਸ ਵਾਲਿਆਂ ਨੂੰ 200-300 ਰਿੰਗਿਟ ਦੇ ਕੇ ਬਚ ਜਾਂਦੇ ਹਨ। ਜਦੋਂ ਵਰਕਰ ਨੇ ਆਪਣੇ ਪਰਿਵਾਰ ਨੂੰ ਪੈਸੇ ਭੇਜਣੇ ਨੇ ਤਾਂ ਵੀ ਏਜੰਟ ਹੀ ਭੇਜ ਸਕਦਾ ਹੈ। ਕੰਮ ਵਾਲੀਆਂ ਫੈਕਟਰੀਆਂ ਬਿਲਕੁਲ ਬੰਦ ਹਨ, ਮਸਾਂ ਦੋ ਕੁ ਫੁੱਟ ਦੇ ਦਰਵਾਜੇ, ਕੋਈ ਖਿੜਕੀ ਵੀ ਨਹੀਂ।
ਸ਼ਾਹ ਆਲਮ ਵਾਲੀ, ਇਹ ਗੱਡੀਆਂ ਦੇ ਪਿਸਟਨ ਬਣਾਉਣ ਵਾਲੀ ਮਕੈਨੀਕਲ ਫੈਕਟਰੀ ਹੈ। ਸੀਐਨਸੀ ਮਸ਼ੀਨਾਂ ਉਤੇ ਕੰਮ ਕਰਨ ਵਾਲੇ 12 ਘੰਟੇ ਖੜ੍ਹੇ ਹੋ ਕੇ ਕੰਮ ਕਰਦੇ ਨੇ। ਅੰਮ੍ਰਿਤ ਤੋਂ ਇਕ ਦਿਨ ਕੰਮ ਕਰਾਇਆ ਗਿਆ, ਫੇਰ ਕਿਹਾ ਗਿਆ ਕਿ ਹਾਲੇ 10 ਕੁ ਦਿਨ ਉਡੀਕ ਕਰ, ਕਮਰੇ ਵਿੱਚ ਹੀ ਰਹੀਂ।
ਹਫਤੇ ਦੇ ਵਿੱਚ-ਵਿੱਚ ਅੰਮ੍ਰਿਤ ਉਥੇ ਦੇ ਮਹੌਲ ਤੋਂ ਪੂਰੀ ਤਰ੍ਹਾਂ ਭੈਅਭੀਤ ਹੋ ਚੁੱਕਿਆ ਸੀ। ਉਹਨੇ ਓਥੋਂ ਨਿਕਲਣ ਦੀ ਸੋਚੀ

ਬਾਕੀ ਸਫ਼ਾ 28 'ਤੇ

- **ਜਾਗਦੀ ਜ਼ਮੀਰ ਵਾਲੇ ਪੰਜਾਬੀਓ। ਚੰਗੀ ਰੋਟੀ ਦੇ ਲਾਲਚ ਦੇ ਕੇ ਆਪਣੇ ਪੁੱਤਾਂ ਦੀ ਹੀ ਨਹੀਂ ਧੀਆਂ ਦੀ ਵੀ ਤਸਕਰੀ ਕਰਦੇ ਨੇ ਮਰੀ ਹੋਈ ਜ਼ਮੀਰ ਵਾਲੇ ਪੰਜਾਬੀ।**
- **ਧੀਆਂ ਦੇ ਹਾਲ ਹੋਰ ਵੀ ਮੰਦੇ ਨੇ, ਉਹਨਾਂ ਨੂੰ ਦੇਹ ਵਪਾਰ ਦੇ ਧੰਦੇ 'ਚ ਵੀ ਪਾ ਦਿਤਾ ਜਾਂਦਾ ਹੈ ਜਾਂ ਕਹਿ ਸਕਦੇ ਹਾਂ ਮਜਬੂਰੀ ਵੱਸ ਪੈ ਜਾਂਦੀਆਂ ਨੇ।**
- **ਇਕ ਇਕ ਕਮਰੇ ਵਿਚ ਰਹਿੰਦੇ ਚਾਰ-ਪੰਜ ਮੁੰਡੇ ਇਕੱਠੇ 100 ਰਿੰਗਿਟ ਦੇ ਕੇ ਹਵਸ ਦੀ ਪੂਰਤੀ ਲਈ ਇਕ ਕੁੜੀ, ਜੋ ਮੇਰੀ ਜਾਂ ਤੇਰੀ ਧੀ ਭੈਣ ਵੀ ਹੋ ਸਕਦੀ ਹੈ, ਨੂੰ ਲਿਆਉਂਦੇ ਨੇ।**
- **ਪੰਜਾਬ ਦਾ ਕੋਈ ਖੂੰਜਾ ਨਹੀ ਬਚਿਆ ਜਿਥੋਂ ਉਸ ਨੂੰ ਆਪਣੇ ਖੁਰਚ ਨਾ ਰਹੇ ਹੋਣ ਤੇ ਹਾਕਮ "ਸਭ ਅੱਛਾ" ਦੀ ਡਫਲੀ ਕੁੱਟਣ ਵਿੱਚ ਮਸਰੂਫ ਨੇ..।**



# ਅਰਜ਼ੀ

## (ਮਿੰਨੀ ਕਹਾਣੀ)

**ਕੇਵਲ ਸਿੰਘ**

ਇਹ ਸਾਲ ਦੇ ਨਵੰਬਰ ਦਾ ਨਿਵਾਣ ਸੀ ਤੇ ਦਸੰਬਰ ਦੀ ਦਸਤਕ ਹੋਣ ਵਾਲੀ ਸੀ। ਮੈਂ ਸੋਚਿਆ ਮੇਰੀਆਂ ਅਜੇ ਛੇ ਛੁੱਟੀਆਂ ਪਈਆਂ ਨੇ ਕਿਉਂ ਨਾ ਤਿੰਨ ਦਿਨਾਂ ਦੀ ਇਕੱਠੀ ਛੁੱਟੀ ਲੈ ਕੇ ਰਿਸ਼ਤੇਦਾਰੀਆਂ 'ਚ ਜਾ ਆਵਾਂ। ਛੁੱਟੀ ਦੀ ਅਰਜ਼ੀ ਲਿਖ ਕੇ ਜੇਬ੍ਹ 'ਚ ਪਾ ਲਈ ਅਤੇ ਮੋਟਰ ਸਾਇਕਲ ਦੀ ਕਿੱਕ ਮਾਰ ਕੇ ਮੈਂ ਸਕੂਲ ਜਾਣ ਦੇ ਰਸਤੇ ਪੈ ਗਿਆ। ਮੇਰਾ ਪਿੰਡ ਕੋਈ ਪੰਜ ਕੁ ਕਿਲੋਮੀਟਰ ਦੂਰ ਸੀ, ਸਕੂਲ ਤੋਂ । ਜਦੋਂ ਮੈਂ ਉਸ ਪਿੰਡ ਦੀ ਜੂਹ 'ਚ ਵੜਿਆ ਹੀ ਸੀ ਕਿ ਉਸ ਪਿੰਡ ਦੇ ਨਰੇਗਾ ਮਜ਼ਦੂਰਾਂ ਦਾ ਵੱਡਾ ਇਕੱਠ ਸੜਕ 'ਤੇ ਆ ਰਿਹਾ ਸੀ। ਕੋਲ ਪਹੁੰਚਦਿਆਂ ਹੀ ਕਈ ਬੰਦਿਆਂ ਨੇ ਮੇਰੇ ਨਾਲ ਦੁਆ ਸਲਾਮ ਕੀਤੀ। ਜਾਣਦੇ ਸੀ ਮੈਨੂੰ, ਇਹਨਾਂ ਦੇ ਬੱਚੇ ਮੇਰੇ ਕੋਲ ਹੀ ਪੜ੍ਹਦੇ ਨੇ। ਇੱਕ ਮੇਰੀ ਮਾਂ ਵਰਗੀ ਬਜ਼ੁਰਗ ਔਰਤ ਨੇ ਕਿਹਾ, "ਵੇ ਪੁੱਤ ਇੱਕ ਗੱਲ ਸੁਣ ਕੇ ਜਾਵੀਂ। " ਮੈਂ ਰੁਕ ਗਿਆ। "ਤੂੰ ਪੁੱਤ ਮਾਹਟਰ ਬਹੁਤ ਚੰਗਾ ਏਂ, ਮੇਰੀ ਪੋਤੀ ਸਰਕਾਰੀ ਸਕੂਲ ਵਿਚ ਤੇਰੇ ਕੋਲ ਹੀ ਪੜ੍ਹਦੀ ਐ। ਉਹਦੀ ਮਾਂ ਤਾਂ ਹੈ 'ਨੀ ਪੁੱਤ, ਰੱਬ ਨੂੰ ਪਿਆਰੀ ਹੋਗੀ ਸੀ, ਦੋ ਸਾਲ ਪਹਿਲਾਂ। ..ਤੇ ਇਹ ਦਾ ਬਾਪ ਸ਼ਰਾਬ ਪੀ ਕੇ ਮੰਜੇ 'ਚ ਪਿਆ ਰਹਿੰਦੈ, ਕਦੇ ਘਰ ਬਾਰੇ ਨਹੀਂ ਸੋਚਦਾ। ਪੁੱਤ ਮੈਂ ਹੀ ਪੜ੍ਹਾ ਰਹੀ ਆਂ ਉਹਨੂੰ । ਪੁੱਤ ਉਹ ਦਾ ਖਿਆਲ ਰੱਖਿਆ ਕਰ, ਬਸ ਇਹੀ ਕਹਿਣਾ ਸੀ। ਮੇਰੀ ਤਾਂ ਪੁੱਤ ਆਹੀ ਅਰਜ਼ੀ ਸੀ। " ਬੇਬੇ ਦੀ ਅਰਜ਼ੀ ਸੁਣ ਕੇ ਮੇਰੀ ਜੇਬ੍ਹ 'ਚ ਪਈ ਅਰਜ਼ੀ ਜਿਵੇਂ ਭਾਰੀ ਹੋ ਗਈ ਸੀ। ਬੇਬੇ ਫੇਰ ਦੱਸਣ ਲੱਗੀ, "ਮੇਰੀ ਪੋਤੀ ਕਹਿੰਦੀ ਹੁੰਦੀ ਆ ਕਿ ਮੈਂ ਵੱਡੀ ਹੋ ਕੇ ਮੇਰੇ ਮਾਹਟਰ ਵਾਂਗ ਹੀ ਇਕ ਮਿਹਨਤੀ ਮੈਡਮ ਬਣੂੰ। ਬੱਚਿਆਂ ਨੂੰ ਪੜ੍ਹਾਇਆ ਕਰੂੰ , ਉਹਨਾਂ ਨੂੰ ਪਿਆਰ ਕਰਿਆ ਕਰੂੰ। " ਉਸ ਨੇ ਮੇਰੇ ਨਾਲ ਮਾਸੂਮੀਅਤ ਦੀਆਂ ਕਾਫੀ ਗੱਲਾਂ ਕੀਤੀਆਂ ।ਇਥੋਂ ਤੱਕ ਤਾਂ ਠੀਕ ਸੀ ਪਰ ਉਹ ਆਪਣੀ ਗੱਲ ਆਖਦੀ-ਆਖਦੀ ਰੋ ਪਈ ਕਿ ਮੇਰੀ ਪੋਤੀ ਕਹਿੰਦੀ ਸੀ ਕਿ "ਬੇਬੇ ਜਦੋਂ ਮੈਂ ਮੈਡਮ ਬਣ ਗਈ, ਮੈਂ ਆਪੇ ਘਰ ਦਾ ਖਰਚਾ ਚਲਾਊਂ, ਤੂੰ ਮੈਨੂੰ ਪੜ੍ਹਾ ਰਹੀ ਆ ਬੇਬੇ ..ਤੇ ਮੈਂ ਤੈਨੂੰ ਐਵੇਂ ਰੁਲਣ ਨਹੀਂ ਦੇਣਾ ।ਬੇਬੇ ਫੇਰ ਤੈਨੂੰ ਨਰੇਗਾ 'ਚ ਧੱਕੇ ਖਾਣ ਦੀ ਲੋੜ ਨਹੀਂ ਰਹਿਣੀ "। ਇਹ ਗੱਲ ਸੁਣ ਕੇ ਮੇਰਾ ਦਿਲ ਸਕੂਲ ਜਾਣ ਲਈ ਕਾਹਲਾ ਪੈਣ ਲੱਗਾ। ਮੈਂ ਬੇਬੇ ਨੂੰ ਹੌਸਲਾ ਦੇ ਕੇ ਉਥੋਂ ਚੱਲ ਪਿਆ। ਸਕੂਲ ਪਹੁੰਚਦਿਆਂ ਹੀ ਮੈਂ ਆਪਣੀ ਜੇਬ੍ਹ ਵਿਚੋਂ ਛੁੱਟੀ ਦੀ ਅਰਜ਼ੀ ਕੱਢ ਕੇ ਕੂੜੇਦਾਨ 'ਚ ਪਾ ਦਿੱਤੀ।

# ਗੈਰ-ਭਾਜਪਾ ਸਰਕਾਰ ਬਣਨ ਤੋਂ ਰੋਕਣ ਲਈ ਰਾਜਪਾਲ ਨੇ ਜੰਮੂ-ਕਸ਼ਮੀਰ ਅਸੈਂਬਲੀ ਹੀ ਭੰਗ ਕਰ ਦਿੱਤੀ

**ਸ੍ਰੀਨਗਰ/ਬਿਊਰੋ ਨਿਊਜ਼ :**
ਜੰਮੂ-ਕਸ਼ਮੀਰ ਦੇ ਗਵਰਨਰ ਸਤਿਆਪਾਲ ਮਲਿਕ ਨੇ ਸੂਬੇ ਵਿਚ ਕਈ ਦਿਨਾਂ ਦੀਆਂ ਸਿਆਸੀ ਸਰਗਰਮੀਆਂ ਤੋਂ ਬਾਅਦ ਅਚਾਨਕ ਅਸੈਂਬਲੀ ਭੰਗ ਕਰ ਦੇਣ ਦਾ ਐਲਾਨ ਕਰ ਦਿੱਤਾ ਹੈ। ਇਹ ਸਭ ਸਾਬਕਾ ਮੁੱਖ ਮੰਤਰੀ ਮਹਿਬੂਬਾ ਮੁਫ਼ਤੀ ਅਤੇ ਜੰਮੂ-ਕਸ਼ਮੀਰ ਪੀਪਲਜ਼ ਕਾਨਫਰੰਸ ਆਗੂ ਸਜਾਦ ਲੋਨ ਵੱਲੋਂ ਸੂਬੇ 'ਚ ਸਰਕਾਰ ਬਣਾਉਣ ਦੇ ਦਾਅਵਿਆਂ ਦੇ ਬਾਵਜੂਦ ਵਾਪਰਿਆ ਹੈ। ਸਮਝਿਆ ਜਾ ਰਿਹਾ ਹੈ ਕਿ ਜਦੋਂ ਜੰਮੂ-ਕਸ਼ਮੀਰ ਵਿਚ ਗੈਰ-ਭਾਜਪਾ ਸਰਕਾਰ ਬਣਨ ਜਾ ਰਹੀ ਸੀ ਤਾਂ ਗਵਰਨਰ ਨੇ ਅਸੈਂਬਲੀ ਨੂੰ ਹੀ ਭੰਗ ਕਰ ਦਿੱਤਾ।

ਦੂਜੇ ਪਾਸੇ ਰਾਜਪਾਲ ਨੇ ਆਪਣੇ ਫੈਸਲੇ ਨੂੰ ਸਹੀ ਠਹਿਰਾਉਣ ਲਈ ਕਿਹਾ ਕਿ ਉਸ ਨੇ ਵਿਧਾਇਕਾਂ ਦੀ ਖਰੀਦੋ ਫਰੋਖ਼ਤ ਰੋਕਣ ਲਈ ਵਿਧਾਨ ਸਭਾ ਭੰਗ ਕਰਨ ਦਾ ਫੈਸਲਾ ਲਿਆ ਹੈ। ਉਨ੍ਹਾਂ ਇਹ ਵੀ ਕਿਹਾ ਕਿ ਵੱਖ-ਵੱਖ ਰਾਜਸੀ ਵਿਚਾਰਧਾਰਾਵਾਂ ਵਾਲੀਆਂ ਪਾਰਟੀਆਂ ਰਾਹੀਂ ਸਥਾਈ ਸਰਕਾਰ ਨਹੀਂ ਬਣਾਈ ਜਾ ਸਕਦੀ। ਸਰਕਾਰੀ ਅਧਿਕਾਰੀ ਨੇ ਕਿਹਾ ਕਿ ਜੰਮੂ ਕਸ਼ਮੀਰ ਸੰਵਿਧਾਨ ਦੀਆਂ ਵਿਵਸਥਾਵਾਂ ਤਹਿਤ ਇਹ ਕਾਰਵਾਈ ਕੀਤੀ ਗਈ ਹੈ। ਲੋਨ ਨੇ ਭਾਜਪਾ ਦੇ 26 ਅਤੇ 18 ਹੋਰ ਵਿਧਾਇਕਾਂ ਦੀ ਹਮਾਇਤ ਹੋਣ ਦਾ ਦਾਅਵਾ ਕੀਤਾ ਸੀ ਜਿਸ ਨਾਲ ਉਨ੍ਹਾਂ ਨੂੰ ਬਹੁਮਤ ਲਈ 44 ਵਿਧਾਇਕ ਮਿਲ ਜਾਣੇ ਸਨ।

ਉਧਰ ਪੀਪਲਜ਼ ਡੈਮੋਕਰੇਟਿਕ ਪਾਰਟੀ ਆਗੂ ਮਹਿਬੂਬਾ ਮੁਫ਼ਤੀ ਦਾ ਕਹਿਣਾ ਸੀ ਕਿ ਉਸ ਨੂੰ ਕਾਂਗਰਸ ਅਤੇ ਨੈਸ਼ਨਲ ਕਾਨਫਰੰਸ ਦੇ ਵਿਧਾਇਕਾਂ ਦੀ ਹਮਾਇਤ ਹਾਸਲ ਹੈ, ਜਿਸ ਨਾਲ ਉਨ੍ਹਾਂ ਦੇ ਗਠਜੋੜ ਦੇ ਵਿਧਾਇਕਾਂ ਦੀ ਗਿਣਤੀ 56 ਹੋ ਜਾਵੇਗੀ। ਸ੍ਰੀਮਤੀ ਮੁਫ਼ਤੀ ਨੇ ਉਹ ਪੱਤਰ ਟਵੀਟ ਕੀਤਾ ਜਿਸ ਨੂੰ ਉਹ ਗਵਰਨਰ ਨੂੰ ਭੇਜਣ ਦੀ ਕੋਸ਼ਿਸ਼ ਕਰ ਰਹੀ ਸੀ। ਪੱਤਰ 'ਚ ਕਿਹਾ ਗਿਆ ਕਿ ਉਹ ਜੰਮੂ 'ਚ ਨਹੀਂ ਹੈ ਅਤੇ ਛੇਤੀ ਹੀ ਉਨ੍ਹਾਂ (ਰਾਜਪਾਲ) ਨਾਲ ਮਿਲ ਕੇ ਉਹ ਸਰਕਾਰ ਬਣਾਉਣ ਦਾ ਦਾਅਵਾ ਪੇਸ਼ ਕਰੇਗੀ। ਜਿਵੇਂ ਹੀ ਮੁਲਾਕਾਤ ਕਰਨਾ ਸੰਭਵ ਹੋਵੇਗਾ, ਉਹ ਉਨ੍ਹਾਂ ਨਾਲ ਮੁਲਾਕਾਤ ਕਰਨਾ ਚਾਹੇਗੀ। ਪੱਤਰ 'ਚ ਲਿਖਿਆ ਹੈ,"ਜਿਵੇਂ ਤੁਸੀਂ ਜਾਣਦੇ ਹੋ ਕਿ ਪੀਪਲਜ਼ ਡੈਮੋਕਰੇਟਿਕ ਪਾਰਟੀ 29 ਵਿਧਾਇਕਾਂ ਨਾਲ ਸੂਬੇ 'ਚ ਸਭ ਤੋਂ ਵੱਡੀ ਪਾਰਟੀ ਹੈ। ਮੀਡੀਆ ਰਿਪੋਰਟਾਂ ਤੋਂ ਤੁਹਾਨੂੰ ਪਤਾ ਲੱਗ ਗਿਆ ਹੋਵੇਗਾ ਕਿ ਕਾਂਗਰਸ (15) ਅਤੇ ਨੈਸ਼ਨਲ ਕਾਨਫਰੰਸ (12) ਨੇ ਵੀ ਹਮਾਇਤ ਦੇਣ ਦਾ ਵਾਅਦਾ ਕੀਤਾ ਹੈ, ਜਿਸ ਨਾਲ



ਉਨ੍ਹਾਂ ਦੇ ਗਠਜੋੜ ਦੀ ਗਿਣਤੀ 56 ਹੋ ਜਾਂਦੀ ਹੈ। "

ਦੂਜੇ ਪਾਸੇ ਸਜਾਦ ਲੋਨ ਨੇ ਕਿਹਾ ਕਿ ਸਰਕਾਰ ਬਣਾਉਣ ਲਈ ਫੋਨ 'ਤੇ ਰਾਜਪਾਲ ਨਾਲ ਗੱਲਬਾਤ ਹੋਈ ਸੀ। ਉਨ੍ਹਾਂ ਵੱਲੋਂ ਸਰਕਾਰ ਬਣਾਉਣ ਦੇ ਦਾਅਵੇ ਨਾਲ ਇਹ ਚਰਚਾ ਸ਼ੁਰੂ ਹੋ ਗਈ ਕਿ ਉਹ ਹੋਰਨਾਂ ਪਾਰਟੀਆਂ ਦੇ ਮੈਂਬਰਾਂ ਨੂੰ ਤੋੜਨ ਦੀ ਕੋਸ਼ਿਸ਼ ਕਰ ਰਹੇ ਹਨ। ਲੋਨ ਨੇ ਦਾਅਵਾ ਕੀਤਾ ਸੀ ਕਿ ਜਦੋਂ ਵੀ ਰਾਜਪਾਲ ਆਖਣਗੇ, ਉਹ ਹਮਾਇਤ ਦਾ ਪੱਤਰ ਸੌਂਪ ਦੇਣਗੇ। ਉਨ੍ਹਾਂ ਕਿਹਾ ਕਿ ਉਹ ਸੂਬੇ 'ਚ ਮਜ਼ਬੂਤ ਸਰਕਾਰ ਦੇਣਗੇ ਜੋ ਖ਼ਿੱਤੇ 'ਚ ਸ਼ਾਂਤੀ, ਖ਼ੁਸ਼ਹਾਲੀ ਅਤੇ ਸਦਭਾਵਨਾ ਲਈ ਕੰਮ ਕਰੇਗੀ।

ਜ਼ਿਕਰਯੋਗ ਹੈ ਕਿ ਜੰਮੂ ਕਸ਼ਮੀਰ 'ਚ ਭਗਵਾਂ ਪਾਰਟੀ ਵੱਲੋਂ ਹਮਾਇਤ ਵਾਪਸ ਲਏ ਜਾਣ ਮਗਰੋਂ ਪੀਡੀਪੀ-ਭਾਜਪਾ ਗਠਜੋੜ ਟੁੱਟ ਗਿਆ ਸੀ ਜਿਸ ਮਗਰੋਂ 19 ਜੂਨ ਨੂੰ ਸੂਬੇ 'ਚ ਛੇ ਮਹੀਨਿਆਂ ਲਈ ਰਾਜਪਾਲ ਸ਼ਾਸਨ ਲਗਾ ਦਿੱਤਾ ਗਿਆ ਸੀ। ਸੂਬੇ ਦੀ ਵਿਧਾਨ ਸਭਾ ਨੂੰ ਵੀ ਮੁਲਤਵੀ ਕੀਤਾ ਗਿਆ ਸੀ ਤਾਂ ਜੋ ਸਿਆਸੀ ਪਾਰਟੀਆਂ ਨਵੀਂ ਸਰਕਾਰ ਬਣਾਉਣ ਲਈ ਸੰਭਾਵਨਾਵਾਂ ਤਲਾਸ਼ ਸਕਣ। ਸੂਬੇ 'ਚ 18 ਦਸੰਬਰ ਨੂੰ ਰਾਜਪਾਲ ਸ਼ਾਸਨ ਖ਼ਤਮ ਹੋਣ ਜਾ ਰਿਹਾ ਸੀ ਪਰ ਹੁਣ ਇਕ ਵਾਰ ਫਿਰ ਤੋਂ ਰਾਜਪਾਲ ਸ਼ਾਸਨ ਲੱਗ ਜਾਵੇਗਾ। ਦਿਨ ਵੇਲੇ ਪੀਡੀਪੀ, ਕਾਂਗਰਸ ਅਤੇ ਨੈਸ਼ਨਲ ਕਾਨਫਰੰਸ 'ਚ ਗਠਜੋੜ ਬਣਾਉਣ ਲਈ ਵਾਰਤਾ ਦਾ ਸਿਲਸਿਲਾ ਚਲਦਾ ਰਿਹਾ। ਸੀਨੀਅਰ ਪੀਡੀਪੀ ਆਗੂ ਅਲਤਾਫ਼ ਬੁਖਾਰੀ ਨੇ ਕਿਹਾ ਸੀ ਕਿ ਜੰਮੂ-ਕਸ਼ਮੀਰ 'ਚ ਪੀਡੀਪੀ, ਨੈਸ਼ਨਲ ਕਾਨਫਰੰਸ ਅਤੇ ਕਾਂਗਰਸ ਨਵੀਂ ਗਠਜੋੜ ਸਰਕਾਰ ਬਣਾਉਣ ਲਈ ਰਾਜ਼ੀ ਹੋ ਗਏ ਹਨ। ਕਾਰੋਬਾਰੀ ਤੋਂ ਸਿਆਸਤਦਾਨ ਬਣੇ ਬੁਖਾਰੀ ਨੇ ਇਥੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ, ਕਿ "ਗਠਜੋੜ ਬਣਾਉਣ ਲਈ ਆਗੂ ਸਹਿਮਤ ਹੋ ਗਏ ਹਨ। ਗਠਜੋੜ ਦੀ ਰੂਪ-ਰੇਖਾ ਕੀ ਹੋਵੇਗੀ, ਇਸ ਬਾਰੇ ਅਜੇ ਕੁਝ ਪਤਾ ਨਹੀਂ ਹੈ। " ਪੀਪਲਜ਼ ਡੈਮੋਕਰੈਟਿਕ ਪਾਰਟੀ ਦੇ ਆਗੂ ਨੇ ਦਿਨ ਵੇਲੇ ਨੈਸ਼ਨਲ ਕਾਨਫਰੰਸ ਦੇ ਮੀਤ ਪ੍ਰਧਾਨ ਉਮਰ ਅਬਦੁੱਲਾ ਨਾਲ ਵੀ ਮੁਲਾਕਾਤ ਕੀਤੀ ਸੀ। ਅਮੀਰਾ ਕਦਲ ਹਲਕੇ ਤੋਂ ਵਿਧਾਇਕ ਬੁਖਾਰੀ ਨੂੰ ਗਠਜੋੜ ਦਾ ਮੁਖੀ ਬਣਾਉਣ ਦੀ ਸੰਭਾਵਨਾ ਜਤਾਈ ਜਾ ਰਹੀ ਸੀ। ਇਸ ਦੌਰਾਨ ਨੈਸ਼ਨਲ ਕਾਨਫਰੰਸ ਦੇ ਆਗੂ ਉਮਰ ਅਬਦੁੱਲਾ ਨੇ ਕਿਹਾ ਕਿ ਉਹ ਪਿਛਲੇ ਪੰਜ ਮਹੀਨਿਆਂ ਤੋਂ ਵਿਧਾਨ ਸਭਾ ਭੰਗ ਕਰਨ ਦੀ ਮੰਗ ਕਰ ਰਹੇ ਸਨ। ਉਧਰ ਭਾਜਪਾ ਨੇ ਕਿਹਾ ਕਿ ਜੰਮੂ-ਕਸ਼ਮੀਰ 'ਚ ਛੇਤੀ ਚੋਣਾਂ ਕਰਵਾਈਆਂ ਜਾਣਾ ਸਭ ਤੋਂ ਵਧੀਆ ਬਦਲ ਹੈ ਕਿਉਂਕਿ ਮੌਜੂਦਾ ਵਿਧਾਨ ਸਭਾ ਨਾਲ ਸਥਿਰ ਸਰਕਾਰ ਨਹੀਂ ਮਿਲ ਸਕਦੀ।




# ਹਾਲੋਂ-ਬੇਹਾਲ ਪੰਜਾਬ ਨੂੰ ਦਿਸ਼ਾਹੀਣ ਰਾਜਨੀਤੀ ਦਾ ਤਾਪ ਚੜ੍ਹਿਆ

- **ਪੰਜੇ ਵਾਲਿਆਂ ਨੂੰ ਬਿਨਾ ਕੁਝ ਕੀਤਿਆਂ ਪੌਂ-ਬਾਰਾਂ ਹੋਣ ਦੀ ਉਮੀਦ**
- **ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਨੇ ਬਾਦਲਕਿਆਂ ਦੀਆਂ ਚੂਲਾਂ ਹਿਲਾਈਆਂ**
- **ਪੈਰਾਂ ਸਿਰ ਨਾ ਹੋ ਸਕੀ ਭਾਜਪਾ**
- **ਖੱਬੀਆਂ ਧਿਰਾਂ ਦੇ ਵੀ ਪੈਰ ਉਖੜੇ**
- **ਖੁਦ ਦੀਆਂ ਗਲਤੀਆਂ ਨੇ ਹੀ 'ਆਪ' ਨੂੰ ਡੋਬਿਆ**



**ਚੰਡੀਗੜ੍ਹ/ਬਿਊਰੋ ਨਿਊਜ਼ :**
ਪੰਜਾਬ ਦੇ ਲੋਕ ਅਤੇ ਇਥੋਂ ਦੀ ਰਾਜਨੀਤੀ ਵੱਡੀ ਉਥਲ-ਪੁਥਲ ਦਾ ਦੌਰ ਹੰਢਾ ਰਹੇ ਹਨ। ਪੜ੍ਹਿਆ-ਲਿਖਿਆ ਨੌਜਵਾਨ ਤਬਕਾ ਆਈਲੈਟਸ ਕਰਕੇ ਬਾਹਰ ਜਾਣ ਨੂੰ ਆਪਣੇ ਭਵਿੱਖ ਦੇ ਰਾਹ ਵਜੋਂ ਚੁਣ ਰਿਹਾ ਹੈ। ਪਿੱਛੇ ਰਹਿ ਰਹੇ ਨੌਜਵਾਨਾਂ ਦਾ ਵੱਡਾ ਹਿੱਸਾ ਨਸ਼ਿਆਂ ਦੀ ਦਲਦਲ ਵਿਚ ਫਸ ਚੁੱਕਿਆ ਹੈ। ਕਿਸਾਨ ਅਤੇ ਖੇਤ ਮਜ਼ਦੂਰ ਕਰਜ਼ੇ ਦੇ ਬੋਝ ਹੇਠ ਖ਼ੁਦਕੁਸ਼ੀਆਂ ਕਰਨ ਲਈ ਮਜਬੂਰ ਹਨ। ਪੰਜਾਬ ਵਿਚ ਸੰਨ 2014 ਦੀਆਂ ਸੰਸਦੀ ਚੋਣਾਂ ਦੌਰਾਨ ਹੀ ਸਮੇਂ ਦੇ ਹਾਕਮਾਂ ਨੂੰ ਪੰਜਾਬ ਦੇ ਲੋਕਾਂ ਨੇ ਭਵਿੱਖ 'ਚ ਆਉਣ ਵਾਲੇ ਸਿਆਸੀ ਸੰਕਟ ਦੇ ਸੰਕੇਤ ਦੇ ਦਿੱਤੇ ਸਨ। ਉਸ ਤੋਂ ਬਾਅਦ 2015 ਵਿਚ ਗੁਰੂ ਗ੍ਰੰਥ ਸਹਿਬ ਦੀ ਬੇਅਦਬੀ ਦੀ ਘਟਨਾ ਨੇ ਇਸ ਸੰਕਟ ਦੇ ਆਉਣ ਵਾਲੇ ਸਮੇਂ ਵਿਚ ਹੋਰ ਵੀ ਵਿਕਰਾਲ ਰੂਪ ਧਾਰਨ ਕਰਨ ਦੀ ਪੇਸ਼ੀਨਗੋਈ ਕਰ ਦਿੱਤੀ। ਹੁਣ ਬਾਦਲ ਪਰਿਵਾਰ ਦੇ ਆਪਣੇ ਹੀ ਮੰਨਦੇ ਹਨ ਕਿ ਗਲਤੀਆਂ ਤੋਂ ਸਬਕ ਨਾ ਸਿੱਖਣ ਦੀ ਸਜ਼ਾ ਹੀ ਪਾਰਟੀ ਅਤੇ ਪਰਿਵਾਰ ਨੂੰ ਭੁਗਤਣੀ ਪੈ ਰਹੀ ਹੈ।

**ਕਾਂਗਰਸ ਨੂੰ ਵੋਟਾਂ ਦੀ ਵੰਡ ਦਾ ਸਹਾਰਾ :** ਪੰਜਾਬ ਦੀ ਸਿਆਸੀ ਸਮੀਖਿਆ ਕੀਤੀ ਜਾਵੇ ਤਾਂ ਇਸ ਵਿੱਚ ਕੋਈ ਤੱਥ ਝੂਠ ਨਹੀਂ ਹੋਵੇਗਾ ਕਿ ਅਕਾਲੀ ਦਲ ਬਾਦਲ ਅਤੇ ਆਮ ਆਦਮੀ ਪਾਰਟੀ ਵਿੱਚ ਖਿਲਾਰੇ ਦਾ ਪੰਜਾਬ ਕਾਂਗਰਸ ਨੂੰ ਬਹੁਤ ਫਾਇਦਾ ਹੋ ਰਿਹਾ ਹੈ। ਬੇਸ਼ੱਕ ਕਾਂਗਰਸ ਦੀ ਸੂਬਾ ਸਰਕਾਰ ਆਪਣੇ ਚੋਣ ਵਾਅਦੇ ਵੀ ਪੂਰੇ ਨਹੀਂ ਕਰ ਪਾਈ ਫੇਰ ਵੀ ਦੋ ਵੱਡੀਆਂ ਪਾਰਟੀਆਂ ਵਿੱਚ ਆਪਸੀ ਕਲੇਸ਼ ਨਾਲ ਕਾਂਗਰਸ ਦਾ ਜਨ ਅਧਾਰ ਮਜ਼ਬੂਤ ਬਿਨਾ ਕੁਝ ਕੀਤਿਆਂ ਹੀ ਮਜ਼ਬੂਤ ਹੋ ਰਿਹਾ ਹੈ।

ਕਿਸੇ ਵਕਤ ਸਿੱਖਾਂ ਦਾ ਦਹਾਕਾ ਭਰ ਬੇਤਹਾਸ਼ਾ ਕਤਲੇਆਮ ਕਰਨ ਕਰਕੇ ਲਗਦਾ ਸੀ ਕਿ ਪੰਜਾਬ ਵਿਚ ਕਾਂਗਰਸ ਦਾ ਸਿਆਸੀ ਭਵਿੱਖ ਬੁਰੀ ਤਰ੍ਹਾਂ ਪ੍ਰਭਾਵਿਤ ਹੋਵੇਗਾ ਪਰ ਅਕਾਲੀ ਦਲ ਉਤੇ ਬਾਦਲਾਂ ਦੇ ਕਬਜ਼ੇ ਤੇ ਭ੍ਰਿਸ਼ਟਾਚਾਰ ਦੇ ਨਾਲ-ਨਾਲ ਪੰਥਕ ਧਿਰਾਂ ਦੀ ਏਕਤਾ ਨਾ ਹੋ ਸਕਣ ਦਾ ਨਤੀਜਾ ਇਹ ਨਿਕਲਿਆ ਕਿ ਪਹਿਲਾਂ 2002 ਵਿਚ ਤੇ ਫਿਰ ਹੁਣ 2017 ਵਿਚ ਉਹੀ ਕਾਂਗਰਸ ਪੰਜਾਬ ਵਿਚ ਰਾਜ ਕਰ ਰਹੀ ਹੈ।

ਕੈਪਟਨ ਅਮਰਿੰਦਰ ਸਿੰਘ ਨੇ ਸੰਨ 1984 ਵਿਚ ਕਾਂਗਰਸ ਪਾਰਟੀ ਅਤੇ ਸੰਸਦ ਮੈਂਬਰ ਦੇ ਅਹੁਦੇ ਤੋਂ ਅਸਤੀਫ਼ਾ ਤਕ ਦੇ ਦਿੱਤਾ ਸੀ ਪਰ ਉਹੀ ਅਮਰਿੰਦਰ ਸਿੰਘ ਸੰਨ 1998 ਵਿਚ ਮੁੜ ਕਾਂਗਰਸ ਦੀ ਵਾਗਡੋਰ ਸੰਭਾਲ ਕੇ ਸੰਨ 2002 ਦੀਆਂ ਵਿਧਾਨ ਸਭਾ ਚੋਣਾਂ ਜਿੱਤਣ ਤੋਂ ਬਾਅਦ ਕਾਂਗਰਸ ਦੇ ਮੁੱਖ ਮੰਤਰੀ ਬਣ ਗਏ। ਹੁਣ ਮੁੜ ਕੈਪਟਨ ਸਰਕਾਰ ਨੂੰ ਪੰਜਾਬ ਵਿਚ ਸੱਤਾ 'ਤੇ ਕਾਬਜ਼ ਹੋਇਆਂ ਡੇਢ ਸਾਲ ਤੋਂ ਵੱਧ ਸਮਾਂ ਹੋ ਚੁੱਕਾ ਹੈ। ਇਸ ਅਰਸੇ ਦੌਰਾਨ ਤਿੰਨ ਚਾਰ ਖੇਤਰਾਂ ਨੂੰ ਛੱਡ ਕੇ ਸੂਬੇ ਦੀ ਸਥਿਤੀ ਵਿਚ ਬਹੁਤਾ ਸੁਧਾਰ ਨਹੀਂ ਹੋਇਆ। ਅਜਿਹੀ ਕਾਰਗੁਜ਼ਾਰੀ ਕਾਰਨ ਸੂਬੇ ਦੇ ਲੋਕਾਂ ਦਾ ਕੈਪਟਨ ਸਰਕਾਰ ਤੋਂ ਭਰੋਸਾ ਉੱਠਣ ਲੱਗਾ ਹੈ। ਸਰਕਾਰ ਵਿਚ ਲੋਕਾਂ ਦੀ ਤਾਂ ਕੀ, ਪਾਰਟੀ ਵਿਧਾਇਕ ਵੀ ਆਪਣੀ ਸੁਣਵਾਈ ਨਾ ਹੋਣ ਦੀਆਂ ਅਕਸਰ ਸ਼ਿਕਾਇਤਾਂ ਕਰਦੇ ਹਨ। ਇਨ੍ਹਾਂ 'ਚੋਂ ਕੁਝ ਤਾਂ ਕਾਂਗਰਸ ਹਾਈ ਕਮਾਨ ਕੋਲ ਪਹੁੰਚ ਕੇ ਆਪਣੀ ਨਾਰਾਜ਼ਗੀ ਜ਼ਾਹਿਰ ਕਰ ਚੁੱਕੇ ਹਨ। ਸੂਬੇ ਦੀਆਂ ਵਿਰੋਧੀਆਂ ਧਿਰਾਂ 'ਚ ਫੁੱਟ ਪਈ ਹੋਣ ਕਰ ਕੇ ਹਾਕਮ ਧਿਰ ਦੇ ਆਗੂਆਂ ਨੂੰ ਕਾਫੀ ਸੁਤੰਸ਼ਟੀ ਹੈ ਤੇ ਉਨ੍ਹਾਂ ਨੂੰ ਲੱਗਦਾ ਹੈ ਕਿ ਇਸ ਸਥਿਤੀ ਸਦਕਾ ਅਗਲੀਆਂ ਲੋਕ ਸਭਾ ਚੋਣਾਂ ਵਿਚ ਕਾਂਗਰਸ ਪਾਰਟੀ ਦੀ ਬੇੜੀ ਆਸਾਨੀ ਨਾਲ ਸਿਰੇ ਲੱਗ ਜਾਵੇਗੀ।

**ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਨੇ ਬਾਦਲਕਿਆਂ ਦੀਆਂ ਚੂਲਾਂ ਹਿਲਾਈਆਂ :** ਬੇਅਦਬੀ ਕਾਂਡ ਅਤੇ ਉਸ ਤੋਂ ਬਾਅਦ ਹੋਏ ਗੋਲੀਕਾਂਡ ਦੀਆਂ ਘਟਨਾਵਾਂ ਕਾਰਨ ਬਾਦਲ ਦਲ ਸਿੱਖ ਪੰਥ ਦੇ ਨਿਸ਼ਾਨੇ 'ਤੇ ਹੈ। ਪੰਥਕ ਨਿਸ਼ਾਨਿਆਂ ਤੋਂ ਪਾਰਟੀ ਦੇ ਦੂਰ ਹੋਣ ਦਾ ਚੇਤਾ ਦਿਵਾ ਰਹੇ ਟਕਸਾਲੀਆਂ ਨੂੰ ਬਾਹਰ ਕਰ ਦਿੱਤਾ ਗਿਆ। ਜਿਸ ਤਰ੍ਹਾਂ ਦੀ ਟੁੱਟਭੱਜ ਹੋ ਰਹੀ ਹੈ, ਉਸ ਤੋਂ ਇਹੀ ਕਿਹਾ ਜਾ ਸਕਦਾ ਹੈ ਕਿ ਅਕਾਲੀ ਦਲ ਇਸ ਵੇਲੇ ਆਪਣੇ ਸਭ ਤੋਂ ਬੁਰੇ ਦੌਰ ਵਿੱਚੋਂ ਗੁਜ਼ਰ ਰਿਹਾ ਹੈ।

ਪਾਰਟੀ ਅੰਦਰ ਇੱਕ ਵਾਰ ਫਿਰ ਬਗਾਵਤੀ ਸੁਰਾਂ ਤੇਜ਼ ਹਨ ਤੇ ਬਾਗੀਆਂ ਨੇ ਇਸ ਲਈ ਉਹ ਸਮਾਂ ਚੁਣਿਆ ਹੈ ਜਦੋਂ ਸ਼੍ਰੋਮਣੀ ਅਕਾਲੀ ਦਲ ਬਾਗੀਆਂ ਨਾਲ ਲੜਾਈ ਵਾਲਾ ਇੱਕ ਹੋਰ ਮੋਰਚਾ ਖੋਲ੍ਹਣ ਦੀ ਹਾਲਤ ਵਿੱਚ ਨਹੀਂ ਸੀ। ਇੱਕ ਹੋਰ ਮੋਰਚਾ ਇਸ ਲਈ ਕਿਉਂਕਿ ਬੇਅਦਬੀ ਘਟਨਾਵਾਂ ਅਤੇ ਉਸ ਤੋਂ ਬਾਅਦ ਬਾਦਲ ਸਰਕਾਰ ਮੌਕੇ ਪੁਲਿਸ ਵਲੋਂ ਨਿਹੱਥੇ ਸਿੰਘਾਂ ਨੂੰ ਮਾਰ ਮੁਕਾਉਣ ਦੇ ਦੋਸ਼ ਵਾਲਾ ਫੰਦਾ ਅਕਾਲੀ ਦਲ ਦਾ ਸਿਆਸੀ ਸਾਹ ਘੁੱਟਣ ਨੂੰ ਹਰ ਪਲ ਤਿਆਰ ਬੈਠਾ ਸੀ। ਇਸ ਮਾਮਲੇ ਵਿੱਚ ਜਿੱਥੇ ਕਾਂਗਰਸ ਸਰਕਾਰ ਵਲੋਂ ਐਸਆਈਟੀ. ਤੇ ਕਮਿਸ਼ਨ ਬਣਾ ਕੇ ਅਕਾਲੀਆਂ ਲਈ ਲੜਾਈ ਦਾ ਇੱਕ ਮੋਰਚਾ ਖੋਲ੍ਹਿਆ ਹੈ ਉੱਥੇ ਆਮ ਆਦਮੀ ਪਾਰਟੀ ਬਾਦਲਾਂ ਨੂੰ ਜਨਤਾ ਦੀ ਕਚਹਿਰੀ ਵਿੱਚ ਜਾ ਕੇ ਕਰਤੂਤਾਂ ਨੰਗੀਆਂ ਕਰਨ ਦਾ ਦਾਅਵਾ ਕਰ ਰਹੀ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਤੇ ਦੋ ਹੋਰ ਮੰਗਾਂ ਨੂੰ ਲੈ ਕੇ ਮੁਤਵਾਜ਼ੀ ਜਥੇਦਾਰ ਧਿਆਨ ਸਿੰਘ ਮੰਡ ਦੀ ਅਗਵਾਈ ਹੇਠ ਇਸ ਸਾਲ ਪਹਿਲੀ ਜੂਨ ਤੋਂ ਬਰਗਾੜੀ ਵਿਚ ਇਨਸਾਫ ਮੋਰਚਾ ਚੱਲ ਰਿਹਾ ਹੈ।ਸਿੱਖ ਜੱਥੇਬੰਦੀਆਂ ਬਰਗਾੜੀ ਵਿੱਚ ਬੈਠ ਕੇ ਬਾਦਲਾਂ ਨੂੰ ਫਾਹੇ ਟੰਗ ਦੇਣ ਦੀ ਮੰਗ ਕਰ ਰਹੀਆਂ ਹਨ, ਅਜਿਹੇ ਵਿੱਚ ਆਮ ਲੋਕਾਂ ਦਾ ਸਾਰਾ ਗੁੱਸਾ ਬਾਦਲਾਂ ਖਿਲਾਫ਼ ਨਿਕਲ ਰਿਹਾ ਹੈ। ਬਰਗਾੜੀ ਮੋਰਚਾ ਸਿਆਸੀ ਤੌਰ ਉਤੇ ਬਾਦਲਾਂ ਦੀ ਸਿਆਸਤ ਲਈ ਖਤਰੇ ਦੀ ਘੰਟੀ ਹੈ। ਇਸ ਮੋਰਚੇ ਨੂੰ ਲੈ ਕੇ ਵੀ ਖਦਸ਼ੇ ਜ਼ਾਹਿਰ ਕੀਤੇ ਜਾ ਰਹੇ ਹਨ। ਇਸ ਮੁੱਦੇ 'ਤੇ ਹਾਕਮ ਧਿਰ ਬਾਦਲਾਂ ਨੂੰ ਘੇਰਨ ਨੂੰ ਫਿਰਦੀ ਹੈ ਪਰ ਮਾਮਲਾ ਲਟਕਣ ਕਾਰਨ ਕਾਂਗਰਸ ਸਰਕਾਰ ਨੂੰ ਵੀ ਦਿੱਕਤ ਹੋ ਸਕਦੀ ਹੈ।

ਇਸ ਤਰ੍ਹਾਂ ਪੰਜਾਬ ਵਿਚ ਇਕ ਸਦੀ ਤੋਂ ਸਿਆਸੀ, ਧਾਰਮਿਕ ਅਤੇ ਸਮਾਜਿਕ ਖਾਸੇ ਦਾ ਹਿੱਸਾ ਬਣੇ ਆ ਰਹੇ ਸ਼੍ਰੋਮਣੀ ਅਕਾਲੀ ਦਲ ਨੂੰ ਇਸ ਸਮੇਂ ਡੂੰਘੇ ਸੰਕਟ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਪਾਰਟੀ ਦੀ ਸੀਨੀਅਰ ਲੀਡਰਸ਼ਿਪ ਨੂੰ ਇਹ ਸਥਿਤੀ ਭਾਵੇਂ ਸਿਆਸੀ ਤੇ ਧਾਰਮਿਕ ਚੁਣੌਤੀ ਵਜੋਂ ਦਿਖਾਈ ਦਿੰਦੀ ਹੈ ਪਰ ਮੂਲ ਰੂਪ ਵਿਚ ਪਾਰਟੀ ਲੀਡਰਸ਼ਿਪ ਪ੍ਰਤੀ ਲੋਕਾਂ ਵਿਚ ਪੈਦਾ ਹੋਈ ਬੇਭਰੋਸਗੀ ਦਾ ਸੰਕਟ ਵਧੇਰੇ ਬਣ ਗਿਆ ਹੈ। ਸ਼੍ਰੋਮਣੀ ਅਕਾਲੀ ਦਲ ਦੇਸ਼ ਦੀਆਂ ਸਭ ਤੋਂ ਪੁਰਾਣੀਆਂ ਰਾਜਸੀ ਪਾਰਟੀਆਂ ਵਿੱਚੋਂ ਦੂਜੇ ਨੰਬਰ 'ਤੇ ਆਉਂਦੀ ਹੈ ਅਤੇ ਇਸ ਦਾ ਮੁੱਢ ਸੰਨ 1920 ਵਿਚ ਬੱਝਿਆ ਸੀ। ਮੌਜੂਦਾ ਪੰਜਾਬ (ਸੰਨ1966 ਤੋਂ ਬਾਅਦ) ਦੇ ਹੋਂਦ ਵਿਚ ਆਉਣ ਮਗਰੋਂ ਇਸ ਪਾਰਟੀ ਨੇ ਲੋਕਾਂ 'ਤੇ ਸਭ ਤੋਂ ਲੰਮਾ ਸਮਾਂ ਰਾਜ ਕੀਤਾ ਹੈ ਤੇ ਇਸ ਰਾਜ ਭਾਗ ਵਿੱਚੋਂ ਵਧੇਰੇ ਸਮਾਂ ਪ੍ਰਕਾਸ਼ ਸਿੰਘ ਬਾਦਲ ਦੇ ਹਿੱਸੇ ਆਇਆ ਹੈ।

ਸ਼੍ਰੋਮਣੀ ਅਕਾਲੀ ਦਲ ਦੀ ਕਮਾਂਡ ਨਵੀਂ ਪੀੜ੍ਹੀ ਭਾਵ ਪ੍ਰਕਾਸ਼ ਸਿੰਘ ਬਾਦਲ ਦੇ ਫਰਜ਼ੰਦ ਸੁਖਬੀਰ ਸਿੰਘ ਬਾਦਲ ਦੇ ਹੱਥ ਆਉਣ ਤੋਂ ਬਾਅਦ ਇਸ ਪਾਰਟੀ ਨੇ ਨਵੀਂ ਕਰਵਟ ਲਈ। ਪ੍ਰਕਾਸ਼ ਸਿੰਘ ਬਾਦਲ ਦੇ ਕਾਰਜਕਾਲ ਦੌਰਾਨ ਇਸ ਪਰਿਵਾਰ ਦੇ ਸਕੇ-ਸੰਬੰਧੀ ਸੱਤਾ ਦਾ ਲੁਤਫ਼ ਲੈਂਦੇ ਰਹੇ। ਇਨ੍ਹਾਂ ਵਿੱਚ ਪ੍ਰਕਾਸ਼ ਸਿੰਘ ਬਾਦਲ, ਸੁਖਬੀਰ ਸਿੰਘ ਬਾਦਲ, ਮਨਪ੍ਰੀਤ ਸਿੰਘ ਬਾਦਲ, ਆਦੇਸ਼ ਪ੍ਰਤਾਪ ਸਿੰਘ ਕੈਰੋਂ, ਬਿਕਰਮ ਸਿੰਘ ਮਜੀਠੀਆ ਅਤੇ ਜਨਮੇਜਾ ਸਿੰਘ ਸੇਖੋਂ ਆਦਿ ਸ਼ਾਮਲ ਹਨ, ਜੋ ਕੈਬਨਿਟ ਵਿਚ ਰਹੇ। ਇਸੇ ਤਰ੍ਹਾਂ ਹਰਸਿਮਰਤ ਕੌਰ ਬਾਦਲ ਕੇਂਦਰ ਵਿੱਚ ਮੰਤਰੀ ਅਤੇ ਹੋਰ ਕਈ ਰਿਸ਼ਤੇਦਾਰ ਚੇਅਰਮੈਨੀਆਂ ਲੈਂਦੇ ਰਹੇ। ਇਸੇ ਲਈ ਅਕਾਲੀ ਦਲ ਦੇ ਆਗੂ ਦੱਬਵੀਂ ਸੁਰ ਵਿਚ ਆਖਦੇ ਹਨ ਕਿ ਜੇਕਰ ਸਾਰੇ ਟੱਬਰ ਤੇ ਰਿਸ਼ਤੇਦਾਰਾਂ ਨੇ ਰਾਜ ਭਾਗ ਭੋਗਿਆ ਹੈ ਤਾਂ ਮੁਸ਼ਕਲਾਂ ਵੀ ਤਾਂ ਪਰਿਵਾਰ ਨੂੰ ਹੀ ਝੱਲਣੀਆਂ ਪੈਣਗੀਆਂ। ਸ਼੍ਰੋਮਣੀ ਅਕਾਲੀ ਦਲ ਵਿੱਚੋਂ ਅਕਾਲੀ ਆਗੂਆਂ ਦਾ ਵੱਖ ਹੋਣਾ ਕੋਈ ਨਵੀਂ ਗੱਲ ਨਹੀਂ ਹੈ। ਸੁਖਦੇਵ ਸਿੰਘ ਢੀਂਡਸਾ, ਜਥੇਦਾਰ ਰਣਜੀਤ ਸਿੰਘ ਬ੍ਰਹਮਪੁਰਾ, ਡਾ. ਰਤਨ ਸਿੰਘ ਅਜਨਾਲਾ ਅਤੇ ਸੇਵਾ ਸਿੰਘ ਸੇਖਵਾਂ ਆਦਿ ਵੱਲੋਂ ਚੁੱਕੇ ਕਦਮਾਂ ਨੂੰ ਵੱਖਰੇ ਨਜ਼ਰੀਏ ਤੋਂ ਦੇਖਿਆ ਜਾ ਰਿਹਾ ਹੈ। ਅਕਾਲੀ ਦਲ ਅੰਦਰ ਸੁਲਘਦੀ ਅੱਗ ਤੋਂ ਇਹ ਵੀ ਪ੍ਰਭਾਵ ਮਿਲ ਰਿਹਾ ਹੈ ਕਿ ਸੰਸਦੀ ਚੋਣਾਂ ਤੋਂ ਪਹਿਲਾਂ ਅਤੇ ਪਿੱਛੋਂ ਪਾਰਟੀ ਅੰਦਰ ਬਾਗੀਆਂ ਦਾ ਕਾਫ਼ਲਾ ਵੱਡਾ ਹੋ ਸਕਦਾ ਹੈ ਤੇ ਬਾਦਲ ਪਰਿਵਾਰ ਦੀਆਂ ਮੁਸ਼ਕਲਾਂ ਵਧ ਸਕਦੀਆਂ ਹਨ।

**ਪੈਰਾਂ ਸਿਰ ਨਾ ਹੋ ਸਕੀ ਭਾਜਪਾ :** ਭਾਰਤੀ ਜਨਤਾ ਪਾਰਟੀ ਨੂੰ ਅਕਾਲੀ ਦਲ ਦੇ ਸਹਾਰੇ ਪੰਜਾਬ ਵਿੱਚ ਤਿੰਨ ਵਾਰੀ ਸੱਤਾ ਦਾ ਆਨੰਦ ਮਾਨਣਾ ਨਸੀਬ ਤਾਂ ਹੋਇਆ ਪਰ ਦੇਸ਼ ਦੀ ਰਾਜਨੀਤੀ 'ਤੇ ਪ੍ਰਭਾਵ ਛੱਡਣ ਵਾਲੀ ਇਹ ਪਾਰਟੀ ਪੰਜਾਬ ਵਿਚ ਆਪਣੇ ਦਮ 'ਤੇ ਕੁਝ ਕਰ ਦਿਖਾਉਣ ਤੋਂ ਅਜੇ ਦੂਰ ਜਾਪਦੀ ਹੈ। ਸਾਲ 2014 ਤੋਂ ਦੇਸ਼ ਭਰ ਵਿਚ ਸ਼ੁਰੂ ਹੋਈ ਮੋਦੀ ਲਹਿਰ ਨੇ ਭਗਵਾਂ ਪਾਰਟੀ ਦੀਆਂ ਹੋਰਨਾਂ ਸੂਬਿਆਂ ਵਿਚ ਤਾਂ ਜੜ੍ਹਾਂ ਮਜ਼ਬੂਤ ਕੀਤੀਆਂ ਪਰ ਪੰਜਾਬ ਵਿਚ ਲੀਡਰਸ਼ਿਪ ਦੀ ਕਮੀ ਕਾਰਨ ਭਾਜਪਾ ਬਿਨਾ ਸਹਾਰੇ ਤੋਂ ਚੋਣਾਂ ਲੜਨ ਦੇ ਸਮਰੱਥ ਨਹੀਂ ਜਾਪਦੀ। ਦੇਸ਼ ਵਿਚ ਹੁਣ ਸੰਸਦੀ ਚੋਣਾਂ ਸਿਰ 'ਤੇ ਹਨ ਤਾਂ ਇਹ ਪਾਰਟੀ ਵੀ ਪੂਰੀ ਤਰ੍ਹਾਂ ਫੁੱਟ ਦਾ ਸ਼ਿਕਾਰ ਹੈ।

**ਸੌਖਾ ਨਹੀਂ 'ਕਾਕਾ ਜੀ' ਲਈ ਪਾਰਟੀ 'ਚ ਹੋ ਰਹੀ ਟੁੱਟਭੱਜ ਨੂੰ ਰੋਕਣਾ :** ਮਾਝੇ ਵਿੱਚ ਟਕਸਾਲੀ ਅਕਾਲੀਆਂ ਦੀ ਨਰਾਜ਼ਗੀ ਦਾ ਅਸਰ ਸਾਰੇ ਪੰਜਾਬ ਵਿੱਚ ਦੇਖਣ ਨੂੰ ਮਿਲ ਰਿਹਾ ਹੈ। ਪਾਰਟੀ ਪ੍ਰਧਾਨ ਸੁਖਬੀਰ ਬਾਦਲ ਬੇਸ਼ੱਕ ਕੋਈ ਫਰਕ ਨਹੀਂ ਦਾ ਅਹਿਸਾਸ ਕਰਵਾਉਣ ਦੀ ਕੋਸ਼ਿਸ਼ ਵਿੱਚ ਹਨ ਪਰ ਇਹ ਸੱਚਾਈ ਹੈ ਕਿ ਪਾਰਟੀ ਦੀਆਂ ਜੜ੍ਹਾਂ ਹਿੱਲ ਰਹੀਆਂ ਹਨ। ਜੋ ਬੂਝਾ ਵੱਡੇ ਬਾਦਲ ਨੇ ਮਾਰ ਕੇ ਰੱਖਿਆ ਸੀ, ਸੁਖਬੀਰ ਉਸ ਮਜ਼ਬੂਤੀ ਤੋਂ ਖੁੰਝ ਗਏ ਹਨ ਤੇ ਥੱਕ ਹਾਰ ਕੇ ਵੱਡੇ ਬਾਦਲ ਨੇ ਵੀ ਪਾਰਟੀ ਦੀ ਟੁੱਟਭੱਜ ਸਮੇਟਣ ਦੀ ਕੋਸ਼ਿਸ਼ ਕਰਨੀ ਬੰਦ ਕਰ ਦਿੱਤੀ ਹੈ। ਜਦੋਂ ਸਿਆਸੀ ਬਿਸਾਤ 'ਤੇ ਪਾਰਟੀ ਪੰਥਕ ਮੁੱਦਿਆਂ ਉੱਤੇ ਵੀ ਸੰਗਤ ਦੀ ਨਰਾਜ਼ਗੀ ਦਾ ਸਾਹਮਣਾ ਕਰ ਰਹੀ ਹੈ ਤਾਂ ਪਾਰਟੀ ਕਾਡਰ ਦੀ ਨਰਾਜ਼ਗੀ ਨਾਲ ਪੈ ਰਹੇ ਖਿਲਾਰੇ ਨੂੰ ਸਮੇਟਣਾ ਸੁਖਬੀਰ ਬਾਦਲ ਲਈ ਸੌਖਾ ਨਹੀਂ ਹੈ।

**ਖੱਬੀਆਂ ਧਿਰਾਂ ਦੇ ਵੀ ਪੈਰ ਉਖੜੇ :** ਪੰਜਾਬ ਦੇ ਸਿਆਸੀ ਨਕਸ਼ੇ ਤੋਂ ਖੱਬੀ ਧਿਰ ਖਿਸਕਣ ਲੱਗੀ ਹੈ। ਹਾਲਾਂਕਿ ਲੋਕ ਲਹਿਰਾਂ ਦੇ ਮੁੱਢ ਪੰਜਾਬ ਦੀ ਜੂਹ 'ਚੋਂ ਹੀ ਬੱਝਦੇ ਰਹੇ ਹਨ। ਪੰਜਾਬ ਦੇ ਜੋ ਹਾਲਾਤ ਹਨ, ਉਹ ਪੂਰੀ ਤਰ੍ਹਾਂ ਖੱਬੀ ਸੋਚ ਦੇ ਅਨੁਕੂਲ ਹਨ। ਪਰ ਖੱਬੀਆਂ ਧਿਰਾਂ ਦੇ ਪੰਜਾਬ ਦੇ ਸਿਆਸੀ ਪਿੜ ਵਿੱਚ ਪੈਰ ਨਹੀਂ ਲੱਗ ਰਹੇ ਹਨ। ਪੰਜਾਬ ਦੇ ਲੋਕ ਪਹਿਲਾਂ ਖੱਬੀਆਂ ਧਿਰਾਂ ਦੇ ਮੂੰਹ ਵੱਲ ਵੇਖਦੇ ਹੁੰਦੇ ਸਨ। ਹੁਣ ਉਹੀ ਲੋਕ ਕਦੇ 'ਆਪ' 'ਚੋਂ ਉਮੀਦ ਤਲਾਸ਼ ਰਹੇ ਹਨ ਅਤੇ ਕਦੇ ਕਿਸੇ ਖਹਿਰਾ ਧੜੇ 'ਚੋਂ। ਵੇਲੇ ਸਿਰ ਨਵੇਂ ਪੰਜਾਬ ਦੇ ਹਾਣੀ ਬਣਦੇ ਤਾਂ ਸ਼ਾਇਦ ਖੱਬੀ ਧਿਰ ਨੂੰ ਆਹ ਦਿਨ ਨਾ ਦੇਖਣੇ ਪੈਂਦੇ। ਖੱਬੀਆਂ ਧਿਰਾਂ ਵਿਚ ਨਵੇਂ ਕਾਡਰ ਵਿਚ ਖੜੋਤ ਬਣੀ ਹੋਈ ਹੈ।

ਭਾਰਤੀ ਕਮਿਊਨਿਸਟ ਪਾਰਟੀ ਅਤੇ ਸੀਪੀਆਈ (ਮਾਰਕਸਵਾਦੀ) ਦਾ ਪੰਜਾਬ ਦੀ ਸਿਆਸਤ ਵਿਚ ਕਿਸੇ ਵੇਲੇ ਪੂਰਾ ਵਜ਼ਨ ਰਿਹਾ ਹੈ। ਮੁਲਕ ਵਿਚ ਹੋਈਆਂ ਪਹਿਲੀਆਂ ਤਿੰਨ ਆਮ ਚੋਣਾਂ ਵਿਚ ਕਮਿਊਨਿਸਟ ਪਾਰਟੀ ਕਾਂਗਰਸ ਤੋਂ ਮਗਰੋਂ ਦੂਸਰੀ ਵੱਡੀ ਧਿਰ ਵਜੋਂ ਉੱਭਰੀ ਸੀ। ਇਨ੍ਹਾਂ ਧਿਰਾਂ ਦਾ ਸੰਘਰਸ਼ਾਂ ਦਾ ਵੱਡਾ ਇਤਿਹਾਸ ਰਿਹਾ ਹੈ। ਬੱਸ ਕੁਝ ਅਰਸੇ ਤੋਂ ਖੱਬੀਆਂ ਧਿਰਾਂ ਦਾ ਗਰਾਫ਼ ਡਿੱਗਣਾ ਸ਼ੁਰੂ ਹੋ ਗਿਆ ਹੈ। ਪੰਜਾਬ ਵਿਚ ਵੀ ਮੁੱਖ ਸਿਆਸੀ ਧਿਰਾਂ ਵੱਲੋਂ ਕਿਸੇ ਵੇਲੇ ਇਨ੍ਹਾਂ ਖੱਬੀਆਂ ਧਿਰਾਂ ਨਾਲ ਗੱਠਜੋੜ ਲਈ ਖੁਦ ਕਦਮ ਪੁੱਟੇ ਜਾਂਦੇ ਰਹੇ ਹਨ।ਜੇਕਰ ਪੰਜਾਬ ਵਿਧਾਨ ਸਭਾ ਚੋਣਾਂ 2017 ਦੇ ਨਤੀਜਿਆਂ 'ਤੇ ਨਜ਼ਰ ਮਾਰੀਏ ਤਾਂ ਸੀਪੀਆਈ ਦਾ ਵੋਟ ਸ਼ੇਅਰ ਹੁਣ ਨੋਟਾ ਨਾਲੋਂ ਵੀ ਘਟ ਗਿਆ ਹੈ।

**ਹਾਸ਼ੀਏ 'ਤੇ ਪਹੁੰਚੀ ਬੀਐਸਪੀ :** ਪੰਜਾਬ ਵਿਚ ਕਰੀਬ 33 ਫ਼ੀਸਦੀ ਦਲਿਤ ਆਬਾਦੀ ਹੈ ਪਰ ਫਿਰ ਵੀ ਬਹੁਜਨ ਸਮਾਜ ਪਾਰਟੀ ਦਾ ਗਰਾਫ਼ ਉੱਠ ਨਹੀਂ ਰਿਹਾ ਹੈ। ਸੰਨ 1992 ਦੀਆਂ ਚੋਣਾਂ ਵਿਚ ਬੀਐੱਸਪੀ ਦੇ ਪੰਜਾਬ ਵਿਧਾਨ ਸਭਾ ਵਿਚ 9 ਵਿਧਾਇਕ ਸਨ। ਬੀਐੱਸਪੀ ਦੇ ਪੰਜਾਬ 'ਚੋਂ ਤਿੰਨ ਐਮਪੀ ਵੀ ਇਕ ਦਫ਼ਾ ਜਿੱਤੇ ਸਨ। ਹੁਣ ਬੀਐੱਸਪੀ ਦੀ ਨਾ ਸਟੇਟ ਲੀਡਰਸ਼ਿਪ ਉਭਰ ਰਹੀ ਹੈ ਅਤੇ ਨਾ ਹੀ ਵੋਟ ਸ਼ੇਅਰ। ਬੀਐੱਸਪੀ ਵੀ ਪੰਜਾਬ ਦੇ ਸਿਆਸੀ ਮੈਦਾਨ 'ਚ ਹਾਸ਼ੀਏ 'ਤੇ ਹੈ।

**ਖੁਦ ਦੀਆਂ ਗਲਤੀਆਂ ਨੇ ਹੀ 'ਆਪ' ਨੂੰ ਡੋਬਿਆ :** ਵਿਚਾਰਧਾਰਕ ਮਾਹੌਲ ਦੀ ਅਣਹੋਂਦ ਵਿਚ ਅੰਨਾ ਹਜ਼ਾਰੇ ਦੇ ਭ੍ਰਿਸ਼ਟਾਚਾਰ ਵਿਰੋਧੀ ਅੰਦੋਲਨ ਵਿਚੋਂ ਨਿਕਲੀ ਆਮ ਆਦਮੀ ਪਾਰਟੀ ਨੇ ਕੇਵਲ ਗਵਰਨੈਂਸ ਸੁਧਾਰਨ ਦਾ ਏਜੰਡਾ ਦਿੱਤਾ ਤਾਂ ਪੰਜਾਬ ਦੇ ਖੱਬੇ-ਸੱਜੇ ਸਭ ਧਾਰਾਵਾਂ ਨਾਲ ਜੁੜੇ ਸਿਆਸਤਦਾਨ ਅਤੇ ਆਮ ਲੋਕਾਂ ਨੇ ਇਸ ਦਾ ਜ਼ੋਰਦਾਰ ਸਵਾਗਤ ਕੀਤਾ। 'ਆਪ' ਨੇ ਵੀ ਲੋਕਾਂ ਦੇ ਸਰੋਕਾਰਾਂ ਨਾਲ ਜੁੜੇ ਅੰਦੋਲਨ ਕਰਨ ਦੀ ਬਜਾਏ ਥੋੜ੍ਹੀ ਜਿਹੀ ਮਿਲੀ ਸੱਤਾ ਦੀ ਵੰਡ ਦਾ ਕਲੇਸ਼ ਸ਼ੁਰੂ ਕਰ ਲਿਆ। ਆਮ ਆਦਮੀ ਪਾਰਟੀ ('ਆਪ') ਨੂੰ ਬਾਹਰੀ ਦੁਸ਼ਮਣਾਂ ਦੀ ਲੋੜ ਨਹੀਂ ਹੈ ਕਿਉਂਕਿ ਇਸ ਪਾਰਟੀ ਦੇ ਆਗੂ ਆਪਣੀਆਂ ਗਲਤੀਆਂ ਦੇ ਭਾਰ ਹੇਠ ਹੀ ਪਾਰਟੀ ਨੂੰ ਮਿੱਧਦੇ ਆ ਰਹੇ ਹਨ ਅਤੇ 'ਆਪ' ਦੇ ਪਲੇਟਫਾਰਮ ਤੋਂ ਹੀ ਆਗੂ ਬਣ ਕੇ ਇਸੇ ਪਾਰਟੀ ਦੇ ਵੱਡੇ ਦੁਸ਼ਮਣ ਬਣੇ ਹੋਏ ਹਨ।ਇਸ ਪਾਰਟੀ ਨਾਲ ਪੰਜਾਬ ਦੇ ਲੋਕ 'ਆਪ' ਸੁਪਰੀਮੋ ਅਰਵਿੰਦ ਕੇਜਰੀਵਾਲ ਦੀ ਮਿਕਨਾਤੀਸੀ ਖਿੱਚ ਵਾਲੀ ਸ਼ਖ਼ਸੀਅਤ ਕਾਰਨ ਜੁੜੇ ਸਨ। ਉਦੋਂ ਹਰੇਕ ਵਿਅਕਤੀ ਨੂੰ ਲੱਗਦਾ ਸੀ ਕਿ 'ਆਪ' ਦੀ ਗੱਡੀ ਚੜ੍ਹ ਕੇ ਕਿਸੇ ਵੀ ਪਾਰ ਲੰਘਿਆ ਜਾ ਸਕਦਾ ਹੈ। ਪਿਛਲੇ ਵਰ੍ਹੇ ਦੀਆਂ ਪੰਜਾਬ ਵਿਧਾਨ ਸਭਾ ਚੋਣਾਂ ਦੌਰਾਨ ਇਕ ਵੇਲੇ 'ਆਪ' ਦੀ ਗੁੱਡੀ 100 ਸੀਟਾਂ ਲੈਣ ਦੇ ਸਿਖਰ ਤਕ ਪੁੱਜੀ ਜਾਪਦੀ ਸੀ ਪਰ ਹਰੇਕ ਪੱਧਰ ਦੀ ਲੀਡਰਸ਼ਿਪ ਵੱਲੋਂ ਕੀਤੀਆਂ ਗਲਤੀਆਂ ਕਾਰਨ ਇਹ ਅੰਕੜਾ 20 'ਤੇ ਆ ਡਿੱਗਿਆ। ਫਿਰ 'ਆਪ' ਦੀ ਗਿਰਾਵਟ ਕਾਰਨ ਵੱਡੀ ਗਿਣਤੀ ਵਿਚ ਆਗੂ 'ਆਪ' ਤੋਂ ਦੂਰ ਭੱਜਦੇ ਗਏ। ਇਸ ਸਥਿਤੀ ਵਿਚ 'ਆਪ' ਹਾਈਕਮਾਂਡ ਵੀ ਨਿਰਾਸ਼ ਤੇ ਹਤਾਸ਼ ਹੋ ਗਈ। ਹਾਈਕਮਾਂਡ ਨੇ ਵਿਧਾਨ ਸਭਾ ਚੋਣਾਂ ਤੋਂ ਬਾਅਦ ਪੰਜਾਬ ਇਕਾਈ ਵਿਚ ਦਿਲਚਸਪੀ ਲੈਣੀ ਤਕਰੀਬਨ ਬੰਦ ਕਰ ਦਿੱਤੀ। ਗੁਰਦਾਸਪੁਰ ਤੇ ਸ਼ਾਹਕੋਟ ਉਪ ਚੋਣਾਂ ਸਮੇਤ ਨਗਰ ਨਿਗਮ ਚੋਣਾਂ ਵਿਚ ਉਮੀਦਵਾਰ ਚੁਣਨ ਤੇ ਪ੍ਰਚਾਰ ਕਰਨ ਦੇ ਪੂਰੇ ਅਧਿਕਾਰ ਪੰਜਾਬ ਦੀ ਲੀਡਰਸ਼ਿਪ ਨੂੰ ਹੀ ਦੇ ਦਿੱਤੇ ਗਏ ਪਰ ਇਨ੍ਹਾਂ ਚੋਣਾਂ ਵਿਚ ਪਾਰਟੀ ਨੂੰ ਸ਼ਰਮਨਾਕ ਹਾਰਾਂ ਦਾ ਸਾਹਮਣਾ ਕਰਨਾ ਪਿਆ। ਇਸ ਦੌਰਾਨ ਨਿਰੰਤਰ ਸ੍ਰੀ ਖਹਿਰਾ ਅਤੇ ਹਾਈਕਮਾਂਡ ਦੇ ਪੰਜਾਬ ਦੇ ਕੁਝ ਲੀਡਰਾਂ ਨਾਲ ਖਿੱਚੋਤਾਣ ਚੱਲਦੀ ਰਹੀ ਅਤੇ ਅਕਸਰ ਸ੍ਰੀ ਖਹਿਰਾ ਆਪਣੇ ਪੱਧਰ 'ਤੇ ਹੀ ਸਰਗਰਮੀਆਂ ਚਲਾਉਂਦੇ ਰਹੇ। ਜਦੋਂ ਸ੍ਰੀ ਕੇਜਰੀਵਾਲ ਨੇ ਡਰੱਗ ਮਾਮਲੇ ਵਿਚ ਪੰਜਾਬ ਦੇ ਸਾਬਕਾ ਮੰਤਰੀ ਬਿਕਰਮ ਸਿੰਘ ਮਜੀਠੀਆ ਕੋਲੋਂ ਅਦਾਲਤ ਵਿਚ ਮਾਣਹਾਨੀ ਦੇ ਕੇਸ ਵਿਚ ਮੁਆਫ਼ੀ ਮੰਗੀ ਤਾਂ ਸ੍ਰੀ ਖਹਿਰਾ ਨੇ ਵੱਡਾ ਬਖੇੜਾ ਖੜ੍ਹਾ ਕਰ ਦਿੱਤਾ। ਇਸੇ ਦੌਰਾਨ ਹਾਈਕਮਾਂਡ ਨੇ ਮੌਕਾ ਮਿਲਦਿਆਂ ਹੀ ਸ੍ਰੀ ਖਹਿਰਾ ਦੀ ਥਾਂ ਵਕੀਲ ਹਰਪਾਲ ਸਿੰਘ ਚੀਮਾ ਨੂੰ ਵਿਰੋਧੀ ਧਿਰ ਦਾ ਆਗੂ ਬਣਾ ਦਿੱਤਾ। ਸ੍ਰੀ ਖਹਿਰਾ ਨੇ ਕੁਰਸੀ ਖੁੱਸਦਿਆਂ ਹੀ ਪੰਜਾਬ ਨੂੰ ਹਾਈਕਮਾਂਡ ਤੋਂ ਖ਼ੁਦਮੁਖ਼ਤਿਆਰੀ ਦਿਵਾਉਣ ਦਾ ਮੁੱਦਾ ਲੈ ਕੇ ਪਾਰਟੀ ਵਿਚ ਭੂਚਾਲ ਲਿਆ ਦਿੱਤਾ। ਸ੍ਰੀ ਖਹਿਰਾ ਅਤੇ ਖਰੜ ਤੋਂ ਵਿਧਾਇਕ ਕੰਵਰ ਸੰਧੂ ਨੂੰ ਹੁਣ ਪਾਰਟੀ ਨੇ ਮੁਅੱਤਲ ਕਰ ਦਿੱਤਾ ਹੈ ਪਰ ਇਸ ਦੇ ਬਾਵਜੂਦ ਉਹ ਆਪਣੇ ਨਾਲ ਜੁੜੇ ਛੇ ਵਿਧਾਇਕਾਂ ਸਮੇਤ ਖ਼ੁਦਮੁਖ਼ਤਿਆਰੀ ਦਾ ਨਾਅਰਾ ਲਾ ਕੇ ਆਪਣੇ ਲਈ ਨਵੀਂ ਸਿਆਸੀ ਜ਼ਮੀਨ ਤਿਆਰ ਕਰ ਰਹੇ ਹਨ। ਸ੍ਰੀ ਖਹਿਰਾ ਕੁਝ ਪੰਥਕ ਧਿਰਾਂ, ਆਪਣੇ ਮਿੱਤਰ ਬੈਂਸ ਭਰਾਵਾਂ ਦੀ ਲੋਕ ਇਨਸਾਫ ਪਾਰਟੀ, ਬਸਪਾ ਅਤੇ 'ਆਪ' ਵਿਚੋਂ ਮੁਅੱਤਲ ਕੀਤੇ ਸੰਸਦ ਮੈਂਬਰ ਧਰਮਵੀਰ ਗਾਂਧੀ ਆਦਿ ਨੂੰ ਆਪਣੇ ਨਾਲ ਜੋੜ ਕੇ ਤੀਸਰੀ ਧਿਰ ਉਸਾਰਨ ਲਈ ਸਰਗਰਮ ਹਨ।


TRANS-ALLIANCE
TOGETHER WE SAVE
SAVE UPTO 24¢
PER GALLON ON DIESEL
TRANS-ALLIANCE
KHALSA FUEL CARD
1243 6756 7698 3421
TRANS EXPRESS
FUEL CARD
Our Over The Road (OTR) Fuel Card replaces cash and credit cards for fuel and maintenance - with low transaction fees - at over 6,600 truck stops across the country. We offer line of credit - $10,000 to $100,000.
FACTORING
Fleet One introduces aggressive factoring program for Trans-Alliance members. We can beat any price to get your piece of business.
ਪੰਜਾਬੀ ਵਿਚ ਜਾਣਕਾਰੀ ਲਈ 1.855.641.6955
888.795.7035
sales@trans-alliance.com
www.trans-alliance.com
PETRO
Stopping Centers
TA
TravelCenters of America
Loves
Travel Stops & Country Stores

**ਗੁਰਬਾਣੀ**
24 ਘੰਟੇ ਸੁਣਨ ਲਈ
Dial 832.551.5029 Ext. 4
www.GurbaniRadio.org

**ਪੰਜਾਬੀ ਗਾਣੇ**
24 ਘੰਟੇ ਸੁਣਨ ਲਈ
Dial 832.551.5029 Ext. 3
www.NonStopPunjabi.com

ਪੰਜਾਬੀ ਰੇਡੀਓ ਯੂਐਸਏ
**Punjabi RADIO USA**
ON THE AIR
*Uniting Punjabi's All Over*
www.PunjabiRadioUSA.com
408-272-5200

DIAL TO LISTEN:
US: 832-551-5029 | 605-475-6868 | 712-432-5838 (METRO PCS)
UK: +44 203-519-0455
GERMANY: +511 80-90-40-41

**NEW PROGRAM: TODAY IN SIKH HISTORY | ਅੱਜ ਦਾ ਦਿਨ ਸਿੱਖ ਇਤਿਹਾਸ ਵਿੱਚ DAILY | ਰੋਜ਼ਾਨਾ 9AM | 12PM**

# KHALSA
## INSURANCE AGENCY, INC.

**Khalsa Insurance Agency is among TOP 50 agencies** of Blue Cross in USA.


Anthem BlueCross
2014 ACE INDIVIDUAL
CHAMPION LEVEL
KHALSA INSURANCE AGENCY

- GUARANTEED COVERAGE
- NO ANNUAL LIMITS, NO DENIAL FOR PRE-EXISTING CONDITIONS
- RATES NOT BASED ON HEALTH STATUS
- AFFORDABLE COVERAGE – PUBLIC OR PRIVATE
- REQUIRED FOR INDIVIDUALS

COVERED CALIFORNIA™

OBAMACARE
IS
COVERED CALIFORNIA
IS THE
AFFORDABLE CARE ACT
IS THE
California Health Benefit Exchange
IS
*Your destination for affordable health care*

Call Now for the
Lowest Health Insurance
Premiums available
Some Households
qualify for
FREE HEALTHCARE

**408-272-2500**

Please Contact Harjot S Khalsa (Certified Covered CA Agent) | License # 0B03546 | 3750 McKee Rd. # A, San Jose, CA 95127
Tel. 408-272-2500 | coveredca@khalsainsurance.com

ਕਿਰਪਾਲ ਸਿੰਘ ਬੰਡੂਗਰ

# ਸਤਿਗੁਰੂ ਨਾਨਕ ਸਾਹਿਬ ਦਾ ਉਪਦੇਸ਼





ਗੁਰੂ ਨਾਨਕ ਸਾਹਿਬ ਦੇ ਆਗਮਨ ਸਮੇਂ ਹਿੰਦੁਸਤਾਨ ਵਿਚ ਸਿਆਸੀ ਅਤੇ ਧਾਰਮਿਕ ਉਥਲ-ਪੁਥਲ ਦਾ ਦੌਰ ਚੱਲ ਰਿਹਾ ਸੀ। ਇਨ੍ਹਾਂ ਹਾਲਤਾਂ ਵਿੱਚ ਹਿੰਦੁਸਤਾਨ ਦੇ ਉੱਤਰ-ਪੱਛਮੀ ਖਿੱਤੇ ਵਿਚ ਸਥਿਤ ਪੰਜਾਬ ਸਭ ਤੋਂ ਵੱਧ ਪ੍ਰਭਾਵਿਤ ਸੀ। ਇਸ ਦੇਸ਼ ਉਪਰ ਜਿੰਨੇ ਵੀ ਵਿਦੇਸ਼ੀ ਧਾੜਵੀ ਅਤੇ ਲੁਟੇਰੇ ਆਏ, ਉਹ ਪੰਜਾਬ ਦੇ ਖਿੱਤੇ ਨੂੰ ਰੌਂਦ ਕੇ ਹੀ ਅੱਗੇ ਵਧੇ। ਹਿੰਦੁਸਤਾਨ ਤੋਂ ਉਧਾਲੀਆਂ ਗਈਆਂ ਹਜ਼ਾਰਾਂ ਨੌਜਵਾਨ ਲੜਕੀਆਂ ਦੀ ਇੱਜ਼ਤ-ਆਬਰੂ ਦੀ ਨਿਲਾਮੀ ਗਜ਼ਨੀ ਦੇ ਬਾਜ਼ਾਰਾਂ ਵਿੱਚ ਹੋਣ ਲੱਗੀ। ਧਾਰਮਿਕ ਤੀਰਥ ਅਸਥਾਨਾਂ ਦੀ ਬੇਅਦਬੀ ਹੋਣ ਲੱਗੀ ਅਤੇ ਇਸ ਹਾਲਾਤ ਦੇ ਚੱਲਦਿਆਂ ਲੋਕ ਇਸ ਸਭ ਕੁਝ ਨੂੰ ਆਪਣੇ ਹੀ ਦੇਵੀ-ਦੇਵਤਿਆਂ ਦਾ ਪ੍ਰਕੋਪ ਮੰਨਣ ਲੱਗ ਪਏ। ਪਰਮਾਤਮਾ ਵਿੱਚ ਉਨ੍ਹਾਂ ਦਾ ਵਿਸ਼ਵਾਸ ਟੁੱਟਣ ਲੱਗਾ ਅਤੇ ਉਹ ਫੋਕੇ ਕਰਮ-ਕਾਂਡਾਂ, ਜਾਦੂ-ਟੂਣਿਆਂ ਅਤੇ ਅੰਧ-ਵਿਸ਼ਵਾਸ ਦੇ ਜਾਲ ਵਿੱਚ ਬੁਰੀ ਤਰ੍ਹਾਂ ਫਸ ਗਏ।

ਹਿੰਦੂ ਧਰਮ, ਜਿਸ ਨੂੰ ਉਸ ਦੇ ਹੀ ਬਣਾਏ ਵਰਣ ਆਸ਼ਰਮ ਨੇ ਕਮਜ਼ੋਰ ਕਰ ਦਿੱਤਾ ਸੀ, ਹੋਰ ਵੀ ਢਹਿੰਦੀਆਂ ਕਲਾਂ ਵੱਲ ਜਾਣ ਲੱਗਾ। ਬ੍ਰਾਹਮਣ ਪਰਮਾਤਮਾ ਦੇ ਗਿਆਨ ਦੀ ਗੱਲ ਛੱਡ ਕੇ, ਮਾਇਆ ਦੇ ਲਾਲਚ ਵਿੱਚ ਲੋਕਾਂ ਨੂੰ ਕਰਮ-ਕਾਂਡਾਂ ਵਿੱਚ ਫਸਾਉਣ ਲੱਗੇ। ਖੱਤਰੀ ਲੋਕ ਆਪਣਾ ਜੁਝਾਰੂਪਣ ਭੁੱਲ ਚੁੱਕੇ ਸਨ। ਸਮਾਜ ਦੇ ਇਨ੍ਹਾਂ ਨਿੱਘਰੇ ਹਾਲਾਤ ਤੋਂ ਮੁਸਲਿਮ ਸਮਾਜ ਵੀ ਨਹੀਂ ਬਚਿਆ ਸੀ। ਮੁਗ਼ਲ ਹਕੂਮਤ ਦੇ ਚਲਦਿਆਂ ਮੁੱਲਾਂ, ਕਾਜ਼ੀ, ਰਾਜਸ਼ਾਹੀ ਅਤੇ ਨੌਕਰਸ਼ਾਹੀ ਸਭ ਜੋਕਾਂ ਦੇ ਵਾਂਗ ਲੋਕਾਂ ਦਾ ਖ਼ੂਨ ਚੂਸਣ ਲੱਗੇ।

ਇਤਿਹਾਸ ਗਵਾਹ ਹੈ ਕਿ ਜਦੋਂ ਮੁਹੰਮਦ ਬਿਨ ਕਾਸਿਮ ਨਾਂ ਦੇ ਇਕ ਹਮਲਾਵਰ ਨੇ ਸਿੰਧ ਉੱਪਰ ਹਮਲਾ ਕੀਤਾ, ਉਦੋਂ ਬ੍ਰਾਹਮਣਾਂ ਨੇ ਇਕ ਮੰਦਿਰ ਦੇ ਲਹਿਰਾਉਂਦੇ ਝੰਡੇ ਨਾਲ ਇਕ ਯੰਤਰ ਲਿਖ ਕੇ ਟੰਗ ਦਿੱਤਾ ਅਤੇ ਆਰਾਮ ਨਾਲ ਬੈਠ ਕੇ ਇਹ ਦੇਖਣ ਲੱਗੇ ਕਿ ਕਿਵੇਂ ਹਮਲਾਵਰ ਆਪੇ ਹੀ ਹਾਰ ਕੇ ਭੱਜ ਜਾਵੇਗਾ ਪਰ ਇਸ ਤਰ੍ਹਾਂ ਕਦੇ ਵੀ ਨਹੀਂ ਹੋਇਆ। ਮੁਸਲਮਾਨ ਵੀ ਅੰਧ-ਵਿਸ਼ਵਾਸਾਂ ਵਿੱਚ ਪਿੱਛੇ ਨਹੀਂ ਸਨ। ਹਿੰਦੁਸਤਾਨ ਵਿੱਚ ਪਠਾਣਾਂ ਨੇ ਜਦੋਂ ਬਾਬਰ ਦੇ ਜ਼ਬਰਦਸਤ ਹਮਲੇ ਦੀ ਖ਼ਬਰ ਸੁਣੀ ਤਾਂ ਉਨ੍ਹਾਂ ਨੇ ਬਹੁਤ ਸਾਰੇ ਮੁਸਲਿਮ ਫ਼ਕੀਰਾਂ ਨੂੰ ਧਾਗੇ-ਤਵੀਤਾਂ ਦੇ ਜ਼ੋਰ ਨਾਲ ਧਾੜਵੀ ਨੂੰ ਭਾਂਜ ਦੇਣ ਹਿੱਤ ਕਈ ਯਤਨ ਕੀਤੇ ਪਰ ਧਾੜਵੀਆਂ 'ਤੇ ਇਨ੍ਹਾਂ ਦਾ ਕੋਈ ਅਸਰ ਨਹੀਂ ਹੋਇਆ। ਅਜਿਹੇ ਯੁੱਗ ਨੂੰ ਬਦਲਣ ਵਾਸਤੇ ਇਕ ਅਜਿਹੀ ਸ਼ਖ਼ਸੀਅਤ ਦਾ ਰਾਇ ਭੋਇ ਦੀ ਤਲਵੰਡੀ ਵਿਖੇ ਆਗਮਨ ਹੋਇਆ। ਇਹ ਮਰਦ-ਏ-ਕਾਮਿਲ ਗੁਰੂ ਨਾਨਕ ਸਾਹਿਬ ਸਨ।

ਭਾਈ ਗੁਰਦਾਸ ਜੀ ਲਿਖਦੇ ਹਨ-

'ਬਾਬਾ ਦੇਖੈ ਧਿਆਨ ਧਰਿ

ਜਲਤੀ ਸਭਿ ਪ੍ਰਿਥਵੀ ਦਿਸਿ ਆਈ॥'

ਗੁਰੂ ਨਾਨਕ ਸਾਹਿਬ ਨੇ ਦੀਨ ਦੁਨੀਆ ਦੇ ਉਧਾਰ ਲਈ ਦੇਸ਼-ਵਿਦੇਸ਼ ਦੀਆਂ ਸਾਰੀਆਂ ਦਿਸ਼ਾਵਾਂ, ਮਾਰੂਥਲਾਂ, ਵਿਸ਼ਾਲ ਨਦੀਆਂ, ਪਹਾੜਾਂ ਅਤੇ ਡਰਾਉਣੀਆਂ ਜੰਗਲੀ ਵਾਦੀਆਂ ਨੂੰ ਪੈਦਲ ਪਾਰ ਕਰਦਿਆਂ ਆਪਣੇ ਜੀਵਨ ਦਾ ਅੱਧ ਤੋਂ ਜ਼ਿਆਦਾ ਹਿੱਸਾ ਲਗਾ ਦਿੱਤਾ। ਉਨ੍ਹਾਂ ਨੇ ਹਰ ਜਗ੍ਹਾ ਫੋਕੇ ਕਰਮ-ਕਾਂਡਾਂ, ਅੰਧ-ਵਿਸ਼ਵਾਸਾਂ ਅਤੇ ਵਹਿਮਾਂ-ਭਰਮਾਂ ਦਾ ਤਰਕਸੰਗਤ ਖੰਡਨ ਕੀਤਾ ਅਤੇ ਲੋਕਾਂ ਨੂੰ ਇੱਕੋ ਪਰਮਾਤਮਾ ਦੇ ਲੜ ਲੱਗਣ ਲਈ ਪ੍ਰੇਰਿਆ। ਲੋਕਾਂ ਨੂੰ ਧਾਰਮਿਕ ਅਤੇ ਸਮਾਜਿਕ ਚੇਤਨਾ ਦੇਣ ਦੇ ਨਾਲ-ਨਾਲ ਉਨ੍ਹਾਂ ਨੇ ਦੇਸੀ ਅਤੇ ਵਿਦੇਸ਼ੀ ਜਰਵਾਣਿਆਂ ਦੇ ਜ਼ੁਲਮਾਂ ਵਿਰੁੱਧ ਜਾਗਰੂਕ ਕੀਤਾ। ਉਨ੍ਹਾਂ ਨੇ ਹਮਲਾਵਰ ਬਾਬਰ ਨੂੰ ਵੀ ਖਰੀਆਂ-ਖਰੀਆਂ ਸੁਣਾਈਆਂ-

'ਖੁਰਾਸਾਨ ਖਸਮਾਨਾ ਕੀਆ

ਹਿੰਦੁਸਤਾਨ ਡਰਾਇਆ'॥ (ਪੰਨਾ ੩੬੦)।

ਉਸ ਦੀ ਫ਼ੌਜ ਦੀ 'ਪਾਪ ਕੀ ਜੰਞ' ਨਾਲ ਤੁਲਨਾ ਕੀਤੀ। ਗੁਰੂ ਨਾਨਕ ਸਾਹਿਬ ਨੇ ਸਿੱਖ ਧਰਮ ਨੂੰ ਸਿਰਫ਼ ਅਧਿਆਤਮਿਕਤਾ ਤੱਕ ਹੀ ਸੀਮਤ ਨਹੀਂ ਰੱਖਿਆ, ਸਗੋਂ ਇਹ ਧਰਮ ਮਨੁੱਖੀ ਜੀਵਨ ਦੀ ਹਰ ਪੱਖ ਤੋਂ ਅਗਵਾਈ ਕਰਨ ਵਾਲਾ ਬਣਾਇਆ। ਉਨ੍ਹਾਂ ਨੇ ਮਨੁੱਖ ਨੂੰ ਦਇਆ, ਸੇਵਾ, ਸੰਤੋਖ, ਆਤਮ-ਨਿਰਭਰ ਤੇ ਸਵੈ-ਮਾਣ ਵਾਲਾ ਜੀਵਨ ਜਿਊਣ ਦੇ ਯੋਗ ਬਣਾਇਆ। ਗੁਰੂ ਸਾਹਿਬ ਨੇ ਆਪਣੇ ਸਮਕਾਲੀ ਸਮਾਜ ਵਿੱਚ ਆਰਥਿਕ ਅਸਮਾਨਤਾ, ਲੁੱਟ-ਖਸੁੱਟ ਨੂੰ ਦੇਖਦਿਆਂ ਨਾਮ ਜਪੋ, ਕਿਰਤ ਕਰੋ ਤੇ ਵੰਡ ਛਕੋ ਦੇ ਬੁਨਿਆਦੀ ਸਿਧਾਂਤਾਂ ਦਾ ਪ੍ਰਚਾਰ ਕੀਤਾ।

ਗੁਰੂ ਨਾਨਕ ਸਾਹਿਬ ਦੇ ਸਮੇਂ ਹਿੰਦੁਸਤਾਨੀ ਸਮਾਜ ਵਿੱਚ ਨਾਰੀ ਦੀ ਦਸ਼ਾ ਬੜੀ ਮਾੜੀ ਸੀ। ਉਸ ਨੂੰ ਪੈਰ ਦੀ ਜੁੱਤੀ, ਦਾਸੀ ਅਤੇ ਪਰਦੇ ਆਦਿ ਵਿੱਚ ਰਹਿਣ ਵਾਲੀ ਵਸਤੂ ਹੀ ਸਮਝਿਆ ਜਾਂਦਾ ਸੀ। ਨਾਰੀ ਨੂੰ ਮੁਕਤੀ ਪ੍ਰਦਾਨ ਕਰਨ ਦੀ ਵਡਿਆਈ ਵੀ ਗੁਰੂ ਜੀ ਦੇ ਹਿੱਸੇ ਹੀ ਆਈ। ਗੁਰੂ ਨਾਨਕ ਸਾਹਿਬ ਦਾ ਪ੍ਰਥਮ ਸਿੱਖ ਬਣਨ ਦਾ ਸੁਭਾਗ ਵੀ ਬੀਬੀ ਨਾਨਕੀ ਜੀ ਨੂੰ ਹੀ ਪ੍ਰਾਪਤ ਹੋਇਆ।

ਗੁਰੂ ਨਾਨਕ ਦੇਵ ਜੀ ਸੰਸਾਰ ਦੀ ਉਹ ਮਹਾਨ ਸ਼ਖ਼ਸੀਅਤ ਹਨ, ਜਿਨ੍ਹਾਂ ਨੇ ਕਿਰਤ ਨੂੰ ਧਰਮ ਦੇ ਬੁਨਿਆਦੀ ਸਿਧਾਂਤ ਦੇ ਤੌਰ 'ਤੇ ਲੋਕਾਂ ਸਾਹਮਣੇ ਲਿਆਂਦਾ। ਗੁਰੂ ਸਾਹਿਬ ਨੇ ਸੰਸਾਰ ਨੂੰ ਤਿਆਗਣ, ਤ੍ਰਿਸਕਾਰਨ ਦੀ ਵਿਚਾਰਧਾਰਾ ਦਾ ਵਿਰੋਧ ਕੀਤਾ। ਉਨ੍ਹਾਂ ਗ੍ਰਹਿਸਥ ਨੂੰ ਪ੍ਰਧਾਨਤਾ ਦੇ ਕੇ, ਦਸਾਂ ਨਹੁੰਆਂ ਦੀ ਕਿਰਤ-ਕਮਾਈ ਕਰਕੇ ਸਾਮਾਜਿਕ ਜੀਵਨ ਜਿਊਣ ਦਾ ਸੰਦੇਸ਼ ਦਿੱਤਾ। ਉਨ੍ਹਾਂ ਨੇ ਗ੍ਰਹਿਸਥ ਵਿੱਚ ਰਹਿ ਕੇ ਸੇਵਾ ਸਿਮਰਨ ਰਾਹੀਂ ਮਨੁੱਖੀ ਜੀਵਨ ਜਿਊਣ ਦਾ ਮਾਰਗ ਦਰਸਾਇਆ।

ਹਸੰਦਿਆਂ ਖੇਲੰਦਿਆਂ ਪੈਨੰਦਿਆਂ

ਖਾਵੰਦਿਆਂ ਵਿਚੇ ਹੋਵੈ ਮੁਕਤਿ॥

(ਪੰਨਾ ੫੨੨)।

ਗੁਰੂ ਜੀ ਨੇ ਦਸਾਂ ਨਹੁੰਆਂ ਦੀ ਸੁੱਚੀ ਕਿਰਤ ਕਰਨ ਅਤੇ ਵੰਡ ਛਕਣ ਦਾ ਉਪਦੇਸ਼ ਦਿੱਤਾ। ਉਨ੍ਹਾਂ ਅਨੁਸਾਰ ਪਵਿੱਤਰ ਕਮਾਈ ਉਹੀ ਹੈ, ਜਿਹੜੀ ਦਿਆਨਤਦਾਰੀ ਤੇ ਇਮਾਨਦਾਰੀ ਨਾਲ ਕੀਤੀ ਗਈ ਹੋਵੇ। ਰਿਸ਼ਵਤ ਲੈ ਕੇ ਜਾਂ ਭ੍ਰਿਸ਼ਟ ਤਰੀਕੇ ਨਾਲ ਕੀਤੀ ਕਮਾਈ ਲੋਕਾਂ ਦਾ ਖ਼ੂਨ ਚੂਸਣ ਦੇ ਬਰਾਬਰ ਹੈ। ਇਥੇ ਹੀ ਬੱਸ ਨਹੀਂ, ਹੱਕ-ਸੱਚ ਦੀ ਕੀਤੀ ਕਮਾਈ ਨੂੰ ਵੰਡ ਛਕਣ ਦਾ ਉਪਦੇਸ਼ ਵੀ ਗੁਰੂ ਜੀ ਦਾ ਵਿਲੱਖਣ ਸਿਧਾਂਤ ਹੈ :

ਘਾਲਿ ਖਾਇ ਕਿਛੁ ਹਥਹੁ ਦੇਇ॥

ਨਾਨਕ ਰਾਹੁ ਪਛਾਣਹਿ ਸੇਇ॥

(ਪੰਨਾ ੧੨੪੫)।

'ਕਿਛੁ ਹਥਹੁ ਦੇਇ' ਦਾ ਸਿਧਾਂਤ ਦੂਜੇ ਧਾਰਮਿਕ ਮੱਤਾਂ ਦੇ ਦਾਨ ਆਦਿ ਦੇ ਸਿਧਾਂਤ ਨਾਲੋਂ ਵਿਲੱਖਣ ਅਰਥ ਰੱਖਦਾ ਹੈ, ਕਿਉਂਕਿ ਦੂਜੇ ਮੱਤਾਂ ਵਿੱਚ ਦਾਨ ਆਪਣੇ ਨਿੱਜੀ ਹਿੱਤ ਜਾਂ ਅਗਲੇ ਜਨਮ 'ਚ ਚੰਗੇ ਫਲ ਦੀ ਕਾਮਨਾ ਨੂੰ ਮੁੱਖ ਰੱਖ ਕੇ ਕੀਤਾ ਜਾਂਦਾ ਸੀ ਪਰ ਗੁਰੂ ਸਾਹਿਬ ਨੇ ਦਾਨ ਦੇ ਅਰਥ ਕਿਸੇ ਮਕਸਦ ਦੀ ਪੂਰਤੀ ਜਾਂ ਵਿਅਕਤੀਗਤ ਲਾਭ ਨੂੰ ਮੁੱਖ ਰੱਖ ਕੇ ਨਹੀਂ ਕੀਤੇ, ਸਗੋਂ ਉਨ੍ਹਾਂ ਦੇ ਇਸ ਸਿਧਾਂਤ ਵਿੱਚੋਂ 'ਸਰਬੱਤ ਦੇ ਭਲੇ' ਦੀ ਖ਼ਾਹਿਸ਼ ਉਜਾਗਰ ਹੁੰਦੀ ਹੈ।

ਸੋ ਗੁਰੂ ਨਾਨਕ ਦੇਵ ਜੀ ਕੇਵਲ ਸਿੱਖਾਂ ਦੇ ਹੀ ਨਹੀਂ, ਸਗੋਂ ਸਾਰੀ ਮਨੁੱਖ ਜਾਤੀ ਦੇ ਸੱਚੇ ਮਾਰਗ-ਦਰਸ਼ਕ ਹਨ, ਜਿਨ੍ਹਾਂ ਭਰਮ-ਭੁਲੇਖਿਆਂ ਵਿੱਚ ਭਟਕ ਰਹੀ ਜਨਤਾ ਦਾ ਸਹੀ ਮਾਰਗ ਦਰਸ਼ਨ ਕਰਕੇ, ਉਸ ਨੂੰ ਪਰਮਾਤਮਾ ਦੇ ਨਾਮ-ਧਰਮ ਦੇ ਰਾਹ ਤੋਰਿਆ। ਉਨ੍ਹਾਂ ਇਸ ਮੰਤਵ ਦੀ ਪੂਰਤੀ ਲਈ ਧਰਮਸ਼ਾਲਾਵਾਂ ਬਣਵਾਈਆਂ, ਲੰਗਰ ਦੀ ਪ੍ਰਥਾ ਕਾਇਮ ਕੀਤੀ। ਸੰਗਤ-ਪੰਗਤ ਅਤੇ ਸੇਵਾ-ਸਿਮਰਨ ਦੇ ਅਜਿਹੇ ਅਦੁੱਤੀ ਸਿਧਾਂਤ ਮਨੁੱਖਤਾ ਸਾਹਮਣੇ ਰੱਖੇ, ਜਿਹੜੇ ਅਜੋਕੇ ਯੁੱਗ ਵਿੱਚ ਵੀ ਸਦੀਵੀ ਸੇਧ ਦੇਣ ਵਾਲੇ ਹਨ।

# ਜਾਰਜ ਮੈਕੀ ਲਾਇਬਰੇਰੀ ਵਿਖੇ ਕਾਵਿ-ਸ਼ਾਮ ਵਿਚ ਦੋ ਗ਼ਜ਼ਲਗੋ ਸਰੋਤਿਆਂ ਦੇ ਸਨਮੁਖ

**ਡੈਲਟਾ/ਬਿਊਰੋ ਨਿਊਜ਼ :** ਹਰ ਮਹੀਨੇ ਦੇ ਤੀਸਰੇ ਮੰਗਲਵਾਰ ਦੀ ਸ਼ਾਮ, ਜਾਰਜ ਮੈਕੀ ਲਾਇਬਰੇਰੀ ਡੈਲਟਾ ਵਲੋਂ ਪੰਜਾਬੀ ਬੋਲੀ, ਪੰਜਾਬੀ ਸਾਹਿਤ ਤੇ ਸਭਿਆਚਾਰ ਨੂੰ ਸਮਰਪਤ ਕੀਤੀ ਹੋਈ ਹੈ। ਸ਼ਾਮ ਦੇ ਇਸ ਪ੍ਰੋਗਰਾਮ ਵਿਚ ਦੋ ਸਾਹਿਤਕ, ਸਭਿਆਚਾਰਕ ਸ਼ਖ਼ਸੀਅਤਾਂ ਨੂੰ ਸਰੋਤਿਆਂ ਦੇ ਰੂਬਰੂ ਕੀਤਾ ਜਾਂਦਾ ਹੈ। ਸੰਨ 2018 ਦੇ ਨਵੰਬਰ ਮਹੀਨੇ ਦੀ 20 ਤਰੀਕ, ਦਿਨ ਮੰਗਲਵਾਰ ਨੂੰ ਸਾਹਿਤ ਅਕਾਡਮੀ ਪੁਰਸਕਾਰ ਵਿਜੇਤਾ ਗ਼ਜ਼ਲਗੋ ਜਸਵਿੰਦਰ ਅਤੇ ਨਾਮਵਰ ਗ਼ਜ਼ਲਗੋ ਹਰਦਮ ਸਿੰਘ ਮਾਨ ਸਰੋਤਿਆਂ ਦੇ ਰੂਬਰੂ ਹੋਏ।



ਸਭ ਤੋਂ ਪਹਿਲਾਂ ਇਸ ਸ਼ਾਮ ਦੇ ਸੰਚਾਲਕ ਮੋਹਨ ਗਿੱਲ ਨੇ ਸਮੂਹ ਸਾਹਿਤਕ ਸੰਸਥਾਵਾਂ ਤੇ ਸਾਹਿਤਕਾਰਾਂ ਦੇ ਸਹਿਯੋਗ ਨਾਲ ਚਲਾਏ ਜਾ ਰਹੇ ਇਸ ਪ੍ਰੋਗਰਾਮ ਬਾਰੇ ਸੰਖੇਪ ਜਾਣਕਾਰੀ ਦੇ ਕੇ ਸਮਾਗਮ ਵਿਚ ਆਏ ਸਰੋਤਿਆਂ ਨੂੰ 'ਜੀ ਆਇਆਂ' ਕਹਿੰਦਿਆਂ ਅਜੇਹੇ ਠੰਡੇ ਮੌਸਮ ਵਿਚ ਉਹਨਾਂ ਦੇ ਇਸ ਸਾਹਿਤਕ ਪ੍ਰੋਗਰਾਮ ਵਿਚ ਸ਼ਿਰਕਤ ਕਰਨ ਲਈ ਧੰਨਵਾਦ ਕੀਤਾ। ਉਸ ਤੋਂ ਮਗਰੋਂ ਮੋਹਨ ਗਿੱਲ ਨੇ ਹਾਜ਼ਰੀਨ ਬੁਲਾਰਿਆਂ ਬਾਰੇ ਸੰਖੇਪ ਜਾਣਕਾਰੀ ਦੇ ਕੇ ਹਰਦਮ ਸਿੰਘ ਮਾਨ ਨੂੰ ਸਟੇਜ 'ਤੇ ਆਉਣ ਦਾ ਸੱਦਾ ਦਿੱਤਾ।

ਹਰਦਮ ਸਿੰਘ ਮਾਨ ਨੇ ਆਪਣੇ ਬਾਰੇ ਗੱਲ ਕਰਦਿਆਂ ਕਿਹਾ ਕਿ ਮੁਖ ਰੂਪ ਵਿਚ ਉਹ ਗ਼ਜ਼ਲਗੋ ਹੈ ਪਰ ਨਜ਼ਮ, ਕਹਾਣੀ ਅਤੇ ਵਾਰਤਕ ਵੀ ਲਿਖਦਾ ਹਾਂ। ਗ਼ਜ਼ਲਾਂ ਦੀ ਇਕ ਪੁਸਤਕ 'ਅੰਬਰਾਂ ਦੀ ਭਾਲ ਵਿਚ' ਛਪ ਚੁੱਕੀ ਹੈ ਅਤੇ ਇਕ ਪੁਸਤਕ ਛਪਾਈ ਅਧੀਨ ਹੈ। ਉਨ੍ਹਾਂ ਆਪਣੇ ਜੀਵਨ ਪੰਧ ਨੂੰ ਵਿਲੱਖਣ ਢੰਗ ਨਾਲ, ਇਕ ਖੁੱਲ੍ਹੀ ਕਵਿਤਾ 'ਜ਼ਿੰਦਗੀ ਜਿੰਦਾ ਦਿਲੀ' ਦੇ ਨਾਮ ਹੇਠ ਪੇਸ਼ ਕੀਤਾ। ਮਾਨ ਸਾਹਿਬ ਨੇ ਆਪਣੇ ਸਾਹਿਤਕ ਜੀਵਨ ਬਾਰੇ ਗੱਲ ਕਰਦਿਆਂ ਕਿਹਾ ਕਿ ਉਹ ਬਚਪਨ ਵਿਚ ਹੀ ਕਿੱਸੇ ਪੜ੍ਹਦਿਆਂ ਤੁਕਬੰਦੀ ਕਰਨ ਲੱਗਾ ਸੀ। ਤੁਕਬੰਦੀ ਕਵਿਤਾ ਤੋਂ ਗ਼ਜ਼ਲ ਦੀ ਸਿਨਫ ਤਕ ਪੁੱਜਿਆ। ਉਸ ਤੋਂ ਮਗਰੋਂ ਹਰਦਮ ਨੇ ਆਪਣੀਆਂ ਕੁਝ ਹੋਰ ਗ਼ਜ਼ਲਾਂ ਸੁਣਾਈਆਂ, ਜਿਨ੍ਹਾਂ ਵਿਚੋਂ ਵੰਨਗੀ ਲਈ ਚੰਦ ਸ਼ਿਅਰ ਹਾਜ਼ਰ ਹਨ;

ਬਹੁਤ ਪਾਰਦਰਸ਼ੀ, ਹਾਕਮ ਮੇਰੇ ਨਗਰ ਦਾ

ਪੱਥਰ ਸਜਾ ਕੇ ਰੱਖੇ ਸ਼ੀਸ਼ੇ ਦੇ ਨਾਲ ਉਸ ਨੇ।

ਹਾਲੇ ਵੀ ਇਸ ਸ਼ਹਿਰ 'ਚ ਵਸਦੇ ਭੋਲੇ ਲੋਕ ਬੜੇ

ਜੋ ਗਲਵਕੜੀ ਪਾਉਣ ਵਾਸਤੇ ਬਾਹਵਾਂ ਲਭਦੇ ਨੇ।

ਦੂਜੇ ਸੰਚਾਲਕ ਸ. ਜਰਨੈਲ ਸਿੰਘ ਆਰਟਿਸਟ ਨੇ ਸਾਹਿਤ ਅਕਾਡਮੀ ਪੁਰਸਕਾਰ ਵਿਜੇਤਾ ਸ਼ਾਇਰ ਜਸਵਿੰਦਰ ਨੂੰ, ਉਹਨਾਂ ਦੀਆਂ ਸਾਹਿਤਕ ਪ੍ਰਾਪਤੀਆਂ ਦੀ ਸੰਖੇਪ ਜਾਣਕਾਰੀ ਦੇ ਕੇ, ਸਰੋਤਿਆਂ ਦੇ ਰੂਬਰੂ ਕੀਤਾ।

ਸ਼ਾਇਰ ਜਸਵਿੰਦਰ ਨੇ ਆਪਣੇ ਪਿਛੋਕੜ ਬਾਰੇ ਗੱਲ ਕਰਦਿਆਂ ਦੱਸਿਆ ਕਿ ਉਹ ਪੰਜਾਬ ਦੇ ਪੱਛੜੇ ਜ਼ਿਲੇ ਮਾਨਸਾ ਦੇ ਪੱਛੜੇ ਪਿੰਡ ਕਲਾਲ ਵਾਲਾ ਵਿਚ ਜਨਮਿਆ ਪਰ ਪਤਾ ਨਹੀਂ ਅੱਖਰਾਂ ਵਾਲੇ ਪਾਸੇ ਕਿਵੇਂ ਚਲਾ ਗਿਆ। ਛੇਵੀਂ ਜਮਾਤ ਵਿਚ ਪੜ੍ਹਦਿਆਂ ਹੀ 'ਮਾਂ' ਤੇ 'ਸਤਰੰਗੀ ਪੀਂਘ' ਜਿਹੇ ਰੂਸੀ ਨਾਵਲ ਪੜ੍ਹ ਲਏ ਸਨ। ਸ਼ਾਇਦ ਇਸੇ ਕਰ ਕੇ ਅੱਖਰਾਂ ਨਾਲ ਮੋਹ ਪੈ ਗਿਆ। ਪੜ੍ਹਦਾ ਗਲਪ ਸੀ ਪਰ ਲਿਖਦਾ ਕਵਿਤਾ, ਭਾਵੇਂ ਉਦੋਂ ਉਹ ਤੁਕਬੰਦੀ ਹੀ ਸੀ। ਆਪਣੇ ਵਡੇਰਿਆਂ ਤੋਂ ਕਿੱਸੇ, ਖਾਸ ਕਰ ਹੀਰ, ਸੁਣਦਿਆਂ ਤੇ ਆਪਣੇ ਅਧਿਆਪਕ, ਸ.ਨਿਰੰਜਣ ਸਿੰਘ ਨਾਕਸ ਅਤੇ ਬਾਅਦ ਵਿਚ 'ਨੂਰ' ਦੀ ਕਵਿਤਾ ਦਾ ਬਹੁਤ ਪ੍ਰਭਾਵ ਪਿਆ। ਪਾਲੀਟੈਕਨਿਕ ਰੋਡੇ ਵਿਚ ਦਾਖਲਾ ਲਿਆ। ਰੋਡਿਆਂ ਦੀ ਧਰਤੀ ਬਹੁਤ ਇਨਕਲਾਬੀ ਹੈ। ਇਸ ਪਿੰਡ ਨੇ ਹਰ ਲਹਿਰ ਵਿਚ ਅਗਵਾਨੂੰ ਰੋਲ ਅਦਾ ਕੀਤਾ। ਮੋਗਾ ਗੋਲ਼ੀ ਕਾਂਡ ਨੇ ਇਨਕਲਾਬੀ ਲਹਿਰ ਦਾ ਹਮਦਰਦ ਬਣਾਇਆ। ਇਸੇ ਕਾਰਨ ਤਿੰਨ ਸਾਲ ਦਾ ਡਿਪਲੋਮਾ ਛੇ ਸਾਲ ਵਿਚ ਕੀਤਾ। ਸੰਤ ਰਾਮ ਉਦਾਸੀ ਨਾਲ ਮੇਲ ਹੋਇਆ, ਉਸ ਦਾ ਵੀ ਬਹੁਤ ਪ੍ਰਭਾਵ ਪਿਆ। ਗੀਤ ਤੇ ਕਵਿਤਾਵਾਂ ਲਿਖੀਆਂ, ਕੁਝ ਗੀਤ ਟੈਲੀ ਫਿਲਮਾਂ ਤੇ ਨਾਟਕਾਂ ਲਈ ਵੀ ਲਿਖੇ। ਗ਼ਜ਼ਲਾਂ ਦੀ ਪੁਸਤਕ 'ਕਾਲ਼ੇ ਹਰਫਾਂ ਦੀ ਲੋਅ' ਛਪੀ, ਜਿਹੜੀ ਅਲੀਗੜ੍ਹ ਯੂਨੀਵਰਸਿਟੀ ਦੇ ਐਮ.ਏ. ਦੇ ਸਿਲੇਬਸ ਵਿਚ ਲੱਗੀ ਰਹੀ ਹੈ। ਫਿਰ 'ਅਗਰਬੱਤੀ' ਛਪੀ ਤਾਂ ਇਸ ਨੂੰ ਸਾਹਿਤ ਅਕਾਡਮੀ ਦਾ ਪੁਰਸਕਾਰ ਪ੍ਰਾਪਤ ਹੋਇਆ। 18 ਸਾਲ ਰੋਪੜ ਥਰਮਲ ਪਲਾਂਟ ਵਿਚ ਨੌਕਰੀ ਕੀਤੀ। ਆਪਣੇ ਪਿੰਡ, ਰੋਡੇ, ਰੋਪੜ ਤੇ ਕਨੇਡਾ ਦਾ ਜੀਵਨ ਉਪਰ ਬਹੁਤ ਪ੍ਰਭਾਵ ਪਿਆ ਹੈ।

ਆਪਣੀ ਗੱਲ ਸਮਾਪਤ ਕਰਨ ਉਪਰੰਤ ਜਸਵਿੰਦਰ ਨੇ ਕੁਝ ਗ਼ਜ਼ਲਾਂ ਸਰੋਤਿਆਂ ਨਾਲ ਸਾਂਝੀਆਂ ਕੀਤੀਆਂ। ਸਰੋਤਿਆਂ ਵਲੋਂ ਹਰ ਸ਼ਿਅਰ ਉਪਰ ਤਾੜੀਆਂ ਵਜਾ ਕੇ ਦਾਦ ਦਿੱਤੀ ਗਈ। ਵੰਨਗੀ ਵਜੋਂ ਕੁਝ ਸ਼ਿਅਰ ਹਾਜ਼ਰ ਹਨ;

ਨਮੋਸ਼ੀ ਹਾਰ ਦੀ ਤੇ ਜਿੱਤ ਦਾ ਹੰਕਾਰ ਲਾਹ ਦੇਈਏ,

ਚਲੋ ਹੁਣ ਫਾਲਤੂ ਚੀਜ਼ਾਂ ਦਾ ਰੂਹ ਤੋਂ ਭਾਰ ਲਾਹ ਦੇਈਏ।

ਇਨ੍ਹਾਂ ਵਿਚ ਆਰਜ਼ੀ ਧਰਵਾਸ ਹੈ ਖਤਰੇ ਸਦੀਵੀ ਨੇ,

ਸਿਰਾਂ ਤੋਂ ਕਲਗੀਆਂ ਤੇ ਗਰਦਨਾਂ 'ਚੋਂ ਹਾਰ ਲਾਹ ਦੇਈਏ।

ਸੋਚਦਾ ਜੁਗਨੂੰ ਕਿ ਮੈਂ ਵੀ ਕੁਝ ਤਾਂ ਮੇਟਾਂਗਾ ਹਨ੍ਹੇਰ,

ਇਕ ਹੀ ਸੂਰਜ ਬੜਾ ਥੋੜ੍ਹਾ ਹੈ ਅੰਬਰ ਵਾਸਤੇ।

ਮਹਿਫਲ ਵਿਚ ਡਾ. ਪ੍ਰਿਥੀਪਾਲ ਸਿੰਘ ਸੋਹੀ, ਪ੍ਰੋ. ਹਰਿੰਦਰ ਕੌਰ ਸੋਹੀ, ਅਜਮੇਰ ਰੋਡੇ, ਜਰਨੈਲ ਸਿੰਘ ਸੇਖਾ, ਫਿਓਨਾ ਡਿਉਨ, ਪੋ. ਹਰਿੰਦਰਜੀਤ ਸੰਧੂ, ਕਰਤਾਰ ਸਿੰਘ ਰੋਡੇ, ਨਿਰਮਲ ਗਿੱਲ, ਪਰਮਜੀਤ ਸਿੰਘ ਸੇਖੋਂ, ਗੁਰਚਰਨ ਟੱਲੇਵਾਲੀਆ, ਰਾਜਵੰਤ ਰਾਜ, ਦਵਿੰਦਰ ਗੌਤਮ, ਮੀਨੂ ਬਾਵਾ, ਦਵਿੰਦਰ ਬਸ਼ਰਾ, ਮੋਹਨ ਬਸ਼ਰਾ, ਡਾ. ਸ਼ਬਨਮ ਮੱਲ੍ਹੀ, ਭੁਪਿੰਦਰ ਮੱਲ੍ਹੀ, ਜੀਵਨ ਜਿਉਤੀ, ਬਿੰਦੂ, ਬਲਦੇਵ ਸਿੰਘ ਭਾਮ ਅਤੇ ਕਈ ਹੋਰ ਹਾਜ਼ਰ ਸਨ।

ਮੋਹਨ ਗਿੱਲ ਵਲੋਂ ਸੂਚਨਾ ਦਿੱਤੀ ਗਈ ਕਿ ਦਸੰਬਰ ਮਹੀਨੇ ਦੀ ਮਹਿਫਲ ਕਵੀ ਦਰਬਾਰ ਦੇ ਰੂਪ ਵਿਚ ਹੋਵੇਗੀ ਜੋ ਕਿ ਇਕ ਵਜੇ ਤੋਂ ਚਾਰ ਵਜੇ ਤਕ ਜੁੜਨੀ ਹੈ। ਇਸ ਵਿਚ ਫਰੇਜ਼ਰ ਵੈਲੀ ਦੇ ਹਰ ਕਵੀ ਨੂੰ ਸ਼ਾਮਿਲ ਹੋਣ ਦਾ ਖੁੱਲ੍ਹਾ ਸੱਦਾ ਹੈ। ਆਪਣੇ ਨਾਮ, ਇਹਨਾਂ ਨੰਬਰਾਂ; 778 908 0914, 604 825 4659 ਜਾਂ 778 246 1087 ਉਪਰ ਅਗੇਤੇ ਵੀ ਲਿਖਾਏ ਜਾ ਸਕਦੇ ਹਨ। ਪਹਿਲਾਂ ਲਿਖਾਏ ਗਏ ਨਾਵਾਂ ਨੂੰ ਪਹਿਲ ਦਿੱਤੀ ਜਾਵੇਗੀ।

# ਮਾਨਵਤਾ ਦੇ ਸੇਵਾਦਾਰ ਬਾਬਾ ਸੇਵਾ ਸਿੰਘ ਜੀ ਖਡੂਰ ਸਾਹਿਬ ਵਾਲੇ

**ਪਰਨੀਤ ਕੌਰ**

ਜਦੋਂ ਅੱਜ ਵਾਤਾਵਰਨ ਹੱਦੋਂ ਵਧ ਪਲੀਤ ਹੋ ਗਿਆ ਹੈ ਤਾਂ ਬਾਬਾ ਸੇਵਾ ਸਿੰਘ ਨੇ ਵਾਤਾਵਰਨ ਸੰਭਾਲ ਮੁਹਿੰਮ ਚਲਾ ਕੇ ਲੁਕਾਈ ਨੂੰ ਵੱਡੀ ਰਾਹਤ ਪ੍ਰਦਾਨ ਕੀਤੀ ਹੈ। ਇਹੀ ਨਹੀਂ ਵਿਦਿਆ ਦੇ ਖੇਤਰ ਵਿਚ ਵਿਸ਼ਵ ਪੱਧਰੀ ਅਦਾਰੇ ਖੋਲ ਕੇ ਜਿਥੇ ਬੱਚਿਆਂ-ਨੌਜਵਾਨਾਂ ਨੂੰ ਸੁਨਹਿਰੀ ਮੌਕਾ ਮੁਹੱਈਆ ਕਰਵਾਇਆ ਜਾ ਰਿਹਾ ਹੈ, ਉਥੇ ਉਹਨਾਂ ਨੂੰ ਵਿਰਸੇ ਨਾਲ ਜੋੜ ਕੇ ਅਤੇ ਨੈਤਿਕ ਕਦਰਾਂ-ਕੀਮਤਾਂ ਦਾ ਪਾਠ ਪੜ੍ਹਾ ਕੇ ਸਾਮਾਜਿਕ ਅਲਾਮਤਾਂ ਤੋਂ ਨਿਰਲੇਪ ਰਖਿਆ ਜਾ ਰਿਹਾ ਹੈ। ਬਾਬਾ ਜੀ ਵਲੋਂ ਖੇਡ ਅਕੈਡਮੀਆਂ ਖੋਲ੍ਹ ਕੇ ਨਸ਼ਿਆਂ ਵਰਗੇ ਸਾਮਾਜਿਕ ਕੋਹੜ ਨੂੰ ਖਤਮ ਕਰਨ ਲਈ ਵੱਡੇ ਪੱਧਰ 'ਤੇ ਉਪਰਾਲੇ ਕੀਤੇ ਹਨ। ਅੱਠ ਗੁਰੂ ਸਾਹਿਬਾਨ ਦੀ ਚਰਨ ਛੋਹ ਪ੍ਰਾਪਤ ਅਤੇ ਦੂਜੇ ਪਾਤਸ਼ਾਹ ਗੁਰੂ ਅੰਗਦ ਦੇਵ ਜੀ ਵਲੋਂ ਵਰੋਸਾਈ ਨਗਰੀ ਖਡੂਰ ਸਾਹਿਬ ਵਿਚ ਗੁਰੂ ਸਾਹਿਬਾਨ ਦੇ ਕਾਰਜ ਤੋਂ ਪ੍ਰੇਰਿਤ ਹੋ ਕੇ ਬਾਬਾ ਸੇਵਾ ਸਿੰਘ ਵਲੋਂ ਕੀਤੇ ਜਾ ਰਹੇ ਕਾਰਜਾਂ ਦਾ ਵੇਰਵਾ ਇਸ ਪ੍ਰਕਾਰ ਹੈ-

**ਬਾਬਾ ਸੇਵਾ ਸਿੰਘ ਦੀ ਵਾਤਾਵਰਨ ਨੂੰ ਦੇਣ :** ਵਰਤਮਾਨ ਸਮੇਂ ਵਿਚ ਜਦੋਂ ਪ੍ਰਦੂਸ਼ਣ ਦੇ ਜ਼ਹਿਰ ਨਾਲ ਪ੍ਰਾਣੀਆਂ ਦਾ ਦਮ ਘੁੱਟ ਰਿਹਾ ਹੈ, ਅਜਿਹੇ ਸਮੇਂ ਕਾਰ ਸੇਵਾ ਖਡੂਰ ਸਾਹਿਬ ਦੀ ਸੁਚੱਜੀ ਅਗਵਾਈ ਕਰਦਿਆਂ ਬਾਬਾ ਸੇਵਾ ਸਿੰਘ ਨੇ ਵਾਤਾਵਰਨ ਨੂੰ ਸਾਫ-ਸੁਥਰਾ ਬਣਾਉਣ ਲਈ ਵਿਸ਼ੇਸ਼ ਕਦਮ ਚੁੱਕੇ ਹਨ। ਉਹਨਾਂ ਦੀ ਅਗਵਾਈ ਵਿਚ ਕਾਰ ਸੇਵਾ ਅਧੀਨ ਚੱਲ ਰਹੇ ਨਿਸ਼ਾਨ-ਏ-ਸਿੱਖੀ ਚੈਰੀਟੇਬਲ ਟਰੱਸਟ (ਰਜਿ.) ਖਡੂਰ ਸਾਹਿਬ ਵਾਤਾਵਰਨ ਸੰਭਾਲ ਪ੍ਰਾਜੈਕਟ ਤਹਿਤ ਵੱਡੇ ਪੱਧਰ 'ਤੇ ਰੁੱਖ ਲਗਾਉਣ ਦੀ ਮੁਹਿੰਮ ਚਲਾ ਰਿਹਾ ਹੈ। ਇਸ ਮੁਹਿੰਮ ਤਹਿਤ ਸਰਕਾਰੀ ਅਤੇ ਗੈਰ-ਸਰਕਾਰੀ ਸੰਸਥਾਵਾਂ ਦੇ ਸਹਿਯੋਗ ਨਾਲ ਪੰਜਾਬ, ਦਿੱਲੀ, ਰਾਜਸਥਾਨ (ਨਰੈਣਾ, ਮਕਰਾਣਾ) ਅਤੇ ਮੱਧ ਪ੍ਰਦੇਸ਼ (ਗਵਾਲੀਅਰ) ਵਿਚ ਵੱਖ-ਵੱਖ ਵੰਨਗੀਆਂ ਦੇ ਰੁੱਖ ਬਹੁ-ਗਿਣਤੀ ਵਿਚ ਸੜਕਾਂ, ਜਨਤਕ ਥਾਵਾਂ, ਬਾਗ਼ਾਂ ਅਤੇ ਪਿੰਡਾਂ ਵਿਚ ਲਗਾਏ ਜਾ ਚੁੱਕੇ ਹਨ। ਇਸ ਤੋਂ ਇਲਾਵਾ ਬੂਟੇ ਪੈਦਾ ਕਰਨ ਲਈ 'ਗਰੀਨ ਹਾਊਸ' ਵਰਗੀਆਂ ਆਧੁਨਿਕ ਸਹੂਲਤਾਂ ਵਾਲੀਆਂ ਨਰਸਰੀਆਂ ਵੀ ਸਥਾਪਿਤ ਕੀਤੀਆਂ ਗਈਆਂ ਹਨ। ਕਿਸਾਨਾਂ ਨੂੰ ਪ੍ਰੇਰਿਤ ਕਰਕੇ ਹੁਣ ਤੱਕ ਸੈਂਕੜੇ ਏਕੜ ਜ਼ਮੀਨ 'ਤੇ ਫ਼ਲਦਾਰ ਬਾਗ਼ ਲਗਵਾਏ ਜਾ ਚੁੱਕੇ ਹਨ। ਬਾਗ਼ ਬਾਬਾ ਸਾਧੂ ਸਿੰਘ ਗੁਰਦੁਆਰਾ ਤਪਿਆਣਾ ਸਾਹਿਬ (ਖਡੂਰ ਸਾਹਿਬ) ਦੇ ਨਜ਼ਦੀਕ ਲਗਾਇਆ ਗਿਆ ਅਤਿ ਸੁੰਦਰ ਫ਼ਲਦਾਰ ਬਾਗ਼ ਹੈ, ਜਿਸ ਵਿਚ 36 ਪ੍ਰਕਾਰ ਦੇ ਫ਼ਲਦਾਰ ਰੁੱਖ ਹਨ। ਇਸ ਬਾਗ਼ ਦੇ ਫ਼ਲ ਲੰਗਰ ਵਿਚ ਪ੍ਰਸ਼ਾਦ ਦੇ ਰੂਪ ਵਿਚ ਵਰਤਾਏ ਜਾਂਦੇ ਹਨ।

ਸੰਨ 2010 ਤੋਂ ਕਾਰ ਸੇਵਾ ਖਡੂਰ ਸਾਹਿਬ ਵੱਲੋਂ ਹਰ ਘਰ ਵਿਚ ਬੂਟੇ ਲਗਾਉਣ ਦੀ ਮੁਹਿੰਮ ਸ਼ੁਰੂ ਕੀਤੀ ਗਈ ਹੈ। ਇਸ ਮੁਹਿੰਮ ਤਹਿਤ ਨਿਸ਼ਚਿਤ ਸਮੇਂ ਪਿੰਡਾਂ ਵਿਚ ਜਾਣ ਦਾ ਪ੍ਰੋਗਰਾਮ ਉਲੀਕਿਆ ਜਾਂਦਾ ਹੈ ਅਤੇ ਪਿੰਡ ਵਾਸੀਆਂ ਨੂੰ ਵਾਤਾਵਰਨ ਤੇ ਰੁੱਖਾਂ ਸਬੰਧੀ ਲੋੜੀਂਦੀ ਜਾਣਕਾਰੀ ਦੇ ਕੇ ਹਰੇਕ ਘਰ ਵਿਚ ਨਿੰਮ, ਜਾਮੁਨ, ਅੰਬ ਆਦਿ ਬੂਟੇ ਲਗਾਏ ਜਾਂਦੇ ਹਨ।

**ਵਿਦਿਅਕ ਪ੍ਰਾਜੈਕਟ :** ਸ੍ਰੀ ਗੁਰੂ ਅੰਗਦ ਦੇਵ ਜੀ ਦਾ 500 ਸਾਲਾ ਪ੍ਰਕਾਸ਼ ਗੁਰਪੁਰਬ 18 ਅਪ੍ਰੈਲ, 2004 ਨੂੰ ਖਡੂਰ ਸਾਹਿਬ ਵਿਖੇ ਸੰਗਤਾਂ ਦੇ ਭਰਪੂਰ ਸਹਿਯੋਗ ਨਾਲ ਸੰਸਾਰ



ਪੱਧਰ 'ਤੇ ਮਨਾਇਆ ਗਿਆ। ਸ਼ਤਾਬਦੀ ਸਮਾਗਮਾਂ ਦੌਰਾਨ ਬਾਬਾ ਸੇਵਾ ਸਿੰਘ ਜੀ ਵਲੋਂ ਅਧਿਆਤਮਕਤਾ, ਵਿੱਦਿਆ ਅਤੇ ਖੇਡਾਂ ਦੇ ਖੇਤਰ ਵਿਚ ਕਈ ਪਰਿਯੋਜਨਾਵਾਂ ਸ਼ੁਰੂ ਕੀਤੀਆਂ ਗਈਆਂ। ਪਰਿਯੋਜਨਾਵਾਂ ਨੂੰ ਸੁਚਾਰੂ ਢੰਗ ਨਾਲ ਚਲਾਉਣ ਦੇ ਲਈ ਕਾਰ ਸੇਵਾ ਖਡੂਰ ਸਾਹਿਬ ਵੱਲੋਂ 'ਨਿਸ਼ਾਨ-ਏ-ਸਿੱਖੀ ਚੈਰੀਟੇਬਲ ਟਰੱਸਟ (ਰਜਿ.) ਖਡੂਰ ਸਾਹਿਬ' ਦੀ ਸਥਾਪਨਾ ਕੀਤੀ ਗਈ ਅਤੇ ਇੱਕ ਬਹੁ-ਮੰਜ਼ਲੀ ਇਮਾਰਤ 'ਨਿਸ਼ਾਨ-ਏ-ਸਿੱਖੀ' ਦਾ ਨੀਂਹ ਪੱਥਰ ਰੱਖਿਆ ਗਿਆ।

**ਨਿਸ਼ਾਨ-ਏ-ਸਿੱਖੀ :** ਸਿੰਘਾਪੁਰ ਨਿਵਾਸੀ ਕਰਤਾਰ ਸਿੰਘ ਠਕਰਾਲ ਅਤੇ ਪਰਿਵਾਰ ਦੇ ਵਿਸ਼ੇਸ਼ ਸਹਿਯੋਗ ਨਾਲ ਇਸ ਅੱਠ ਮੰਜ਼ਿਲਾ ਪੰਜ-ਭੁਜ ਆਕਾਰ ਵਾਲੀ ਇਮਾਰਤ ਦਾ ਨਿਰਮਾਣ ਲਗਭਗ 5 ਸਾਲਾਂ ਵਿੱਚ ਸੰਪੂਰਨ ਹੋਇਆ। ਕੁਦਰਤੀ ਭੂ-ਦ੍ਰਿਸ਼ (ਲੈਂਡਸਕੇਪਿੰਗ) ਤਰੀਕੇ ਨਾਲ ਕੀਤੇ ਹਰੇ-ਭਰੇ ਵਾਤਾਵਰਣ ਵਿੱਚ ਤਿਆਰ ਹੋਈ ਇਮਾਰਤ ਦੇ ਕੇਂਦਰ ਵਿਚ ਵੱਡਾ ਪਾਰਦਰਸ਼ੀ ਗੁੰਬਦ ਹੋਣ ਕਾਰਨ ਸੂਰਜ ਦੀ ਰੋਸ਼ਨੀ ਮੌਜੂਦ ਰਹਿੰਦਾ ਹੈ ਅਤੇ ਹਵਾ ਕਿਸੇ ਵੀ ਦਿਸ਼ਾ ਵਿੱਚ ਵਗਦੀ ਹੋਵੇ, ਇਮਾਰਤ ਦੇ ਅੰਦਰ ਮਹਿਸੂਸ ਹੁੰਦੀ ਹੈ। ਸ਼ੋਰ-ਰਹਿਤ ਬਿਜਲੀ ਜੈਨਰੇਟਰ, ਜ਼ਰੂਰਤ ਮੁਤਾਬਿਕ ਏਅਰ ਕੰਡੀਸ਼ੰਡ ਕਮਰੇ, ਤਿੰਨ ਲਿਫਟਾਂ, ਪਾਣੀ ਅਤੇ ਹੋਰ ਮੁੱਢਲੀਆਂ ਸਹੂਲਤਾਂ ਦਾ ਵਿਸ਼ੇਸ਼ ਪ੍ਰਬੰਧ ਹੈ। ਘੱਟ ਬਿਜਲੀ ਦੀ ਖਪਤ ਵਾਲੇ ਉਪਕਰਨਾਂ, ਸੁਰੱਖਿਆ ਕੈਮਰਿਆਂ ਅਤੇ ਇੰਟਰਕਾਮ ਫੋਨ ਦੇ ਨਾਲ ਇੰਟਰਨੈਟ ਦੀ ਵਾਈ-ਫਾਈ 4 ਐਮ.ਬੀ.ਪੀ.ਐਸ ਦੀ ਲੀਜ਼ ਲਾਈਨ ਸਰਵਿਸ ਦੀ ਸਹੂਲਤ ਵੀ ਪ੍ਰਦਾਨ ਕੀਤੀ ਗਈ ਹੈ। ਕੈਨੇਡਾ ਨਿਵਾਸੀ ਸਵਰਗਵਾਸੀ ਡਾ. ਰਘਬੀਰ ਸਿੰਘ ਬੈਂਸ ਜੀ ਦੀ ਦੇਖ-ਰੇਖ ਹੇਠ ਇਮਾਰਤ ਦੇ ਹੇਠਲੇ ਹਿੱਸੇ (ਬੇਸਮੈਂਟ) ਵਿੱਚ ਆਧੁਨਿਕ ਹਾਲ (ਆਡੀਟੋਰੀਅਮ) ਬਣਾਇਆ ਗਿਆ ਹੈ, ਜਿਸ ਵਿੱਚ ਗੋਸ਼ਟੀਆਂ, ਭਾਸ਼ਣ ਤੇ ਸੈਮੀਨਾਰ ਕਰਵਾਏ ਜਾਂਦੇ ਹਨ। ਜ਼ਮੀਨੀ ਮੰਜ਼ਿਲ ਉਪਰ ਸਵਾਗਤੀ ਦਫ਼ਤਰ, ਪ੍ਰਬੰਧਕੀ ਬਲਾਕ ਅਤੇ ਕਾਨਫਰੰਸ ਹਾਲ ਦੀ ਸਥਾਪਨਾ ਕੀਤੀ ਗਈ ਹੈ। ਬਾਕੀ ਦੀਆਂ ਮੰਜ਼ਿਲਾਂ ਉਪਰ ਵੱਖ-ਵੱਖ ਇੰਸਟੀਚਿਊਟਾਂ ਲਈ ਪ੍ਰਬੰਧਕੀ ਦਫ਼ਤਰ, ਪੁਸਤਕਾਲੇ (ਲਾਇਬ੍ਰੇਰੀ) ਅਤੇ ਕਲਾਸ ਰੂਮ, ਸਟੱਡੀ ਰੂਮ ਆਦਿ ਦਾ ਪ੍ਰਬੰਧ ਹੈ। ਉਪਰਲੀ ਮੰਜ਼ਿਲ ਵਿੱਚ ਕੰਪਿਊਟਰਾਇਜ਼ਡ ਪੁਸਤਕਾਲਾ ਬਣਾਇਆ ਜਾ ਰਿਹਾ ਹੈ, ਜਿਸ ਵਿੱਚ ਹਰ ਖ਼ੇਤਰ ਨਾਲ ਸਬੰਧਿਤ ਕਿਤਾਬਾਂ ਅਤੇ ਵਿੱਦਿਅਕ ਸੌਫ਼ਟਵੇਅਰ ਉਪਲੱਬਧ ਹੋਣਗੇ।

**ਸ੍ਰੀ ਗੁਰੂ ਅੰਗਦ ਦੇਵ ਇੰਸਟੀਚਿਊਟ ਆਫ਼ ਰਿਲੀਜੀਅਸ ਸਟੱਡੀਜ਼ :** ਗੁਰੂ ਅੰਗਦ ਦੇਵ ਜੀ ਨੇ ਗੁਰਮੁਖੀ ਲਿੱਪੀ ਦਾ ਵਿਕਾਸ ਕਰਦਿਆਂ ਬਾਲ-ਬੋਧ ਤਿਆਰ ਕਰਵਾ ਕੇ ਸੰਗਤਾਂ ਵਿੱਚ ਮੁਹੱਈਆ ਕਰਵਾਏ ਸਨ ਅਤੇ ਗੁਰਮਤਿ ਦੇ ਪਹਿਲੇ ਸਕੂਲ ਦੀ ਸਥਾਪਨਾ ਸੰਨ 2009 ਵਿੱਚ ਕੀਤੀ ਗਈ ਸੀ। ਇਸ ਵਿੱਚ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਤੋਂ ਧਰਮ ਅਧਿਐਨ ਵਿਚ ਬੀ.ਏ. ਅਤੇ ਐਮ.ਏ. (ਆਨਰਜ਼) ਅਤੇ ਗੁਰਮਤਿ ਅਧਿਐਨ ਦਾ ਪੰਜ ਸਾਲਾ ਪੋਸਟ ਗ੍ਰੈਜੂਏਟ ਡਿਪਲੋਮਾ ਕਰਵਾਇਆ ਜਾਂਦਾ ਹੈ। ਇਸ ਇੰਸਟੀਚਿਊਟ ਦਾ ਮਨੋਰਥ ਸ਼ਰਧਾ-ਭਾਵਨਾ ਵਾਲੇ ਉਚ-ਕੋਟੀ ਦੇ ਪ੍ਰਚਾਰਕ, ਵਿਦਵਾਨ, ਖੋਜਕਾਰ, ਅਧਿਆਪਕ ਆਦਿ ਤਿਆਰ ਕਰਨਾ ਹੈ। ਇਸ ਵਿਚ ਵਿਦਿਆਰਥੀਆਂ ਨੂੰ ਧਰਮ ਅਧਿਐਨ ਵਿਚ ਬੀ. ਏ. ਅਤੇ ਐਮ. ਏ. (ਆਨਰਜ਼) ਦੀ ਡਿਗਰੀ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਤੋਂ ਕਰਵਾਉਣ ਦੇ ਨਾਲ-ਨਾਲ ਵਿਸ਼ੇਸ਼ ਤੌਰ 'ਤੇ ਗੁਰਮਤਿ ਦੀ ਵਿੱਦਿਆ ਦਿੱਤੀ ਜਾਂਦੀ ਹੈ।

**ਕੰਪੀਟੀਟਿਵ ਇਮਤਿਹਾਨਾਂ ਦੀ ਤਿਆਰੀ :** ਇਸ ਤਹਿਤ ਵਿਦਿਆਰਥੀਆਂ ਨੂੰ ਬੋਰਡ ਦਾ ਸਿਲੇਬਸ ਪੜ੍ਹਾਏ ਜਾਣ ਦੇ ਨਾਲ-ਨਾਲ ਵਿਸ਼ੇਸ਼ ਤੌਰ 'ਤੇ ਕੰਪੀਟੀਟਿਵ ਪ੍ਰੀਖਿਆਵਾਂ ਜਿਵੇਂ ਆਈ.ਆਈ.ਟੀ, ਏ.ਆਈ.ਪੀ.ਐਮ.ਟੀ, 'ਏਮਜ਼' ਆਦਿ ਲਈ ਤਿਆਰ ਕੀਤਾ ਜਾਂਦਾ ਹੈ, ਤਾਂ ਜੋ ਉਹ ਵੱਕਾਰੀ ਮੈਡੀਕਲ ਅਤੇ ਇੰਜੀਨੀਅਰਿੰਗ ਕਾਲਜਾਂ ਵਿਚ ਦਾਖਲਾ ਲੈ ਸਕਣ। ਇਹ ਪੜ੍ਹਾਈ ਤੇ ਤਿਆਰੀ ਘੱਟ ਫੀਸ 'ਤੇ ਕੋਟਾ (ਰਾਜਸਥਾਨ) ਦੇ ਟਰੇਂਡ ਅਤੇ ਉਚ-ਯੋਗਤਾ ਵਾਲੇ ਅਧਿਆਪਕਾਂ ਰਾਹੀਂ ਕਰਵਾਈ ਜਾਂਦੀ ਹੈ।

**ਸ੍ਰੀ ਗੁਰੂ ਅੰਗਦ ਦੇਵ ਇੰਸਟੀਚਿਊਟ ਆਫ਼ ਕੈਰੀਅਰ ਐਂਡ ਕੋਰਸਿਜ਼ :** ਮਾਇਕ ਪੱਖੋਂ ਕਮਜ਼ੋਰ ਜਾਂ ਬੇਰੁਜ਼ਗਾਰ ਲੜਕੇ-ਲੜਕੀਆਂ ਦੀ ਪੁਲਿਸ ਅਤੇ ਵੱਖ-ਵੱਖ ਸੁਰੱਖਿਆ ਬਲਾਂ ਵਿੱਚ ਭਰਤੀ ਕਰਾਉਣ ਦੇ ਲਈ ਸੇਵਾ-ਮੁਕਤ ਫੌਜੀ ਅਧਿਕਾਰੀਆਂ ਰਾਹੀਂ ਕੋਚਿੰਗ ਅਤੇ ਸਿਖਲਾਈ ਪ੍ਰਦਾਨ ਕੀਤੀ ਜਾਂਦੀ ਹੈ। ਲੜਕੀਆਂ ਨੂੰ ਪੜ੍ਹਾਈ, ਟਰਾਂਸਪੋਰਟ, ਭੋਜਨ, ਰਿਹਾਇਸ਼ ਆਦਿ ਦੀਆਂ ਸਹੂਲਤਾਂ ਮੁਫ਼ਤ ਦਿੱਤੀਆਂ ਜਾ ਰਹੀਆਂ ਹਨ। ਇਸ ਤੋਂ ਸਿਖਲਾਈ ਤੇ ਸਿੱਖਿਆ ਪ੍ਰਾਪਤ ਹੁਣ ਤੱਕ 300 ਤੋਂ ਜਿਆਦਾ ਲੜਕੇ-ਲੜਕੀਆਂ (48 ਲੜਕੇ ਅਤੇ 253 ਲੜਕੀਆਂ) ਪੁਲਿਸ, ਫੌਜ, ਬੀ.ਐਸ. ਐਫ, ਸੀ.ਆਰ.ਪੀ.ਐਫ. ਤੇ ਹੋਰ ਕੇਂਦਰੀ ਸੁਰੱਖਿਆ ਬਲਾਂ ਵਿੱਚ ਭਰਤੀ ਹੋ ਚੁੱਕੇ ਹਨ।

**ਐਨ.ਡੀ.ਏ. ਦੀ ਤਿਆਰੀ :** ਦੇਸ਼ ਅਤੇ ਸਮਾਜ ਦੀ ਸੰਤੁਲਿਤ ਤਰੱਕੀ ਲਈ ਇਮਾਨਦਾਰ ਅਤੇ ਮਿਹਨਤੀ ਅਧਿਕਾਰੀਆਂ (ਅਫ਼ਸਰਾਂ) ਦੀ ਲੋੜ ਹੁੰਦੀ ਹੈ, ਇਸ ਮੰਤਵ ਲਈ ਇਸ ਵਿੰਗ ਦੀ ਸਥਾਪਨਾ ਸੰਨ 2012 ਵਿੱਚ ਕੀਤੀ ਗਈ ਸੀ। ਇਸ ਤਹਿਤ ਸੇਵਾ ਮੁਕਤ ਉਚ ਫੌਜੀ ਅਫ਼ਸਰਾਂ ਅਤੇ ਉਚ ਯੋਗਤਾ ਵਾਲੇ ਅਧਿਆਪਕਾਂ ਰਾਹੀਂ 10+1 ਅਤੇ 10+2 ਦੇ ਵਿਦਿਆਰਥੀਆਂ ਨੂੰ ਘੱਟ ਫੀਸ 'ਤੇ ਬੋਰਡ ਦਾ ਸਿਲੇਬਸ ਪੜ੍ਹਾਏ ਜਾਣ ਦੇ ਨਾਲ-ਨਾਲ ਐਨ.ਡੀ.ਏ. (ਨੈਸ਼ਨਲ ਡਿਫੈਂਸ ਅਕੈਡਮੀ) ਦੇ ਇਮਤਿਹਾਨ ਲਈ ਤਿਆਰ ਕੀਤਾ ਜਾਂਦਾ ਹੈ।

**ਨਿਸ਼ਾਨ-ਏ-ਸਿੱਖੀ ਇੰਟਰਨੈਸ਼ਨਲ ਸਕੂਲ ਖਡੂਰ ਸਾਹਿਬ :** ਲੋਕਾਈ ਦੀ ਮੰਗ ਨੂੰ ਮੁੱਖ ਰਖਦਿਆਂ ਵਲੋਂ ਕਾਰ ਸੇਵਾ ਦੇ ਆਪਣੇ ਅਗਲੇ ਪ੍ਰਾਜੈਕਟ ਤਹਿਤ ਖਡੂਰ ਸਾਹਿਬ ਵਿਖੇ ਕੌਮਾਂਤਰੀ ਪੱਧਰ ਦਾ ਸਕੂਲ ਖੋਲ੍ਹਿਆ ਜਾ ਰਿਹਾ ਹੈ, ਜਿਸ ਦਾ ਨਾਂ 'ਨਿਸ਼ਾਨ-ਏ-ਸਿੱਖੀ ਇੰਟਰਨੈਸ਼ਨਲ ਸਕੂਲ' ਰੱਖਿਆ ਗਿਆ ਹੈ। ਤਕਰੀਬਨ 6 ਏਕੜ ਵਿਚ ਬਣਨ ਵਾਲਾ ਇਹ ਸਕੂਲ ਅਤਿ-ਆਧੁਨਿਕ ਸਹੂਲਤਾਂ ਨਾਲ ਲੈਸ ਹੋਵੇਗਾ। ਇਹ ਸਕੂਲ ਸੀਨੀਅਰ ਸੈਕੰਡਰੀ ਪੱਧਰ ਦਾ ਹੋਵੇਗਾ ਅਤੇ ਸੀ.ਬੀ.ਐਸ.ਈ. ਨਵੀਂ ਦਿੱਲੀ ਨਾਲ ਐਫੀਲੀਏਟਿਡ ਹੋਵੇਗਾ। ਇਸ ਵਿਚ ਦੁਨੀਆ ਦੀ ਨਵੀਨ ਤਕਨਾਲੋਜੀ ਵਰਤੀ ਜਾਵੇਗੀ ਤੇ ਉਚ-ਯੋਗਤਾ ਵਾਲਾ ਅਧਿਆਪਨ ਅਮਲਾ ਭਰਤੀ ਕੀਤਾ ਜਾਵੇਗਾ।

**ਹੋਰ ਅਦਾਰੇ- ਸ੍ਰੀ ਗੁਰੂ ਅੰਗਦ ਦੇਵ ਕਾਲਜ, ਖਡੂਰ ਸਾਹਿਬ:** ਇਹ ਕਾਲਜ ਪੇਂਡੂ ਇਲਾਕੇ ਦੇ ਵਿੱਦਿਆਰਥੀਆਂ ਨੂੰ ਵਿੱਦਿਆ ਰੂਪੀ ਚਾਨਣ ਦੇ ਰਿਹਾ ਹੈ। ਇਸ ਕਾਲਜ ਵਿਚ ਐਮ.ਏ. (ਪੰਜਾਬੀ), ਐਮ. ਐਸ. ਸੀ. (ਆਈ.ਟੀ), ਬੀ.ਸੀ.ਏ, ਬੀ.ਬੀ.ਏ, ਬੀ.ਐਸ.ਸੀ. (ਆਈ.ਟੀ), ਬੀ.ਐਸ. ਸੀ. (ਕੰਪਿਊਟਰ ਸਾਇੰਸ), ਬੀ.ਐਸ.ਸੀ. (ਅਰਥ ਸ਼ਾਸਤਰ), ਬੀ.ਕਾਮ. (ਪ੍ਰੋਫੈਸ਼ਨਲ), ਬੀ.ਕਾਮ. (ਰੈਗੂਲਰ), ਬੀ.ਏ, +1 ਅਤੇ +2 (ਆਰਟਸ), ਪੀ.ਜੀ.ਡੀ.ਸੀ.ਏ, ਡੀ.ਸੀ.ਏ, ਡਿਪਲੋਮਾ ਇਨ ਰੈਫਰੀਜਰੇਸ਼ਨ ਅਤੇ ਏਅਰ ਕੰਡੀਸ਼ਨਿੰਗ, ਡਿਪਲੋਮਾ ਆਫ ਇਲੈਕਟਰੀਸ਼ਨ, ਡਿਪਲੋਮਾ ਇਨ ਸਟਿਚਿੰਗ ਐਂਡ ਟੇਲਰਿੰਗ ਕਰਵਾਏ ਜਾਂਦੇ ਹਨ।

ਸ੍ਰੀ ਗੁਰੂ ਅੰਗਦ ਦੇਵ ਕਾਲਜ ਆਫ ਐਜੂਕੇਸ਼ਨ ਖਡੂਰ ਸਾਹਿਬ : ਸੰਨ 2004 ਵਿਚ ਮਨਾਏ ਗਏ ਸ੍ਰੀ ਗੁਰੂ ਅੰਗਦ ਦੇਵ ਜੀ ਦੇ 500 ਸਾਲਾ ਪ੍ਰਕਾਸ਼ ਗੁਰਪੁਰਬ ਨੂੰ ਸਮਰਪਿਤ ਸਥਾਪਿਤ ਕੀਤਾ ਗਿਆ ਇਹ ਕਾਲਜ, ਸ਼ਾਨਦਾਰ ਅਤੇ ਹਵਾਦਾਰ ਇਮਾਰਤ ਵਿੱਚ ਵਿੱਦਿਆਰਥੀਆਂ ਨੂੰ ਯੋਗ ਅਧਿਆਪਕਾਂ ਤੋਂ ਇਲਾਵਾ ਹਰ ਸੰਭਵ ਲੋੜੀਂਦੀਆਂ ਸਹੂਲਤਾਂ ਮੁਹੱਈਆ ਕਰਵਾ ਰਿਹਾ ਹੈ ਤੇ ਹਰ ਸਾਲ 100 ਵਿੱਦਿਆਰਥੀਆਂ ਨੂੰ ਇਥੇ ਬੀ.ਐਡ. ਕਰਾਈ ਜਾਂਦੀ ਹੈ। ਐਨ.ਸੀ.ਟੀ.ਈ. ਜੈਪੁਰ ਵੱਲੋਂ ਕਾਲਜ ਨੂੰ ਈ.ਟੀ.ਟੀ (ਡੀ. ਐਲ.ਐਡ) ਕੋਰਸ 50 ਵਿਦਿਆਰਥੀਆਂ ਲਈ ਸ਼ੁਰੂ ਕਰਨ ਦੀ ਪ੍ਰਵਾਨਗੀ ਵੀ ਮਿਲ ਗਈ ਹੈ।

**ਬਾਬਾ ਗੁਰਮੁਖ ਸਿੰਘ ਬਾਬਾ ਉਤਮ ਸਿੰਘ ਸੀਨੀਅਰ ਸੈਕੰਡਰੀ ਸਕੂਲ, ਖਡੂਰ ਸਾਹਿਬ :** ਬਾਬਾ ਉਤਮ ਸਿੰਘ ਜੀ ਵੱਲੋਂ ਸਮੇਂ ਦੀ ਮੰਗ ਨੂੰ ਮੁੱਖ ਰੱਖਦੇ ਹੋਏ ਇਹ ਸਕੂਲ ਸੰਨ 1984 ਵਿਚ ਸ਼ੁਰੂ ਕੀਤਾ ਗਿਆ ਸੀ। ਸਕੂਲ ਦਾ ਉਦੇਸ਼ ਪੇਂਡੂ ਬੱਚਿਆਂ ਨੂੰ ਮਿਆਰੀ ਅਤੇ ਸਸਤੀ ਵਿੱਦਿਆ ਦੇ ਕੇ ਗੁਰਸਿੱਖੀ ਅਸੂਲਾਂ 'ਤੇ ਚਲਦਿਆਂ ਸਮੇਂ ਦੇ ਹਾਣੀ ਬਣਾਉਣਾ ਹੈ। ਇਸ ਵਿਚ 2300 ਦੇ ਕਰੀਬ ਵਿੱਦਿਆਰਥੀ ਵਿੱਦਿਆ ਪ੍ਰਾਪਤ ਕਰ ਰਹੇ ਹਨ। ਪੜ੍ਹਾਈ ਦੇ ਨਾਲ-ਨਾਲ ਸਕੂਲ ਵਿਚ ਧਾਰਮਿਕ ਅਤੇ ਕੰਪਿਊਟਰ ਵਿੱਦਿਆ ਵੱਲ ਵਿਸ਼ੇਸ਼ ਧਿਆਨ ਦਿੱਤਾ ਜਾ ਰਿਹਾ ਹੈ। ਸਾਇੰਸ ਦੀ ਪੜ੍ਹਾਈ ਬਹੁਤ ਹੀ ਉਚ ਅਤੇ ਮਿਆਰੀ ਪੱਧਰ ਦੀ ਕਰਵਾਈ ਜਾਂਦੀ ਹੈ, ਤਾਂ ਕਿ ਇਥੋਂ ਦੇ ਪੜ੍ਹੇ ਬੱਚੇ ਚੰਗੇ ਤੇ ਵਧੀਆ ਮੈਡੀਕਲ ਅਤੇ ਇੰਜੀਨੀਅਰਿੰਗ ਕਾਲਜਾਂ ਵਿਚ ਦਾਖਲ ਹੋ ਸਕਣ। ਇਸ ਲਈ ਸਕੂਲ ਵਿੱਚ ਆਧੁਨਿਕ ਤਕਨੀਕ ਵਾਲੀਆਂ ਲੈਬਾਂ ਤਿਆਰ ਕੀਤੀਆਂ ਗਈਆਂ ਹਨ। ਇਹ ਸਕੂਲ ਕੋ-ਐਜੂਕੇਸ਼ਨਲ ਹੈ।

# ਗੁਰੂ ਨਾਨਕ ਜੀ ਨਾਲ ਸਬੰਧਿਤ ਇਤਿਹਾਸਕ ਕਾਲੀ ਵੇਈਂ ਨਦੀ 'ਚ ਸੁੱਟਿਆ ਜਾ ਰਿਹੈ ਗੰਦਾ ਪਾਣੀ

**ਜਲੰਧਰ/ਬਿਊਰੋ ਨਿਊਜ਼ :** ਗੁਰੂ ਨਾਨਕ ਸਾਹਿਬ ਜੀ ਦੇ ਇਤਿਹਾਸ ਤੇ ਸਿੱਖ ਫਲਸਫੇ ਦੇ ਜਨਮ ਨਾਲ ਜੁੜੀ ਪਵਿੱਤਰ ਕਾਲੀ ਵੇਈਂ ਪ੍ਰਤੀ ਸਰਕਾਰੀ ਬੇਰੁਖੀ ਕਾਰਨ ਇਸ ਦਾ ਵਹਾਅ ਰੁਕਿਆ ਹੋਇਆ ਹੈ। ਸਰਕਾਰ ਵੱਲੋਂ ਹੁਸ਼ਿਆਰਪੁਰ ਦੇ ਟੇਰਕੀਆਣਾ ਅਤੇ ਕਾਜਲੀ ਤੋਂ ਵੇਈਂ ਵਿਚ ਛੱਡਿਆ ਜਾਂਦਾ ਸਾਫ਼ ਪਾਣੀ ਬਿਲਕੁਲ ਬੰਦ ਪਿਆ ਹੈ। ਵੇਈਂ ਵਿਚ ਕਪੂਰਥਲਾ ਅਤੇ ਸੈਦੋਭਾਲਣਾ ਦੀਆਂ ਕਲੋਨੀਆਂ ਸਮੇਤ ਹੋਰ ਕਈ ਥਾਵਾਂ ਤੋਂ ਗੰਦਾ ਪਾਣੀ ਨਿਰੰਤਰ ਪੈ ਰਿਹਾ ਹੈ ਜਿਸ ਕਾਰਨ ਸੰਗਤ ਨੂੰ ਮਜਬੂਰਨ ਇਸ ਦੂਸ਼ਿਤ ਪਾਣੀ ਵਿਚ ਹੀ ਇਸ਼ਨਾਨ ਕਰਨੇ ਪੈਣਗੇ। ਗੌਰਤਲਬ ਹੈ ਕਿ ਪੰਜਾਬ ਸਰਕਾਰ ਗੁਰੂ ਨਾਨਕ ਦੇਵ ਜੀ ਦਾ 549ਵਾਂ ਪ੍ਰਕਾਸ਼ ਪੁਰਬ ਵੱਡੀ ਪੱਧਰ 'ਤੇ ਮਨਾਉਣ ਜਾ ਰਹੀ ਹੈ ਤੇ ਪ੍ਰਕਾਸ਼ ਪੁਰਬ ਮੌਕੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵੱਲੋਂ ਥੋਕ ਵਿਚ ਨੀਂਹ ਪੱਥਰ ਰੱਖ ਕੇ ਸਾਲ ਭਰ ਚੱਲਣ ਵਾਲੇ ਸਮਾਗਮਾਂ ਦੀ ਸ਼ੁਰੂਆਤ ਹੋਣੀ ਹੈ ਪਰ ਅਜਿਹੇ ਮੌਕੇ ਵੀ ਪ੍ਰਦੂਸ਼ਿਤ ਹੋ ਚੁੱਕੀ ਗੁਰੂ ਨਾਨਕ ਸਾਹਿਬ ਦੀਆਂ ਯਾਦਾਂ ਨਾਲ ਜੁੜੀ ਵੇਈਂ ਨੂੰ ਸਾਫ ਰੱਖਣ ਜਾਂ ਕਰਨ ਦੇ ਉਪਰਾਲੇ ਸਰਕਾਰੀ ਪੱਧਰ ਉਤੇ ਨਹੀਂ ਹੋ ਸਕੇ ਹਨ। ਕਾਬਲੇਗੌਰ ਹੈ ਕਿ ਸਾਲ 2006 ਵਿਚ ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਨੇ ਹੀ ਕਾਲੀ ਵੇਈਂ ਨੂੰ ਪਵਿੱਤਰ ਵੇਈਂ ਐਲਾਨਿਆ ਸੀ। ਦੱਸਣਯੋਗ ਹੈ ਕਿ ਸਿੱਖ ਸੰਗਤਾਂ ਅਤੇ ਬਾਬਾ ਸੀਚੇਵਾਲ ਦੀਆਂ ਕੋਸ਼ਿਸ਼ਾਂ ਨਾਲ ਵੇਈਂ ਨੂੰ ਮੁੜ ਸੁਰਜੀਤ ਕੀਤੇ ਜਾਣ ਨਾਲ ਇਹ ਦੇਸ਼ ਦੇ ਦੂਜੇ ਦੂਸ਼ਿਤ ਦਰਿਆਵਾਂ ਨੂੰ ਸਾਫ਼ ਕਰਨ ਦੇ ਮਾਡਲ ਵਜੋਂ ਵੀ ਉਭਰੀ ਹੈ। ਪੰਜਾਬ ਦੇ ਦੂਸ਼ਿਤ ਦਰਿਆਵਾਂ ਵਿਰੁੱਧ ਲੋਕਾਂ ਨੂੰ ਜਾਗਰੂਕ ਕਰਨ ਦੀ ਮੁਹਿੰਮ ਚਲਾਉਣ ਵਾਲੇ ਬਾਬਾ ਸੀਚੇਵਾਲ ਨੂੰ ਸਾਲ 2009 ਵਿੱਚ ਪੰਜਾਬ ਸਰਕਾਰ ਨੇ ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਦਾ ਮੈਂਬਰ ਵੀ ਬਣਾਇਆ ਹੋਇਆ ਹੈ ਤੇ ਭਾਰਤ ਸਰਕਾਰ ਨੇ ਉਨ੍ਹਾਂ ਨੂੰ ਪਦਮਸ਼੍ਰੀ ਨਾਲ ਵੀ ਨਿਵਾਜਿਆ ਹੈ। ਇਸ ਸਭ ਕੁਝ ਦੇ ਬਾਵਜੂਦ ਗੁਰੂ ਨਾਨਕ ਸਾਹਿਬ ਜੀ ਦੇ 549ਵੇਂ ਪ੍ਰਕਾਸ਼ ਦਿਹਾੜੇ ਤਕ ਕਾਲੀ ਵੇਈਂ ਵਿਚ ਗੰਦਾ ਪਾਣੀ ਬ-ਦਸਤੂਰ ਜਾ ਰਿਹਾ ਹੈ। ਹਾਲ ਹੀ ਵਿਚ 14 ਨਵੰਬਰ ਨੂੰ ਨੈਸ਼ਨਲ ਗ੍ਰੀਨ ਟ੍ਰਿਬਿਊਨਲ ਦੇ ਆਏ ਫੈਸਲੇ ਵਿਚ ਪੰਜਾਬ ਸਰਕਾਰ ਨੂੰ 50 ਕਰੋੜ ਦਾ ਜੁਰਮਾਨਾ ਵੀ ਹੋਇਆ ਹੈ। ਸੰਤ ਸਮਾਜ ਦੀ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨਾਲ ਉਨ੍ਹਾਂ ਦੀ ਸਰਕਾਰੀ ਰਿਹਾਇਸ਼ 'ਤੇ ਹੋਈ ਮੀਟਿੰਗ ਦੌਰਾਨ ਵੀ ਪਵਿੱਤਰ ਕਾਲੀ ਵੇਈਂ ਵਿਚ 550 ਕਿਊਸਿਕ ਸਾਫ਼ ਪਾਣੀ ਛੱਡਣ ਦੀ ਮੰਗ ਕੀਤੀ ਗਈ ਸੀ ਤਾਂ ਜੋ ਇਸ ਦੀ ਸਫ਼ਾਈ ਰੱਖਣ ਵਿਚ ਅਸਾਨੀ ਹੋ ਸਕੇ। ਸਾਫ਼ ਪਾਣੀ ਵੇਈਂ ਵਿਚ ਨਹੀਂ ਛੱਡਿਆ ਜਾ ਰਿਹਾ ਤੇ ਗ਼ੈਰ-ਕਾਨੂੰਨੀ ਤੌਰ 'ਤੇ ਪੈ ਰਿਹਾ ਗੰਦਾ ਪਾਣੀ ਰੋਕਿਆ ਨਹੀਂ ਜਾ ਰਿਹਾ।

# ਮੰਗਲ ਗ੍ਰਹਿ ਦੇ ਰਹੱਸਾਂ ਨੂੰ ਜਾਣਨ ਲਈ ਨਾਸਾ ਦਾ 'ਇਨਸਾਈਟ' ਮੰਗਲ ਗ੍ਰਹਿ 'ਤੇ ਪੁੱਜਿਆ

**ਵਾਸ਼ਿੰਗਟਨ/ਬਿਊਰੋ ਨਿਊਜ਼ :** ਮੰਗਲ ਗ੍ਰਹਿ ਦੀ ਪਥਰੀਲੀ ਸਤਹਿ ਦੇ ਰਹੱਸਾਂ ਨੂੰ ਜਾਣਨ ਲਈ ਖਾਸ ਤੌਰ 'ਤੇ ਤਿਆਰ ਕੀਤਾ ਗਿਆ ਨਾਸਾ ਦਾ ਰੋਬੋਟਿਕ 'ਇਨਸਾਈਟ ਲੈਂਡਰ' ਛੇ ਮਹੀਨਿਆਂ ਮਗਰੋਂ ਮੰਗਲ ਗ੍ਰਹਿ ਦੀ ਸਤਹਿ ਉੱਤੇ ਪੁੱਜ ਗਿਆ ਹੈ। ਇਹ ਜਾਣਕਾਰੀ ਨਾਸਾ ਨੇ ਦਿੱਤੀ। 'ਇਨਸਾਈਟ ਮਿਸ਼ਨ ਟੀਮ' ਨੇ ਦੱਸਿਆ ਕਿ ਪੁਲਾੜ ਵਾਹਨ ਵੱਲੋਂ ਭੇਜੇ ਸਿਗਨਲਾਂ ਤੋਂ ਪਤਾ ਲੱਗਦਾ ਹੈ ਕਿ ਇਸ ਦੇ ਸੂਰਜੀ ਪੈਨਲ ਖੁੱਲ੍ਹੇ ਹਨ ਅਤੇ ਮੰਗਲ ਗ੍ਰਹਿ ਦੀ ਸਤਹਿ ਤੋਂ ਸੂਰਜ ਦੀ ਰੌਸ਼ਨੀ ਇਕੱਠੀ ਕਰ ਰਹੇ ਹਨ। ਨਾਸਾ ਦੇ ਓਡੀਸੀ ਆਰਬਿਟਰ ਨੇ ਮੰਗਲ ਗ੍ਰਹਿ ਉੱਤੇ ਪੁੱਜਣ ਦੇ ਸਿਗਨਲ ਭੇਜੇ ਜੋ ਧਰਤੀ ਉੱਤੇ ਲਗਪਗ ਸ਼ਾਮੀਂ 5.30 ਵਜੇ ਮਿਲੇ। ਓਡੀਸੀ ਨੇ ਦੋ ਤਸਵੀਰਾਂ ਵੀ ਭੇਜੀਆਂ ਹਨ ਜਿਨ੍ਹਾਂ ਤੋਂ ਇਨਸਾਈਟ ਦੀ ਲੈਂਡਿੰਗ ਸਾਈਟ ਬਾਰੇ ਪਤਾ ਲੱਗ ਰਿਹਾ ਹੈ। ਜ਼ਿਕਰਯੋਗ ਹੈ ਕਿ ਇਹ ਸਪੇਸ ਵਾਹਨ ਅਮਰੀਕਾ ਦੇ ਕੈਲੀਫੋਰਨੀਆ ਸਥਿਤ ਵੈਂਡਨਬਰਗ ਏਅਰਫੋਰਸ ਬੇਸ ਤੋਂ 5 ਮਈ ਨੂੰ ਭੇਜਿਆ ਗਿਆ ਸੀ। ਨਾਸਾ ਦੇ ਪ੍ਰਸ਼ਾਸਕ ਜਿਮ ਬ੍ਰਿਡਨਸਟਾਈਨ ਨੇ ਕਿਹਾ,'ਅੱਜ, ਮਨੁੱਖੀ ਇਤਿਹਾਸ ਵਿਚ ਅੱਠਵੀਂ ਵਾਰ ਸਫ਼ਲਤਾਪੂਰਵਕ ਢੰਗ ਨਾਲ ਮੰਗਲ ਗ੍ਰਹਿ ਉੱਤੇ ਪੁੱਜ ਗਏ ਹਾਂ।' ਉਨ੍ਹਾਂ ਦੱਸਿਆ,'ਇਨਸਾਈਟ ਮੰਗਲ ਗ੍ਰਹਿ ਦੇ ਵਾਤਾਵਰਨ ਦਾ ਅਧਿਐਨ ਕਰੇਗਾ ਅਤੇ ਸਾਨੂੰ ਅਹਿਮ ਜਾਣਕਾਰੀ ਦੇਵੇਗਾ ਜਿਸ ਤੋਂ ਸਾਨੂੰ ਚੰਦਰਮਾ ਅਤੇ ਬਾਅਦ ਵਿਚ ਮੰਗਲ ਗ੍ਰਹਿ ਉੱਤੇ ਪੁਲਾੜ ਵਿਗਿਆਨੀ ਭੇਜਣ ਵਿਚ ਮਦਦ ਮਿਲੇਗੀ।' ਮੰਗਲ ਗ੍ਰਹਿ ਉੱਤੇ ਪੁੱਜਣ ਸਬੰਧੀ ਸੰਦੇਸ਼ ਕੈਲੀਫੋਰਨੀਆ ਵਿਚ ਸਥਿਤ ਜੈੱਟ ਪ੍ਰੋਪਲਸ਼ਨ ਲੈਬਾਰਟਰੀ ਤੱਕ ਨਾਸਾ ਦੇ ਕਿਊਬਸੈਟ ਰਾਹੀਂ ਪੁੱਜਾ, ਜਿਸਨੂੰ ਇਸੇ ਪੁਲਾੜ ਵਾਹਨ ਰਾਹੀਂ ਪਹਿਲਾਂ ਭੇਜਿਆ ਗਿਆ ਸੀ।


Sir Speedy Tustin
Printers to the Community
SUBWAY eat fresh.
OPEN 24 HOURS
7 ELEVEN
DRY CLEANER
LIQUOR
PIZZA
Outdoor 3'x11' Promo Flag
Only $29/-
Pole & Spike $55/-
GURU NANAK SIKH TEMPLE
FAIRFIELD
Visit Our Website:
www.FairfieldGurudwara.com
Outdoor 3'x6' Durable Banner
All weather, durable to sunlight, rain and wear & tear. Text only.
Only $69/-
ਬਾਲਟੀਮੋਰ ਸਿੱਖ ਸੁਸਾਇਟੀ
Baltimore Sikh Society Inc.
Receipt Books
Customized with your information and design. 2 part carbonless with numbering and perforation.
Call for Price
Love
Cartier
Retractable 33"x 80" Banner
Includes stand and carry bag. Hi-res imaging, durable and Brilliant colors!
Only $225/-
7 ELEVEN
OPEN 24 HOURS
OPEN HOUSE!
Welcome
Century 21
Call Toll Free: 855 360-HOME
All Weather 18"x24" Yard Signs
Includes H-stakes. Single sided, durable to sunlight and rain. Reusable!
$49/- for 4
ਲੱਖ ਲੱਖ ਵਧਾਈ
11" Printed Balloons
Printed with your logo and info. One color, one location. Min. qty 1000
19¢ each
YOUR LOGO OR MESSAGE PRINTED HERE
White T-Shirts, 1 color screen printing in 1 position. Min Qty. 100
Your Printed T-Shirts
Only $4.99
YOUR LOGO HERE
1 color in 1 position. Min Qty. 100
Your Printed Caps
Only $4.99
DAILY TRIP ENVELOPE
Trip Envelopes Qty 1000
Only $199/-
What we can do for you today?
• Printing & Copying
• Creative Services
• Mailing Services
• Mailing List Aquisition
• Signs Posters & Banners
• Promotional Producst
• Website design and development
1045 East Main Street, Tustin, CA 92780
Call 562-881-7430
Fax: 714-731-8931
E-mail: sirspeedy_tustin@yahoo.com
www.sirspeedy.com/tustin
Jagjit Singh Bains
CUSTOMIZED SWEET BOXES
Thank You
South Asian Wedding Cards
CALL NOW

## ਗੁਰਦੁਆਰਾ ਸਾਹਿਬ ਫਰੀਮੌਂਟ ਵਿਚ ਗੁਰਪੁਰਬ ਮੌਕੇ ਕਿਰਪਾਨ ਨਾਲ ਹਮਲਾ, ਇਕ ਜ਼ਖ਼ਮੀ

ਇਸ ਲਈ ਬਦਲਿਆ ਜਾਵੇ। ਰੰਗ ਦਾ ਮਸਲਾ ਸੰਗਤ ਤਕ ਵੀ ਪਹੁੰਚਿਆ ਅਤੇ ਸੰਗਤ ਵਿਚੋਂ ਦੋਵੇਂ ਤਰਾਂ ਦੇ ਵਿਚਾਰ ਆਉਣ ਲੱਗੇ। ਕਈ ਮੈਂਬਰਾਂ ਨੂੰ ਰੰਗ ਬਹੁਤ ਪਸੰਦ ਆਇਆ ਅਤੇ ਕਈਆਂ ਨੂੰ ਪਸੰਦ ਨਹੀਂ ਸੀ। ਕਮੇਟੀ ਨੇ, ਜਿਸ ਸੇਵਾਦਾਰ ਪਰਿਵਾਰ ਨੇ ਰੰਗ ਕਰਵਾਇਆ ਸੀ, ਉਸ ਨਾਲ ਗੱਲ ਕਰਕੇ ਇਸ ਦਾ ਹੱਲ ਕੱਢਣ ਦਾ ਭਰੋਸਾ ਦਿੱਤਾ ਪਰ ਹਰਜੀਤ ਸਿੰਘ ਤੇ ਦਰਸ਼ਨ ਸਿੰਘ ਸੰਧੂ ਨੇ ਜੁਆਬ ਦੀ ਉਡੀਕ ਕੀਤੇ ਬਿਨਾ ਹੀ ਸਕੂਲ ਦੇ ਛੋਟੇ ਬੱਚਿਆਂ ਨੂੰ ਨਾਲ ਲੈ ਕੇ ਆਪ ਹੀ ਰੰਗ ਬਦਲਣ ਦਾ ਕੰਮ ਸ਼ੁਰੂ ਕਰ ਦਿੱਤਾ। ਉਸ ਵੇਲੇ ਦੀਵਾਨ ਹਾਲ ਵਿਚ ਸ੍ਰੀ ਅਖੰਡ ਪਾਠ ਸਾਹਿਬ ਦਾ ਪਾਠ ਹੋ ਰਿਹਾ ਸੀ ਅਤੇ ਕੁਝ ਕਮੇਟੀ ਮੈਂਬਰਾਂ ਅਤੇ ਸੰਗਤ ਵਿਚੋਂ ਵੀ ਸਿੱਖਾਂ ਨੇ ਆਕੇ ਦਰਸ਼ਨ ਸਿੰਘ ਅਤੇ ਹਰਜੀਤ ਸਿੰਘ ਨੂੰ ਬਹੁਤ ਬੇਨਤੀਆਂ ਕੀਤੀਆਂ ਪਰ ਇਹਨਾਂ ਨੇ ਕਿਸੇ ਦੀ ਇਕ ਨਾ ਮੰਨੀ। ਮੌਕੇ ਤੇ ਹਾਜ਼ਰ ਲੋਕਾਂ ਨੇ ਦੱਸਿਆ ਕਿ ਆਪਸੀ ਬਹਿਸ ਦੌਰਾਨ ਉਕਤ ਦੋਵਾਂ ਨੇ ਤਲਖੀ ਵਿਚ ਆ ਕੇ ਗੁਰੂ ਗਰੰਥ ਸਾਹਿਬ ਦੀ ਹਾਜ਼ਰੀ ਵਿਚ ਗਾਲੀ-ਗਲੋਚ ਵੀ ਕੀਤਾ। ਇਸੇ ਦੌਰਾਨ ਦਰਸ਼ਨ ਸਿੰਘ ਨੇ ਸ੍ਰੀ-ਸਾਹਿਬ ਨਾਲ ਕੰਵਲਜੀਤ ਸਿੰਘ ਉਤੇ ਹਮਲਾ ਕਰ ਦਿੱਤਾ। ਕੰਵਲਜੀਤ ਸਿੰਘ ਨੂੰ ਜ਼ਖਮੀ ਹਾਲਤ ਵਿਚ ਫ਼ੌਰੀ ਹਸਪਤਾਲ ਪਹੁੰਚਾਇਆ ਗਿਆ, ਜਿਸ ਦੇ ਸਿਰ ਵਿਚ ਟਾਂਕੇ ਲੱਗੇ ਹਨ।

ਗੌਰਤਲਬ ਹੈ ਕਿ ਹਰਜੀਤ ਸਿੰਘ ਪਹਿਲਾਂ ਚਾਰ ਸਾਲ ਗੁਰਦੁਆਰਾ ਸਾਹਿਬ ਦੀ ਪ੍ਰਬੰਧਕ ਕਮੇਟੀ ਵਿਚ ਰਹਿ ਚੁੱਕਾ ਹੈ। ਸਿੱਖ ਸੰਗਤ ਵਿਚ ਪਹਿਲਾਂ ਵੀ ਇਸ ਦੀਆਂ ਕਥਿਤ ਆਪਹੁਦਰੀਆਂ ਚਰਚਾ ਦਾ ਵਿਸ਼ਾ ਰਹੀਆਂ ਹਨ। ਸਿੱਖ ਸੰਗਤਾਂ ਦਾ ਕਹਿਣਾ ਸੀ ਕਿ ਇਥੇ ਅਜਿਹਾ ਪਹਿਲੀ ਵਾਰ ਵਾਪਰਿਆ ਹੈ ਜਦੋਂ ਕਿਸੇ ਨੇ ਆਪਣੀ ਸਿਆਸਤ ਦੀ ਪੂਰਤੀ ਲਈ ਖਾਲਸਾ ਸਕੂਲ ਦੇ ਬੱਚਿਆਂ ਨੂੰ ਵੀ ਢਾਲ ਵਾਂਗ ਵਰਤਿਆ ਹੋਵੇ।

ਫਰੀਮਾਂਟ ਪੁਲਿਸ ਨੇ ਦਰਸ਼ਨ ਸਿੰਘ ਸੰਧੂ ਨੂੰ ਮੌਕੇ ਉਤੇ ਹੀ ਗ੍ਰਿਫਤਾਰ ਕਰ ਲਿਆ ਅਤੇ ਉਸ ਉਤੇ ਤੇਜ਼ਧਾਰ ਹਥਿਆਰ ਨਾਲ ਹਮਲਾ ਕਰਨ ਦੇ ਦੋਸ਼ ਲੱਗੇ ਹਨ। ਦੋਸ਼ ਸਾਬਿਤ ਹੋਣ ਦੀ ਸੂਰਤ ਵਿਚ ਉਸ ਨੂੰ ਤਿੰਨ ਸਾਲ ਤਕ ਦੀ ਜੇਲ ਹੋ ਸਕਦੀ ਹੈ।

### ਹਮਲੇ ਦੇ ਚਸ਼ਮਦੀਦ ਗਵਾਹ ਵੱਲੋਂ ਦੱਸੀ ਕਹਾਣੀ

ਇਜਾਜ਼ਤ ਲੈ ਕੇ, ਜਿੱਥੇ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਹੁੰਦਾ ਹੈ, ਪਾਲਕੀ ਉਤੇ ਸੁਰਮਈ ਰੰਗ ਕਰ ਦਿੱਤਾ। ਇਸ ਬਾਬਤ ਹਰਜੀਤ ਸਿੰਘ ਨੇ ਇਹ ਕਹਿੰਦਿਆਂ ਇਤਰਾਜ਼ ਪ੍ਰਗਟ ਕੀਤਾ ਕਿ ਉਸ ਨੂੰ ਅਤੇ ਕੁਝ ਬੱਚਿਆਂ ਨੂੰ ਉਹ ਰੰਗ ਪਸੰਦ ਨਹੀਂ ਅਤੇ ਕਮੇਟੀ ਇਸ ਰੰਗ ਨੂੰ ਤੁਰੰਤ ਬਦਲੇ। ਇਸ ਮੁੱਦੇ ਨੂੰ ਲੈ ਕੇ ਸੁਪਰੀਮ ਕੌਂਸਲ ਮੈਂਬਰ ਹਰਮਿੰਦਰ ਸਿੰਘ ਨੇ ਮੀਟਿੰਗ ਸੱਦ ਲਈ, ਜਦੋਂਕਿ ਇਸ ਮਹਿਕਮੇ ਦਾ ਇੰਚਾਰਜ ਜਸਵਿੰਦਰ ਸਿੰਘ ਜੰਡੀ ਸੀ। ਉਸ ਮੀਟਿੰਗ ਵਿੱਚ ਸੁਪਰੀਮ ਕੌਂਸਲ ਵੱਲੋਂ ਸਿਰਫ ਹਰਮਿੰਦਰ ਸਿੰਘ ਹੀ ਆਇਆ। ਦੂਜੇ ਪਾਸਿਓਂ ਹਰਜੀਤ ਸਿੰਘ, ਦਰਸ਼ਨ ਸਿੰਘ ਤੇ ਦੋ ਤਿੰਨ ਬੱਚੇ ਆਏ।

ਜਸਵਿੰਦਰ ਸਿੰਘ ਜੰਡੀ ਜੋ ਬਿਲਡਿੰਗ ਮੇਨਟਨੈਂਸ ਦਾ ਇੰਚਾਰਜ ਹੈ, ਨੇ ਰੰਗ ਆਦਿ ਬਦਲਣ ਦੀ ਕੋਈ ਪ੍ਰਵਾਨਗੀ ਨਾ ਦਿੱਤੀ ਅਤੇ ਬੇਨਤੀ ਕੀਤੀ ਕਿ ਜਿਸ ਪਰਿਵਾਰ ਨੇ ਸ਼ਰਧਾ ਨਾਲ ਰੰਗ ਕਰਾਇਆ ਹੈ, ਆਪਾਂ ਉਹਨਾਂ ਦੀ ਸਹਿਮਤੀ ਨਾਲ ਦੋ ਤਿੰਨ ਮਹੀਨਿਆਂ ਤਕ ਬਦਲ ਦੇਵਾਂਗੇ। ਸਭ ਨੂੰ ਲੱਗਿਆ ਕਿ ਮਸਲਾ ਹੱਲ ਹੋ ਗਿਆ ਹੈ।

**ਗਵਾਹ ਦੀ ਜ਼ੁਬਾਨੀ :** "ਇਸ ਮਸਲੇ ਵਿੱਚ ਹਰਜੀਤ ਸਿੰਘ ਤੇ ਦਰਸ਼ਨ ਸਿੰਘ ਨੇ ਬੱਚਿਆਂ ਦਾ ਗਲਤ ਇਸਤੇਮਾਲ ਕੀਤਾ। ਇੱਕ ਪਰਿਵਾਰ ਨੇ ਦੱਸਿਆ ਕਿ ਸਾਨੂੰ ਇਹੀ ਕਿਹਾ ਗਿਆ ਕਿ ਰੰਗ ਦੀ ਕਾਰ ਸੇਵਾ ਕਰਨੀ ਹੈ। ਉਨਾਂ ਦੇ ਕਹਿਣ ਮੁਤਾਬਕ ਉਹਨਾਂ ਨੂੰ ਪਤਾ ਨਹੀਂ ਸੀ ਕਿ ਹਰਜੀਤ ਸਿੰਘ ਹੁਰਾਂ ਨੇ ਕਮੇਟੀ ਤੋਂ ਮਨਜ਼ੂਰੀ ਨਹੀਂ ਲਈ

ਇਨਾਂ ਨੇ ਬੱਚਿਆਂ ਨੂੰ ਇਸ ਕਾਰਜ ਵਿਚ ਸ਼ਾਮਲ ਕੀਤਾ ਤੇ ਉਨਾਂ ਕੋਲੋਂ ਗੂਗਲ ਡੌਕ ਉਤੇ ਪਟੀਸ਼ਨ ਸਾਇਨ ਕਰਾਈ ਗਈ ਕਿ ਰੰਗ ਬਦਲਿਆ ਜਾਵੇ। ਸ਼ੁੱਕਰਵਾਰ ਦਿਨੇ ਲੰਗਰ ਹਾਲ 'ਚ ਦਰਸ਼ਨ ਸਿੰਘ ਇਹ ਕਹਿੰਦਾ ਸੁਣਿਆ ਗਿਆ ਕਿ "ਮੈਂ ਦੇਖਦਾ ਕਿਹੜਾ ਭੈਣ ....ਅੱਜ ਰੋਕਦਾ ਪੇਂਟ ਕਰਨ ਤੋਂ।" ਗੁਰਪੁਰਬ ਵਾਲੇ ਦਿਨ ਰਾਤ ਨੂੰ ਸੁੱਖ-ਆਸਣ ਦੀ ਸੇਵਾ ਤੋਂ ਬਾਅਦ ਹਰਜੀਤ ਸਿੰਘ ਅਤੇ ਦਰਸ਼ਨ ਸਿੰਘ ਕੁਝ ਸਕੂਲ ਦੇ ਬੱਚਿਆਂ ਨੂੰ ਨਾਲ ਲੈ ਕੇ ਦੀਵਾਨ ਹਾਲ ਦੀ ਪਾਲਕੀ ਦਾ ਰੰਗ ਬਦਲਣ ਦੀ ਤਿਆਰੀ ਕਰਨ ਲੱਗੇ। ।

ਇਸੇ ਦਿਨ ਹੀ ਖਾਲਸਾ ਸਕੂਲ ਦੀ ਨਵੀਂ ਬਣੀ ਇਮਾਰਤ ਅਤੇ ਗੁਰਦੁਆਰਾ ਸਾਹਿਬ ਜੀ ਦੀ ਨਵੀਂ ਬਣੀ ਰਸੋਈ ਦਾ ਉਦਘਾਟਨ ਕੀਤਾ ਗਿਆ ਸੀ ਤੇ ਗੁਰੂ ਨਾਨਕ ਦੇਵ ਜੀ ਦਾ ਗੁਰਪੁਰਬ ਵੀ ਮਨਾਇਆ ਗਿਆ ਸੀ। ਸੋ ਦੇਰ ਤਕ ਸੰਗਤ ਗੁਰਦੁਆਰਾ ਸਾਹਿਬ 'ਚ ਮੌਜੂਦ ਸੀ। ਲੱਗਭੱਗ 10 :30 ਵਜੇ ਇੱਕ ਸਿੰਘ ਆ ਕੇ ਬਾਹਰ ਖੜੇ ਸਿੰਘਾਂ ਨੂੰ ਦੱਸਦਾ ਹੈ ਕਿ ਅੰਦਰ ਕੁਝ ਬੰਦੇ ਜਬਰਦਸਤੀ ਰੰਗ ਕਰਨ ਲੱਗੇ ਹਨ, ਉਨਾਂ ਨੂੰ ਬੇਨਤੀ ਕਰਕੇ ਹਟਾਉ। ਜਸਦੇਵ ਸਿੰਘ, ਕੰਵਲਜੀਤ ਸਿੰਘ ਤੇ ਜਸਜੀਤ ਸਿੰਘ ਤਿੰਨੇ ਸਿੰਘ ਅੱਗੜ-ਪਿੱਛੜ ਅੰਦਰ ਜਾਂਦੇ ਹਨ ਅਤੇ ਬਾਅਦ ਵਿੱਚ ਹੋਰ ਸਿੰਘ ਵੀ ਆ ਜਾਂਦੇ ਹਨ। ਜਸਦੇਵ ਸਿੰਘ ਨੇ ਅਵਤਾਰ ਸਿੰਘ ਨੂੰ ਪੁੱਛਿਆ ਕਿ ਕੀ ਕਰ ਰਹੇ ਹੋ ? ਅਵਤਾਰ ਸਿੰਘ ਕਹਿੰਦਾ ਕਿ ਰੰਗ ਕਰਨ ਲੱਗੇ ਹਾਂ। ਜਸਦੇਵ ਸਿੰਘ ਨੇ ਦੁਬਾਰਾ ਕਿਹਾ ਕਿ ਤੁਸੀਂ ਕਿਸ ਤੋਂ ਪੁੱਛ ਕੇ ਰੰਗ ਕਰ ਰਹੇ ਹੋ, ਜਦ ਕਿ ਕਿਸੇ ਪਰਿਵਾਰ ਨੇ ਇੱਕ ਹਫ਼ਤਾ ਪਹਿਲਾਂ ਹੀ ਨਵਾਂ ਪੇਂਟ ਕਰਵਾਇਆ ਹੈ। ਅੱਗੋਂ ਹਰਜੀਤ ਸਿੰਘ ਕਹਿੰਦਾ ਕਿ ਸਾਨੂੰ ਸੁਪਰੀਮ ਕੌਂਸਲ ਮੈਂਬਰਾਂ ਨੇ ਕਿਹਾ ਹੈ ਰੰਗ ਕਰਨ ਲਈ ।ਇੰਨੇ ਸਮੇਂ ਤਕ ਪਾਸੇ ਬੈਠਾ ਦਰਸ਼ਨ ਸਿੰਘ ਵੀ ਕੋਲ ਆ ਜਾਂਦਾ ਹੈ। ਜਸਦੇਵ ਸਿੰਘ ਕਹਿੰਦੇ ਕਿ ਕੰਸਟਰਕਸ਼ਨ ਦਾ ਕੰਮ ਜੰਡੀ ਸਾਬ ਦੇ ਅਧੀਨ ਹੈ, ਉਨਾਂ ਨੂੰ ਕਿਸੇ ਨੇ ਨਹੀਂ ਪੁੱਛਿਆ। ਹਰਜੀਤ ਸਿੰਘ ਅੱਗਿਓਂ ਕਹਿੰਦਾ ਕਿ ਜੰਡੀ ਨੇ ਰੰਗ ਕਰਵਾਉਣ ਲੱਗਿਆਂ ਪੁੱਛਿਆ ਸੀ ਕਿਸੇ ਨੂੰ, ਉਹਨੂੰ ਕਿਉ ਪੁੱਛੀਏ ਅਸੀਂ। ਜਸਦੇਵ ਸਿੰਘ ਪੌੜੀ ਚੁੱਕ ਕੇ ਪਾਸੇ ਰੱਖ ਦਿੰਦੇ ਹਨ ਤੇ ਕਹਿੰਦੇ ਹਨ ਕਿ ਕਮੇਟੀ ਦੀ ਪ੍ਰਵਾਨਗੀ ਤੋਂ ਬਿਨਾ ਤੁਸੀਂ ਰੰਗ ਨਹੀਂ ਕਰ ਸਕਦੇ। ਜਸਜੀਤ ਸਿੰਘ ਦੋਵਾਂ ਦਰਸ਼ਨ ਸਿੰਘ ਤੇ ਹਰਜੀਤ ਸਿੰਘ ਨੂੰ ਲਗਾਤਾਰ ਸਮਝਾਉਂਦਾ ਰਿਹਾ ਪਰ ਇਨਾਂ ਨੇ ਇੱਕੋ ਰਟ ਲਾਈ ਹੋਈ ਸੀ ਕਿ ਰੰਗ ਅਸੀਂ ਕਰਨਾ ਹੀ ਕਰਨਾ ਹੈ। ਹਰਜੀਤ ਸਿੰਘ ਉਹੀ ਬੰਦਾ ਹੈ, ਜਿਸ ਦੇ ਵਿਵਹਾਰ ਨੂੰ ਸੰਗਤ ਪਹਿਲਾਂ ਹੀ ਭਲੀ ਪ੍ਰਕਾਰ ਜਾਣਦੀ ਹੈ। ਇਸ ਨੇ ਹਮੇਸ਼ਾ ਸੰਗਤ ਨਰਾਜ਼ ਹੀ ਕੀਤੀ ਹੈ।

ਹਰਜੀਤ ਸਿੰਘ ਉਸੇ ਵੇਲੇ ਹੀ ਪੌੜੀ ਮੁੜ ਵਾਪਸ ਲੈ ਆਉਂਦਾ ਹੈ ਅਤੇ ਦਰਸ਼ਨ ਸਿੰਘ ਵੀ ਜਸਦੇਵ ਸਿੰਘ ਨੂੰ ਕਹਿੰਦਾ ਹੈ ਕਿ "ਤੇਰੀ ਹਿੰਮਤ ਕਿੱਦਾਂ ਹੋਈ ਪੌੜੀ ਨੂੰ ਹੱਥ ਲਾਉਣ ਦੀ। ਹੁਣ ਹੱਥ ਲਾ ਕੇ ਵਿਖਾ।" ਜਸਦੇਵ ਸਿੰਘ ਪੌੜੀ ਨੂੰ ਹੱਥ ਲਾਉਂਦਾ ਹੈ ਤਾਂ ਦਰਸ਼ਨ ਸਿੰਘ ਉਸ ਦੇ ਗਲ ਪੈਣ ਲਈ ਅੱਗੇ ਹੁੰਦਾ ਹੈ ਅਤੇ ਮੋਢੇ ਉਤੇ ਧੱਕਾ ਮਾਰਦਾ ਹੈ। ਕੰਵਲਜੀਤ ਸਿੰਘ ਤੇ ਜਸਜੀਤ ਸਿੰਘ ਵਿੱਚ ਹੋ ਕੇ ਲੜਾਈ ਹਟਾਉਂਦੇ ਹਨ। ਉਸ ਸਮੇਂ ਹਰਜੀਤ ਸਿੰਘ ਦੋ ਵਾਰੀ ਉੱਚੀ-ਉੱਚੀ ਕਹਿੰਦਾ ਹੈ ਕਿ ਜਿਨੇ ਰੋਕਣਾ ਰੋਕ ਕੇ ਦਿਖਾਵੇ, ਰੰਗ ਤਾਂ ਅੱਜ ਹੋਵੇਗਾ ਹੀ ਹੋਵੇਗਾ ।ਕੰਵਲਜੀਤ ਸਿੰਘ ਨੇ ਉੱਚੀ ਅਵਾਜ਼ ਵਿੱਚ ਦੋ ਵਾਰ ਕਿਹਾ ਕਿ ਨੇੜੇ ਸ੍ਰੀ ਅਖੰਡ ਪਾਠ ਸਾਹਿਬ ਦਾ ਪਾਠ ਹੋ ਰਿਹਾ ਹੈ, ਕ੍ਰਿਪਾ ਕਰਕੇ ਅੰਦਰ ਰੌਲਾ ਨਾ ਪਾਉ, ਜਿਨੇ ਜੋ ਗੱਲ ਕਰਨੀ ਹੈ, ਬਾਹਰ ਜਾ ਕੇ ਕਰੋ। ਉਹ ਇਹ ਗੱਲ ਕਹਿ ਕੇ ਬਾਹਰ ਚਲਾ ਗਿਆ ਪਰ ਕੋਈ ਹੋਰ ਬਾਹਰ ਨਹੀਂ ਜਾਂਦਾ ਹੈ। ਕੰਵਲਜੀਤ ਸਿੰਘ ਜਦੋਂ ਵਾਪਸ ਅੰਦਰ ਆਉਂਦਾ ਹੈ ਤਾਂ ਦਰਸ਼ਨ ਸਿੰਘ 10-15 ਕਦਮ ਭੱਜ ਕੇ ਉਸ ਨੂੰ ਗਾਲ ਕੱਢਣ ਦੇ ਨਾਲ ਹੀ ਧਮਕੀ ਦਿੰਦਾ ਹੈ ਕਿ "ਮੈਂ ਤੈਨੂੰ ਪਤਾ ਦੱਸਦਾ ਤੂੰ ਅੱਜ ਕੱਲ ਬੜਾ ਚਾਮਲਿਆ ਫਿਰਦਾਂ।" ਇਹ ਕਹਿੰਦਾ ਹੋਇਆ ਉਹ ਕੰਵਲਜੀਤ ਸਿੰਘ ਦੇ ਗਲ ਪੈ ਗਿਆ। ਇਸ ਦੌਰਾਨ ਅਵਤਾਰ ਸਿੰਘ ਨੇ ਕੰਵਲਜੀਤ ਸਿੰਘ ਨੂੰ ਫੜ ਕੇ ਪਿੱਛੇ ਖਿੱਚਿਆ। ਉਸ ਸਮੇਂ ਸਭ ਤੋਂ ਪਹਿਲਾਂ ਕੰਵਲਜੀਤ ਸਿੰਘ ਦੀ ਦਸਤਾਰ ਲੱਥ ਗਈ। ਇੰਨੇ ਚਿਰ ਨੂੰ ਦਰਸ਼ਨ ਸਿੰਘ ਨੇ ਆਪਣੇ ਗਾਤਰੇ ਵਾਲੀ ਸ੍ਰੀ-ਸਾਹਿਬ ਮਿਆਨ 'ਚੋਂ ਕੱਢ ਕੇ ਕੰਵਲਜੀਤ ਸਿੰਘ ਦੇ ਕੇਸ ਫੜ ਕੇ ਸਿਰ ਵਿਚ ਮਾਰਨੀ ਸ਼ੁਰੂ ਕਰ ਦਿੱਤੀ। ਹੋਰ ਬੰਦੇ ਛੁਡਾ ਰਹੇ ਸਨ, ਖਾਸ ਕਰ ਕੁਲਦੀਪ ਬਾਜਵੇ ਨੇ ਕੰਵਲਜੀਤ ਸਿੰਘ ਦਾ ਬਚਾਅ ਕੀਤਾ। ਇੰਨੇ ਚਿਰ ਨੂੰ ਦਰਸ਼ਨ ਸਿੰਘ ਦੀ ਦਸਤਾਰ ਵੀ ਲੱਥ ਗਈ ਅਤੇ ਫਿਰ ਕਮਲਜੀਤ ਸਿੰਘ ਨੇ ਆਪਣੇ ਬਚਾਓ ਲਈ ਦਰਸ਼ਨ ਸਿੰਘ ਦੇ ਕੇਸ ਫੜ ਲਏ। ਇਸ ਵਿਚ ਬਾਕੀ ਸਾਰਿਆਂ, ਜਿਨਾਂ ਵਿਚ ਜਸਜੀਤ ਸਿੰਘ, ਬਲਜੀਤ ਸਿੰਘ, ਲਾਲੀ ਧਨੋਆ, ਅਜਮੇਰ ਬਿੱਟੂ ਅਤੇ ਕੁਲਦੀਪ ਬਾਜਵਾ ਨੇ ਮੁਸ਼ਕਲ ਨਾਲ ਦੋਵਾਂ ਨੂੰ ਇੱਕ ਦੂਜੇ ਤੋਂ ਵੱਖ ਕੀਤਾ। ਹੁਣ ਸੁਣਿਆ ਜਾ ਰਿਹਾ ਹੈ ਕਿ ਦਰਸ਼ਨ ਸਿੰਘ ਕਹਿੰਦਾ ਹੈ ਕਿ ਸਾਰੇ ਉਸ ਨੂੰ ਕੁੱਟਣ ਨੂੰ ਪੈ ਗਏ ਪਰ ਮੈਂ ਕਿਸੇ ਨੂੰ ਵੀ ਹੱਥ ਚੁੱਕਦੇ ਨੂੰ ਨਹੀਂ ਦੇਖਿਆ। ਬਾਕੀ ਕੈਮਰਿਆਂ ਵਿਚ ਸਾਰਾ ਕੁਝ ਆ ਹੀ ਜਾਣਾ ਹੈ ਤੇ ਕੋਰਟ ਨੇ ਦੇਖ ਹੀ ਲੈਣਾ ਹੈ ਕਿ ਹਮਲਾ ਕਿਸ ਨੇ ਕੀਤਾ।

ਇੰਨੇ ਨੂੰ ਸੰਗਤ ਵਿੱਚੋਂ ਕਿਸੇ ਔਰਤ ਨੇ ਪੁਲਿਸ ਕਾਲ ਕਰ ਦਿੱਤੀ। ਪੁਲਿਸ ਆ ਗਈ ਤੇ ਪੁਲਿਸ ਨੇ ਮੌਕੇ ਉਤੇ ਹੀ ਗਵਾਹਾਂ ਦੇ ਬਿਆਨ ਲਏ। ਗਵਾਹਾਂ ਦੇ ਬਿਆਨਾਂ ਦੇ ਅਧਾਰ ਉਤੇ ਦਰਸ਼ਨ ਸਿੰਘ ਗ੍ਰਿਫਤਾਰ ਹੋਇਆ ਤੇ ਕੰਵਲਜੀਤ ਨੂੰ ਐਮਰਜੈਂਸੀ ਹਸਪਤਾਲ ਭੇਜ ਦਿੱਤਾ ਜਿੱਥੇ ਉਸ ਦੇ ਸਿਰ ਵਿਚ ਟਾਂਕੇ ਲੱਗੇ।"

ਕੰਵਲਜੀਤ ਸਿੰਘ ਨੇ 'ਅੰਮ੍ਰਿਤਸਰ ਟਾਈਮਜ਼' ਨਾਲ ਗੱਲ ਕਰਦੇ ਹੋਏ ਕਿਹਾ ਕਿ ਦਰਸ਼ਨ ਸਿੰਘ ਆਪਣੀ ਆਦਤ ਮੁਤਾਬਕ ਝੂਠ ਬੋਲਣ ਦਾ ਆਦੀ ਹੈ ਅਤੇ ਕਹਿ ਰਿਹਾ ਹੈ ਕਿ ਮੈਂ ਪਹਿਲਾਂ ਗਾਲ ਕੱਢੀ ਸੀ। ਇਸ ਵਿੱਚ ਕੋਈ ਸਚਾਈ ਨਹੀਂ, ਹਾਲਾਂ ਕਿ ਮੈਨੂੰ ਕਿਸੇ ਨੇ ਦੱਸਿਆ ਕਿ ਇਸ ਨੇ ਦਰਬਾਰ ਹਾਲ ਵਿਚ ਵੀ ਗਾਲ ਕੱਢੀ ਸੀ। ਸਭ ਕੁਝ ਕੈਮਰਿਆਂ 'ਚ ਕੈਦ ਹੈ ਤੇ ਪੁਲਿਸ ਨੂੰ ਦੇ ਦਿੱਤਾ ਗਿਆ ਹੈ। ਕੰਵਲਜੀਤ ਸਿੰਘ ਨੇ ਅੱਗੇ ਕਿਹਾ ਕਿ "ਪੁਲਿਸ ਨੇ ਸਭ ਸੱਚ ਲੱਭ ਲੈਣਾ ਹੈ। ਕਿਸੇ ਧਿਰ ਦੀਆਂ ਕਹਾਣੀਆਂ ਨਹੀਂ ਸੁਣਨੀਆਂ, ਉਹਨਾਂ ਨੇ। ਬਾਣੇ ਪਾ ਕੇ ਜੋ ਲੋਕ ਝੂਠਾ ਪ੍ਰਚਾਰ ਕਰ ਰਹੇ ਹਨ, ਉਹਨਾਂ ਨੂੰ ਗੁਰੂ ਆਪ ਪਛਾਣਦਾ ਹੈ। ਸੰਸਾਰੀ ਅਦਾਲਤ ਨੇ ਤਾਂ ਆਪਣਾ ਫੈਸਲਾ ਸਬੂਤਾਂ ਦੇ ਅਧਾਰ ਉਤੇ ਸੁਣਾ ਹੀ ਦੇਣਾ ਹੈ ਪਰ ਜੋ ਜਾਣੇ-ਅਣਜਾਣੇ ਵਿੱਚ ਝੂਠ ਦਾ ਪ੍ਰਚਾਰ ਕਰ ਰਹੇ ਹਨ, ਉਹ ਦਰਗਾਹ 'ਚ ਗੁਰੂ ਦੇ ਦੇਣਦਾਰ ਜ਼ਰੂਰ ਹੋਣਗੇ।"

## ਰਾਜਨੀਤਕ ਖਹਿਬਾਜ਼ੀ ਦੀ ਭੇਟ ਚੜ੍ਹਿਆ ਗੁਰੂ ਗੋਬਿੰਦ ਸਿੰਘ ਮਾਰਗ

ਕਾਂਗਰਸ ਸਰਕਾਰ ਇਹੋ ਗੱਲ ਆਖ ਰਹੀ ਹੈ ਕਿ ਕੇਂਦਰ ਦੀ ਐਨਡੀਏ. ਸਰਕਾਰ ਇਸ ਮਾਮਲੇ ਨੂੰ ਲੇਟ ਕਰ ਰਹੀ ਹੈ। ਹੁਣ ਜਦੋਂ ਕਾਂਗਰਸ ਸਰਕਾਰ ਨੇ ਗੁਰੂ ਨਾਨਕ ਦੇਵ ਮਾਰਗ ਬਣਾਉਣ ਦੀ ਤਿਆਰੀ ਵਿੱਢੀ ਹੈ, ਤਾਂ ਗੁਰੂ ਗੋਬਿੰਦ ਸਿੰਘ ਮਾਰਗ ਦਾ ਮਾਮਲਾ ਵੀ ਗੂੰਜਣ ਲੱਗਾ ਹੈ। ਲੋਕ ਨਿਰਮਾਣ ਮੰਤਰੀ ਵਿਜੇਇੰਦਰ ਸਿੰਗਲਾ ਦਾ ਕਹਿਣਾ ਸੀ ਕਿ ਗੁਰੂ ਗੋਬਿੰਦ ਸਿੰਘ ਮਾਰਗ ਨੂੰ ਕੌਮੀ ਮਾਰਗ ਬਣਾਏ ਜਾਣ ਦੀ ਮੌਜੂਦਾ ਸਥਿਤੀ ਬਾਰੇ ਪਤਾ ਨਹੀਂ ਹੈ। ਮੁੱਖ ਇੰਜੀਨੀਅਰ (ਕੌਮੀ ਹਾਈਵੇ) ਟੀ.ਐੱਸ.ਚਹਿਲ ਨੇ ਵੀ ਗੁਰੂ ਗੋਬਿੰਦ ਸਿੰਘ ਮਾਰਗ ਬਾਰੇ ਅਨਜਾਣਤਾ ਜ਼ਾਹਿਰ ਕੀਤੀ। ਇਸੇ ਦੌਰਾਨ ਅਕਾਲ ਤਖ਼ਤ ਦੇ ਕਾਰਜਕਾਰੀ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਆਖਿਆ ਕਿ ਇਹ ਸੰਜੀਦਾ ਮਾਮਲਾ ਹੈ। ਉਹ ਇਸ ਬਾਰੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਨਾਲ ਗੱਲ ਕਰਨਗੇ।

ਕਾਂਗਰਸ ਪ੍ਰਧਾਨ ਅਤੇ ਸੰਸਦ ਮੈਂਬਰ ਸੁਨੀਲ ਜਾਖੜ ਦਾ ਕਹਿਣਾ ਸੀ ਕਿ ਕੇਂਦਰ ਇਸ ਮਾਮਲੇ ਵਿਚ ਦੇਰੀ ਕਰ ਰਿਹਾ ਹੈ ਅਤੇ ਉਹ ਮਾਰਗ ਦਾ ਮਾਮਲਾ ਹੁਣ ਸੰਸਦ ਵਿਚ ਉਠਾਉਣਗੇ।

ਕੇਂਦਰੀ ਮੰਤਰੀ ਅਤੇ ਭਾਜਪਾ ਆਗੂ ਵਿਜੇ ਸਾਂਪਲਾ ਦਾ ਕਹਿਣਾ ਸੀ ਕਿ ਗੁਰੂ ਗੋਬਿੰਦ ਸਿੰਘ ਮਾਰਗ ਨੂੰ ਹਰ ਹਾਲਤ ਵਿਚ ਕੇਂਦਰ ਸਰਕਾਰ ਕੌਮੀ ਮਾਰਗ ਬਣਾਏਗੀ। ਪ੍ਰਕਿਰਿਆ ਲੰਮੇਰੀ ਹੋਣ ਕਰ ਕੇ ਥੋੜ੍ਹਾ ਵਕਤ ਲਗਦਾ ਹੈ।

## ਪੰਜਾਬੀ ਹੀ ਕਰਦੇ ਨੇ ਪੁੱਤਾਂ-ਧੀਆਂ ਦੀ ਦਲਾਲੀ...

ਤਾਂ ਪਾਸਪੋਰਟ ਕੋਲ ਨਹੀਂ ਸੀ ਤੇ ਏਜੰਟਾਂ ਨੇ ਫੋਨ ਚੁੱਕਣਾ ਬੰਦ ਕਰ ਦਿੱਤਾ।

ਲਗਾਤਾਰ ਅੰਮ੍ਰਿਤ ਨਾਲ ਸੰਪਰਕ ਨਾ ਹੋਣ ਕਰਕੇ ਮੈਂ ਵੀ ਪਰੇਸ਼ਾਨ ਹੋ ਗਈ ਕਿ ਰਿਸਕ ਕਿਉਂ ਲਿਆ। ਓਥੇ ਹੀ ਫਸੇ ਕਈ ਪੰਜਾਬੀਆਂ ਨੇ ਦੱਸਿਆ ਸੀ ਕਿ ਪਾਸਪੋਰਟ ਵਾਪਸ ਨਹੀਂ ਕਰਦੇ। ਬਹੁਤੀ ਨਰਾਜ਼ਗੀ ਦਿਖਾਓ ਤਾਂ ਕੁੱਟਮਾਰ ਵੀ ਕਰ ਦਿੰਦੇ ਨੇ। ਬੇਗਾਨਾ ਮੁਲਕ ਹੈ, ਇਹ ਲੋਕ 20-20 ਸਾਲਾਂ ਤੋਂ ਦਲਾਲੀ ਕਰ ਰਹੇ ਨੇ, ਸਾਰੀਆਂ ਚੋਰ ਮੋਰੀਆਂ ਜਾਣਦੇ ਨੇ, ਆਪਾਂ ਕੀ ਜਾਣੀਏ..।

ਅੰਮ੍ਰਿਤ ਏਜੰਟਾਂ ਨੂੰ ਵਾਇਸ ਮੈਸੇਜ਼ ਕਰਦਾ ਰਿਹਾ, ਤਰਲੇ ਕਰਨ ਲੱਗਿਆ ਕਿ ਮੇਰਾ ਪਾਸਪੋਰਟ ਦਿਵਾ ਦਿਓ ਪਰ ਕਿਸੇ ਨੇ ਗੱਲ ਨਾ ਸੁਣੀ। ਫੇਰ ਏਜੰਟ ਲਖਬੀਰ ਮੋਗਾ ਨੂੰ ਮੈਂ ਆਪਣੇ ਪੱਤਰਕਾਰ ਹੋਣ ਦਾ ਦੱਸਿਆ ਤੇ ਕਾਰਵਾਈ ਦਾ ਡਰ ਦਿੱਤਾ ਤਾਂ ਉਸ ਨੇ ਪਾਸਪੋਰਟ ਵਾਪਸ ਕਰਾਇਆ। ਵਰਕ ਪਰਮਿਟ ਦੇ ਨਾਮ ਉਤੇ ਲਏ 2100 ਰਿੰਗਿਟ ਵੀ ਮੁੜਵਾ ਦਿਤੇ ਪਰ ਬਾਕੀ 900 ਰਿੰਗਿਟ ਤੇ 50 ਹਜ਼ਾਰ ਰੁਪਏ ਉਹ ਨਿਗਲ ਗਏ। ਐਧਰੋਂ ਅਸੀਂ 12 ਹਜ਼ਾਰ ਰੁਪਏ ਦੀ ਵਾਪਸੀ ਟਿਕਟ ਕਰਾ ਕੇ ਅੰਮ੍ਰਿਤ ਨੂੰ ਵਾਪਸ ਬੁਲਾ ਲਿਆ।

ਓਥੇ ਪੰਜਾਬ ਦੇ ਹੀ ਨਹੀਂ, ਹਰਿਆਣਾ, ਦਿੱਲੀ, ਯੂਪੀ, ਬਿਹਾਰ ਦੇ ਤੇ ਕਈ ਬੰਗਲਾਦੇਸ਼ੀ ਲੋਕ ਮਿਲੇ ਜੋ ਏਜੰਟਾਂ ਦੇ ਢਹੇ ਚੜ੍ਹ ਕੇ ਓਥੇ ਫਸੇ ਹੋਏ ਨੇ। ਵਾਪਸ ਆਉਣਾ ਚਾਹੁੰਦੇ ਨੇ ਪਰ ਜੁਗਾੜ ਨਹੀ ਲੱਗ ਰਿਹਾ। ਸਾਡੀਆਂ ਇਧਰ ਦੀਆਂ ਸਰਕਾਰਾਂ ਲਈ ਇਹ ਕੋਈ ਮਸਲਾ ਨਹੀਂ ਹੈ ਸ਼ਾਇਦ..।

ਜੇ ਓਥੇ ਦੀਆਂ ਫੈਕਟਰੀਆਂ ਦੀ ਜਾਂਚ ਹੋਵੇ, ਰਿਕਾਰਡ ਚੈਕ ਹੋਵੇ ਤਾਂ ਸਾਰਾ ਸੱਚ ਨਸ਼ਰ ਹੋ ਸਕਦਾ ਹੈ। ਕਈਆਂ ਨੂੰ ਤਾਂ ਕਰੀਬੀ ਰਿਸ਼ਤੇਦਾਰਾਂ ਨੇ ਹੀ ਫਸਾਇਆ ਹੈ ਤੇ ਐਧਰਲੇ ਏਜੰਟ ਐਨੀ ਕਾਹਲੀ ਨਾਲ ਗੱਲ ਕਰਦੇ ਨੇ ਕਿ ਛੇਤੀ ਲੋੜ ਹੈ ਵਰਕਰਾਂ ਦੀ, ਹੁਣੇ ਚੱਲੋ, ਫੇਰ ਕੰਮ ਤੇ ਤਨਖਾਹ ਆਪਣੇ ਹਿਸਾਬ ਨਾਲ ਨਹੀਂ ਮਿਲਣੀ। ਪੰਜਾਬ ਦੇ ਤੇ ਮੁਲਕ ਦੇ ਸਿਸਟਮ ਤੋਂ ਅੱਕੇ ਨੌਜਵਾਨ ਚੁੰਗਲ 'ਚ ਫਸ ਜਾਂਦੇ ਨੇ। ਏਜੰਟ ਪਾਸਪੋਰਟ ਖੋਹ ਕੇ ਫੈਕਟਰੀ ਦੇ ਅੰਦਰ ਬੰਧੂਆ ਬਣਾ ਕੇ ਕੰਮ ਕਰਾਉਂਦੇ ਨੇ, ਮਰਦਾ ਕੀ ਨਾ ਕਰਦਾ। ਕਰਜ਼ਾ ਚੁੱਕ ਕੇ ਗਏ ਪੰਜ ਦਸ ਦਿਨ ਰੋ ਕੁਰਲਾ ਕੇ ਖੋਤੇ ਵਾਂਗ ਡਹਿ ਪੈਂਦੇ ਨੇ। ਪਿਛੋਂ ਪਰਿਵਾਰ ਦਾ ਦਬਾਅ ਕਿ ਕਰਜ਼ਾ ਚੁੱਕ ਕੇ ਭੇਜਿਆ ਸੀ, ਕਰਜ਼ਾ ਚੁਕਾਉਣ ਜੋਗੇ ਪੈਸੇ ਕਮਾ ਕੇ ਮੁੜ ਆਈਂ ਪਰ ਓਥੇ ਭੁੱਖੀਆਂ ਆਦਰਾਂ ਦੀ ਥਾਹ ਇਧਰ ਗੁਰਬਤ ਝੱਲਦੀ ਅੰਮੜੀ ਵੀ ਨਹੀਂ ਪਾ ਸਕਦੀ। ਜੇ ਪਾਸਪੋਰਟ ਨਕਲੀ ਬਣਾਉਣਾ ਤਾਂ 2500 ਰਿੰਗਿਟ ਫੀਸ ਭਰਨੀ ਪੈਂਦੀ ਹੈ। ਉਹਦੇ ਉਤੇ ਮਲੇਸ਼ੀਆਈ ਇੰਮੀਗਰੇਸ਼ਨ ਵਲੋਂ ਸ਼ੱਕੀ ਵਿਅਕਤੀ ਗਰਦਾਨ ਦਿੱਤਾ ਜਾਂਦਾ ਹੈ।

ਕਰਨਬੀਰ ਸਿੰਘ, ਪਿੰਡ ਮਥੇਆਲ, ਜ਼ਿਲਾ ਅੰਮ੍ਰਿਤਸਰ ਤਿੰਨ ਸਾਲ ਤੋ ਪੈਸੇ ਇਕੱਠੇ ਕਰਕੇ ਸ਼ੱਕੀਆਂ ਵਾਲਾ ਚਿੱਟਾ ਪਾਸਪੋਰਟ ਬਣਵਾ ਕੇ ਅੰਮ੍ਰਿਤ ਦੇ ਨਾਲ ਹੀ ਵਾਪਸ ਆਇਆ। ਉਸ ਨੇ ਕਿਹਾ ਕਿ ਮਲੇਸ਼ੀਆ ਵਿੱਚ ਤਾਂ ਇੰਡੀਅਨ ਅੰਬੈਸੀ ਦੇ ਨੁਮਾਇੰਦੇ ਵੀ ਭਾਰਤੀ ਏਜੰਟਾਂ ਨਾਲ ਮਿਲੇ ਹੋਏ ਹਨ। ਸਾਡੇ ਵਰਗਿਆਂ ਦੀ ਕੋਈ ਗੱਲ ਹੀ ਨਹੀਂ ਸੁਣਦੇ। ਉਸ ਨੌਜਵਾਨ ਨੇ ਲਹੂ ਦੇ ਅੱਥਰੂ ਕੇਰਦਿਆਂ ਕਿਹਾ ਕਿ ਸਾਨੂੰ ਕੋਈ ਚਾਅ ਹੈ, ਜੋ ਗਲਤ ਤਰੀਕੇ ਨਾਲ ਕਿਤੇ ਨਿਕਲੀਏ। ਜੇ ਆਪਣੇ ਮੁਲਕ ਵਿੱਚ ਹੱਡਭੰਨਵੀਂ ਮਿਹਨਤ ਦਾ ਪੂਰਾ ਮੁੱਲ ਮਿਲੇ, ਕੋਈ ਸਿਸਟਮ ਹੋਵੇ ਤਾਂ ਅਸੀਂ ਜਾਨਾਂ ਤਲੀ ਉਤੇ ਰੱਖ ਕੇ ਸਿਰਫ 15-20 ਹਜ਼ਾਰ ਮਹੀਨੇ ਦੀ ਖਾਤਰ ਮਲੇਸ਼ੀਆ ਵਰਗੇ ਮੁਲਕ ਵਿੱਚ ਕਿਉਂ ਜਾਈਏ।

## ਨਿਰੰਕਾਰੀ ਬੰਬ ਕਾਂਡ 'ਚ ਬਿਕਰਮਜੀਤ ਸਿੰਘ ਬਾਰੇ ਪੁਲਸੀਆ ਕਹਾਣੀ ਝੂਠੀ : ਪਿੰਡ ਵਾਸੀ

ਕਿਹੜੀ ਪੁਲਿਸ ਬਿਕਰਮਜੀਤ ਨੂੰ ਲੈ ਗਈ ਹੈ। ਮੰਗਲਵਾਰ ਸ਼ਾਮ ਨੂੰ ਇਕ ਹੋਰ ਪੁਲਿਸ ਪਾਰਟੀ ਆਈ ਤੇ ਬਿਕਰਮਜੀਤ ਸਿੰਘ ਦੀ ਪੈਂਟ-ਕਮੀਜ, ਦਸਤਾਰ ਤੇ ਨਾਈਕ ਦੇ ਬੂਟ ਤੀਕ ਮੰਗ ਲਏ, "ਅਖੈ ਉਸ ਨੇ ਮੰਗਾਏ ਹਨ"। ਮੰਗਲਵਾਰ ਦੀ ਸ਼ਾਮ ਹੀ ਪਰਿਵਾਰ ਨੂੰ ਪਤਾ ਲੱਗ ਸਕਿਆ ਕਿ ਬਿਕਰਮਜੀਤ ਸਿੰਘ ਮਾਲ ਮੰਡੀ ਪੁਲਿਸ ਪਾਸ ਹੈ। ਬਿਕਰਮਜੀਤ ਦੇ ਕਰੀਬੀ ਰਿਸ਼ਤੇਦਾਰਾਂ ਵਿਚੋਂ ਇਕ ਭਰਾ ਲਗਦਾ ਵਿਅਕਤੀ ਪੁਲਿਸ ਵਿਚ ਹੈ ਤੇ ਇਸੇ ਪਿੰਡ ਵਿਚ ਰਹਿ ਰਿਹੈ ।ਉਸ ਤੋਂ ਪਤਾ ਲੱਗਾ ਕਿ ਸੋਮਵਾਰ ਹੀ ਕਿਸੇ ਪੁਲਿਸ ਅਫਸਰ ਨੇ ਫੋਨ ਕੀਤਾ ਸੀ ਕਿ ਤੇਰੇ ਪਿੰਡ ਦਾ ਕੋਈ ਬਿਕਰਮਜੀਤ ਸਿੰਘ ਹੈ, ਉਸ ਦਾ ਨਾਮ ਬੰਬ ਧਮਾਕੇ ਵਿਚ ਬੋਲਦਾ ਹੈ।

ਰਿਸ਼ਤੇਦਾਰ ਭਰਾ ਨੇ ਪੁਲਿਸ ਅਫਸਰ ਨੂੰ ਦੱਸਿਆ ਕਿ ਮੇਰਾ ਭਰਾ ਹੀ ਹੈ। ਗੁਰਦੁਆਰਾ ਸਾਹਿਬ ਦੇ ਨਾਲ ਹੀ ਉਸ ਦਾ ਵੱਡਾ ਘਰ ਹੈ। ਪੁਲਿਸ ਅਧਿਕਾਰੀ ਨੇ ਕਿਹਾ ਕਿ ਜੇ ਉਹ ਘਰ ਹੋਇਆ ਤਾਂ ਸਮਝੋ ਬੇਕਸੂਰ, ਜੇ ਨਾ ਹੋਇਆ ਤਾਂ ਕਸੂਰਵਾਰ। ਐਨੀ ਗੱਲ ਕਰਦਿਆਂ ਹੀ ਬਿਕਰਮਜੀਤ ਸਿੰਘ ਦੀ ਤਾਈ ਦੁਖ ਵਿਚ ਦੁਹੱਥੜ ਮਾਰਦੀ ਹੋਈ ਕਹਿੰਦੀ ਹੈ ਕਿ "ਫੜਿਆ ਤਾਂ ਘਰੋਂ ਆ, ਮਿਲਿਆ ਕੁਝ ਨਹੀਂ ਤੇ ਫਿਰ ਐਨਾ ਕੁਫਰ ਤੋਲਣ ਦੀ ਕੀ ਲੋੜ ਸੀ ? ਜਿਸ ਨੇ ਕਦੀ ਉਚੀ ਸਾਹ ਨਹੀਂ ਲਿਆ, ਉਹ ਅੱਤਵਾਦੀ ਤੇ ਜਿਹੜੇ ਮੇਰੇ ਪੁੱਤ ਨੂੰ ਬਿਨਾ ਵਜ੍ਹਾ ਚੁੱਕ ਕੇ ਲੈ ਗਏ, ਉਹ ਸੱਤਵਾਦੀ ।ਤਾਈ ਤਾਂ ਐਥੋਂ ਤੀਕ ਕਹਿ ਰਹੀ ਸੀ ਕਿ "ਐਹ ਟੱਬਰ ਨਹੀਂ ਮੰਨਿਆ, ਨਹੀਂ ਤਾਂ 4-5 ਪਿੰਡ ਇਕੱਠੇ ਕਰਕੇ ਮੂੰਹ ਭੰਨ ਆਉਂਦੇ ਇਹੋ ਜਿਹੇ ਝੂਠਿਆਂ ਦਾ।"

ਪਰਿਵਾਰ ਨਾਲ ਹਮਦਰਦੀ ਜਤਾਉਣ ਆਏ ਰਿਸ਼ਤੇਦਾਰ ਬਲਕਾਰ ਸਿੰਘ ਨੇ ਦੱਸਿਆ ਕਿ ਬੰਬ ਧਮਾਕੇ ਦੀ ਖਬਰ ਤੋਂ ਬਾਅਦ ਹੀ ਪੁਲਿਸ ਸਾਰੇ ਹੀ ਪਿੰਡਾਂ ਵਿਚ ਨਿਕਲ ਤੁਰੀ ਸੀ, ਨੌਜੁਆਨ ਸਿੱਖ ਮੁੰਡਿਆਂ ਦੀ ਸ਼ਨਾਖਤ ਕਰਨ। ਰਾਤੋ-ਰਾਤ ਥਾਣੇ ਭਰ ਕੇ ਅਫਸਰਾਂ ਦੀ ਸ਼ਾਬਾਸ਼ ਲੈਣ ਦਾ ਦੌਰ ਸ਼ੁਰੂ ਹੋ ਗਿਆ। ਵੱਡੀ ਗਿਣਤੀ ਪਿੰਡਾਂ ਦੇ ਨੌਜੁਆਨ ਘਰਾਂ ਨੂੰ ਪਰਤ ਆਏ ਹਨ ਲੇਕਿਨ ਇਹ ਪਿੰਡ ਅਜੇ ਵੀ ਸਦਮੇ ਵਿਚ ਹੈ ।ਇਹ ਪੁੱਛੇ ਜਾਣ ਉਤੇ ਕਿ ਕੀ ਕਦੇ ਬਿਕਰਮਜੀਤ ਸਿੰਘ ਨੂੰ ਅਵਤਾਰ ਸਿੰਘ ਨਾਮੀ ਨਿਹੰਗ ਬਾਣੇ ਵਾਲਾ ਕੋਈ ਸ਼ਖਸ ਮਿਲਣ ਆਇਆ ਤਾਂ ਹਰ ਪਾਸਿਓਂ ਹੀ ਜਵਾਬ ਸੀ, "ਨਾ ਉਹ ਕਦੇ ਕਿਸੇ ਦੇ ਘਰ ਜਾਵੇ, ਨਾ ਉਸ ਦੇ ਵੱਲ ਕੋਈ ਆਵੇ। ਉਸ ਦੇ ਸਾਥੀ ਤਾਂ ਖੇਤਾਂ ਵਿਚ ਕੰਮ ਕਰਨ ਵਾਲੇ ਕਾਮੇ ਸਨ ਤੇ ਨਾ ਕਦੇ ਕੋਈ ਓਪਰਾ ਬੰਦਾ ਉਸ ਨੂੰ ਮਿਲਣ ਆਇਆ ਈ ਆ।"

ਬਿਕਰਮਜੀਤ ਸਿੰਘ ਦੇ ਪਿੰਡ ਤੋਂ ਕੋਈ 12-15 ਕਿਲੋਮੀਟਰ ਦੀ ਦੂਰੀ 'ਤੇ ਸਥਿਤ ਪਿੰਡ ਚੱਕ ਮਿਸ਼ਰੀ ਖਾਨ ਹੈ । ਮੋੜ ਮੁੜ ਕੇ ਪਹਿਲਾ ਘਰ ਡਾ. ਅਵਤਾਰ ਸਿੰਘ ਖਾਲਸੇ ਦਾ ਹੈ। ਘਰ ਦੇ ਮੁੱਖ ਗੇਟ 'ਤੇ ਵਿਹੜਾ ਪਾਰ ਕਰਕੇ ਬਣੇ ਤਿੰਨ-ਚਾਰ ਕਮਰੇ ਖੁੱਲੇ ਪਏ ਹਨ ।ਪੁਲਿਸ ਦੀ ਇਕ ਪੱਕੀ ਚੌਕੀ ਵਾਲਾ ਮਾਹੌਲ ਹੈ। ਵਰਾਂਡੇ ਵਿਚ ਇਕ ਮੇਜ ਉਤੇ ਨਿਹੰਗ ਬਾਣੇ ਵਿਚ ਅਵਤਾਰ ਸਿੰਘ ,ਉਸ ਦੀ ਪਤਨੀ ਤੇ ਇਕ ਛੋਟੀ ਬੱਚੀ ਦੀ ਤਸਵੀਰ ਪਈ ਹੋਈ ਹੈ। ਪੁਲਿਸ ਦਾ ਕਹਿਣਾ ਹੈ ਕਿ ਜਦ ਉਹ ਆਏ ਤਾਂ ਘਰ ਖੁੱਲ੍ਹਾ ਪਿਆ ਸੀ। ਦੱਬੀ ਜ਼ੁਬਾਨ ਵਿਚ ਪਿੰਡ ਵਾਲੇ ਦੱਸਦੇ ਹਨ ਕਿ ਘਰ ਦੇ ਤਾਲੇ ਤਾਂ ਪੁਲਿਸ ਨੇ ਹੀ ਭੰਨੇ ਹਨ। ਕਮਰਿਆਂ ਵਿਚ ਖਿਲਰਿਆ ਸਮਾਨ ਵੀ ਇਹੀ ਤਸਦੀਕ ਕਰਦਾ ਹੈ ਕਿ ਤਲਾਸ਼ੀ ਮੁਹਿੰਮ ਚੱਲੀ ਹੈ। ਕੋਈ 250-300 ਗਜ਼ ਦੇ ਕਰੀਬ ਥਾਂ ਵਿਚ ਬਣੀ ਇਹ ਹਵੇਲੀਨੁਮਾ ਕੋਠੀ ਪੂਰੀ ਤਰ੍ਹਾਂ ਸੁੰਨਸਾਨ ਹੈ ਤੇ ਨਾਲ ਹੀ ਡਾ. ਖਾਲਸਾ ਦੀ ਉਹ ਦੁਕਾਨ, ਜਿਥੇ ਉਹ ਆਰਐਮਪੀ. ਵਜੋਂ ਬੈਠਦੇ ਹਨ।ਪਿੰਡ ਵਾਸੀ ਕਹਿੰਦੇ ਹਨ ਕਿ ਡਾ.ਖਾਲਸਾ ਹੈ, ਸਿਆਣਾ ਬੰਦਾ ਹੈ ਤੇ ਲਾਲਚੀ ਵੀ ਨਹੀਂ ਹੈ।ਲੇਕਿਨ ਇਹ ਚਰਚਾ ਜ਼ਰੂਰ ਹੈ ਕਿ ਸ਼ਾਇਦ ਅਵਤਾਰ ਸਿੰਘ ਵੀ ਪੁਲਿਸ ਦੇ ਕਬਜ਼ੇ ਵਿਚ ਹੀ ਹੈ ਤੇ ਨਾਲ ਹੀ ਉਸ ਦਾ ਪਰਿਵਾਰ ਨਹੀਂ, ਤਾਂ ਕੋਈ ਘਰ ਗੇੜਾ ਜ਼ਰੂਰ ਮਾਰਦਾ।

ਲੇਖਕ ਇੰਦਰ ਸਿੰਘ ਘੱਗਾ ਉਪਰ ਪਟਿਆਲਾ ਵਿਖੇ ਹੋਏ ਹਮਲੇ ਵਿਚ ਅਵਤਾਰ ਸਿੰਘ ਖਾਲਸਾ ਖਿਲਾਫ ਵੀ ਕੇਸ ਦਰਜ ਹੋਇਆ ਸੀ। ਉਸ ਤੋਂ ਬਾਅਦ ਉਸ ਕੇਸ ਦਾ ਕੀ ਬਣਿਆ ਕੋਈ ਨਹੀਂ ਜਾਣਦਾ ਪਰ ਇਸ ਕੇਸ ਕਾਰਨ ਉਹ ਪੁਲਿਸ ਦੀ ਨਜ਼ਰ ਹੇਠ ਜ਼ਰੂਰ ਸੀ।

## ਕਰਤਾਰਪੁਰ ਸਾਹਿਬ ਦਾ ਲਾਂਘਾ : ਸਾਂਝੇ ਪੰਜਾਬ ਦੀ ਗੁਰੂ ਦੇ ਨਾਂ 'ਤੇ ਗਲਵੱਕੜੀ

ਜੋੜਨ ਦਾ ਇਕ ਵੱਡਾ ਕਾਰਨ ਬਣ ਸਕਦਾ ਹੈ। ਭਾਰਤ ਅਤੇ ਪਾਕਿਸਤਾਨ ਦੇ ਨੇਤਾਵਾਂ ਦੇ ਉਪਰੋਕਤ ਬਿਆਨਾਂ ਤੋਂ ਜਾਪਦਾ ਹੈ ਕਿ ਕਰਤਾਰਪੁਰ ਦਾ ਲਾਂਘਾ ਖੁੱਲ੍ਹਣ ਨਾਲ ਸਿਰਫ ਇਸ ਖਿੱਤੇ ਦੇ ਆਮ ਲੋਕਾਂ ਦੀਆਂ ਹੀ ਨਹੀਂ, ਬਲਕਿ ਸਿਆਸੀ ਨੇਤਾਵਾਂ ਦੀਆਂ ਵੀ ਵੱਡੀਆਂ ਆਸਾਂ ਜੁੜੀਆਂ ਹੋਈਆਂ ਹਨ। ਇਹ ਵੀ ਖ਼ਬਰਾਂ ਆਈਆਂ ਹਨ ਕਿ ਡੇਰਾ ਬਾਬਾ ਨਾਨਕ ਅਤੇ ਦੂਜੇ ਪਾਸੇ ਕਰਤਾਰਪੁਰ (ਪਾਕਿਸਤਾਨ) ਦੇ ਲੋਕਾਂ ਵਿਚ ਇਸ ਖ਼ਬਰ ਨਾਲ ਵੱਡਾ ਉਤਸ਼ਾਹ ਪਾਇਆ ਜਾ ਰਿਹਾ ਹੈ ਅਤੇ ਲੋਕਾਂ ਨੂੰ ਆਸ ਹੈ ਕਿ ਇਹ ਰਸਤਾ ਖੁੱਲ੍ਹਣ ਨਾਲ ਇਸ ਖਿੱਤੇ ਵਿਚ ਆਰਥਿਕ ਖੁਸ਼ਹਾਲੀ ਆਏਗੀ ਅਤੇ ਵਪਾਰ ਨੂੰ ਵੀ ਵੱਡਾ ਉਤਸ਼ਾਹ ਮਿਲੇਗਾ।

ਸਾਢੇ ਚਾਰ ਮਹੀਨਿਆਂ 'ਚ ਬਣੇਗਾ ਲਾਂਘਾ : ਕਰਤਾਰਪੁਰ ਦੇ ਲਾਂਘੇ ਨੂੰ ਖੋਲ੍ਹਣ ਲਈ ਕਸਬਾ ਡੇਰਾ ਬਾਬਾ ਨਾਨਕ ਵਿਖੇ ਉਪ ਰਾਸ਼ਟਰਪਤੀ ਐਮ ਵੈਂਕੱਈਆ ਨਾਇਡੂ ਨੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਸਮੇਤ ਕੇਂਦਰੀ ਤੇ ਸੂਬਾਈ ਮੰਤਰੀਆਂ ਦੀ ਹਾਜ਼ਰੀ ਵਿਚ ਇਸ ਲਾਂਘੇ ਲਈ ਨੀਂਹ ਪੱਥਰ ਰੱਖਿਆ। ਪਿੰਡ ਮਾਨ ਵਿਖੇ ਕੌਮੀ ਪੱਧਰੀ ਸਮਾਗਮ ਵਿਚ ਉਪ ਰਾਸ਼ਟਰਪਤੀ ਵੈਂਕੱਈਆ ਨਾਇਡੂ ਨੇ ਸ਼ਮੂਲੀਅਤ ਕਰਦਿਆਂ ਇਸ ਪ੍ਰਸਤਾਵਿਤ ਲਾਂਘੇ ਨੂੰ ਦੋਵਾਂ ਦੇਸ਼ਾਂ ਵਿਚਾਲੇ ਅਮਨ ਸ਼ਾਂਤੀ ਕਾਇਮ ਕਰਨ, ਆਪਸੀ ਭਾਈਚਾਰਕ ਸਾਂਝ ਨੂੰ ਮਜ਼ਬੂਤ ਕਰਨ ਅਤੇ ਨਵੀਆਂ ਸਾਂਝਾਂ ਨੂੰ ਉਤਸ਼ਾਹਿਤ ਕਰਨ ਵਾਲਾ ਪੁਲ ਦੱਸਿਆ। ਗੁਆਂਢੀ ਮੁਲਕ ਪਾਕਿਸਤਾਨ ਨੂੰ ਉਨ੍ਹਾਂ ਆਖਿਆ ਕਿ ਉਹ ਵੀ ਸਿੱਖਾਂ ਦੀਆਂ ਭਾਵਨਾਵਾਂ ਦਾ ਧਿਆਨ ਰੱਖਦਿਆਂ ਉਸੇ ਭਾਵਨਾ ਨਾਲ ਇਹ ਲਾਂਘਾ ਉਸਾਰੇ। ਨਾਇਡੂ ਨੇ ਕਿਹਾ ਕਿ ਦੋਵਾਂ ਦੇਸ਼ਾਂ ਨੂੰ ਗੁਰੂ ਸਾਹਿਬ ਦੇ 550 ਸਾਲਾ ਪ੍ਰਕਾਸ਼ ਪੁਰਬ ਮੌਕੇ ਮੁੜ ਚੰਗਾ ਮੌਕਾ ਮਿਲਿਆ ਹੈ ਅਤੇ ਇਹ ਲਾਂਘਾ ਦੋਵਾਂ ਮੁਲਕਾਂ ਤੇ ਅਵਾਮ ਵਿਚਾਲੇ ਪੁਲ ਦਾ ਕੰਮ ਕਰੇਗਾ। 'ਇਹ ਲਾਂਘਾ ਪੁਰਾਣੀਆਂ ਦਰਾਰਾਂ ਨੂੰ ਭਰੇਗਾ ਅਤੇ ਨਵੀਆਂ ਸਾਂਝਾਂ ਨੂੰ ਉਤਸ਼ਾਹਿਤ ਕਰੇਗਾ।' ਸੜਕ ਆਵਾਜਾਈ ਅਤੇ ਰਾਜਮਾਰਗਾਂ ਬਾਰੇ ਕੇਂਦਰੀ ਮੰਤਰੀ ਨਿਤਿਨ ਗਡਕਰੀ ਨੇ ਆਖਿਆ ਕਿ ਇਹ ਲਾਂਘਾ ਉਨ੍ਹਾਂ ਦੇ ਵਿਭਾਗ ਵੱਲੋਂ ਸਾਢੇ ਚਾਰ ਮਹੀਨੇ ਦੇ ਸਮੇਂ ਵਿਚ ਮੁਕੰਮਲ ਕਰ ਦਿੱਤਾ ਜਾਵੇਗਾ, ਜਿਸ ਤਹਿਤ ਚਾਰ ਮਾਰਗੀ ਸੜਕ ਦੀ ਉਸਾਰੀ ਕੀਤੀ ਜਾਵੇਗੀ।

ਹਰਿਮੰਦਰ ਸਾਹਿਬ ਤੋਂ ਲਿਆਂਦਾ ਜਲ ਛਿੜਕਿਆ : ਉਪ ਰਾਸ਼ਟਰਪਤੀ ਵੈਂਕਈਆ ਨਾਇਡੂ ਤੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਨੀਂਹ ਪੱਥਰ ਰੱਖਣ ਦੀ ਰਸਮ ਨਿਭਾਈ। ਇੱਥੇ ਹਰਿਮੰਦਰ ਸਾਹਿਬ ਤੋਂ ਅੰਮ੍ਰਿਤਸਰ ਦੇ ਸੰਸਦ ਮੈਂਬਰ ਗੁਰਜੀਤ ਸਿੰਘ ਵੱਲੋਂ ਲਿਆਂਦਾ ਜਲ ਛਿੜਕਾਇਆ ਗਿਆ। ਉਪ ਰਾਸ਼ਟਰਪਤੀ ਨੇ 550ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਪਿੰਡ-ਪਿੰਡ 550 ਬੂਟੇ ਲਗਾਏ ਜਾਣ ਦੀ ਮੁਹਿੰਮ ਦੀ ਬੂਟਾ ਲਗਾ ਕੇ ਸ਼ੁਰੂਆਤ ਕੀਤੀ।

**ਬਾਦਲਕਿਆਂ ਤੇ ਕਾਂਗਰਸੀਆਂ ਨੇ ਕੀਤੀ ਘਟੀਆ ਸਿਆਸਤ** : ਲਾਂਘੇ ਲਈ ਨੀਂਹ ਪੱਥਰ ਰੱਖੇ ਜਾਣ ਵਾਲੇ ਸਮਾਗਮ ਵਿਚ ਗੁਆਂਢੀ ਮੁਲਕ ਪਾਕਿਸਤਾਨ ਨੂੰ ਸਦਭਾਵਨਾ ਤੇ ਭਾਈਚਾਰਕ ਸਾਂਝ ਮਜ਼ਬੂਤ ਕਰਨ ਦਾ ਸੁਨੇਹਾ ਤਾਂ ਦਿੱਤਾ ਗਿਆ ਪਰ ਇਹ ਸੰਦੇਸ਼ ਪੰਡਾਲ ਵਿਚ ਹਾਜ਼ਰ ਕਾਂਗਰਸੀਆਂ ਅਤੇ ਅਕਾਲੀ ਆਗੂਆਂ 'ਤੇ ਲਾਗੂ ਨਾ ਹੋ ਸਕਿਆ। ਇਸ ਕਾਰਨ ਸਮਾਗਮ ਵਿਚ ਆਪਸੀ ਸਦਭਾਵਨਾ ਦੀ ਥਾਂ ਸਿਆਸਤ ਵਧੇਰੇ ਭਾਰੂ ਰਹੀ।

ਨੀਂਹ ਪੱਥਰ ਨੂੰ ਲੈ ਕੇ ਕੈਬਨਿਟ ਮੰਤਰੀ ਸੁਖਜਿੰਦਰ ਰੰਧਾਵਾ ਉਸ ਵੇਲੇ ਔਖੇ ਹੋ ਗਏ ਜਦੋਂ ਬਾਦਲ ਪਿਓ ਪੁੱਤ ਦਾ ਨਾਮ ਦੇਖਿਆ, ਤਾਂ ਰੰਧਾਵਾ ਨੇ ਨਰਾਜ਼ ਹੋ ਕੇ ਕੈਪਟਨ ਅਮਰਿੰਦਰ ਸਿੰਘ, ਜਾਖੜ ਤੇ ਆਪਣੇ ਨਾਮ ਉੱਤੇ ਚੇਪੀ ਲਾ ਦਿੱਤੀ ਤੇ ਫੇਰ ਲਾਹ ਵੀ ਦਿੱਤੀ।

ਮੰਚ ਤੋਂ ਹਰਸਿਮਰਤ ਕੌਰ ਬਾਦਲ ਨੇ ਮੋਦੀ ਸਰਕਾਰ ਦੇ ਗੁਣਗਾਣ ਕੀਤੇ। ਜਦੋਂ ਉਸ ਨੇ ਸੰਨ 1984 ਦੇ ਸਿੱਖ ਕਤਲੇਆਮ ਦੀ ਗੱਲ ਕੀਤੀ ਤਾਂ ਰੰਧਾਵਾ ਨਰਾਜ਼ ਹੋ ਗਏ ਤੇ ਉਪ ਰਾਸ਼ਟਰਪਤੀ ਨੂੰ ਸ਼ਿਕਾਇਤ ਕੀਤੀ। ਕੈਪਟਨ ਤੇ ਜਾਖੜ ਨੇ ਰੰਧਾਵਾ ਨੂੰ ਸ਼ਾਂਤ ਕੀਤਾ ਪਰ ਰੰਧਾਵਾ ਕਦੇ ਸਟੇਜ ਤੋਂ ਉਤਰ ਜਾਂਦੇ ਤੇ ਕਦੇ ਚੜ੍ਹ ਜਾਂਦੇ ਰਹੇ। ਫੇਰ ਇਕ ਪਾਸੇ ਕੁਰਸੀ ਲੈ ਕੇ ਬਹਿ ਗਏ। ਜਦੋਂ ਪੰਜਾਬ ਕਾਂਗਰਸ ਪ੍ਰਧਾਨ ਸੁਨੀਲ ਜਾਖੜ ਦੀ ਬੋਲਣ ਦੀ ਵਾਰੀ ਆਈ, ਤਾਂ ਉਸ ਨੇ ਨਸ਼ਾ ਤਸਕਰਾਂ ਦੀ ਗੱਲ ਛੋਹ ਲਈ। ਹੇਠਾਂ ਪੰਡਾਲ ਵਿੱਚ ਬੈਠੇ ਬਿਕਰਮ ਮਜੀਠੀਆ ਨੇ ਨਾਅਰੇਬਾਜ਼ੀ ਸ਼ੁਰੂ ਕਰ ਦਿੱਤੀ ਤੇ ਅਕਾਲੀ ਵਰਕਰ ਮਜੀਠੀਆ ਦੇ ਨਾਲ ਪ੍ਰੋਗਰਾਮ ਦਾ ਬਾਈਕਾਟ ਕਰ ਗਏ।

ਸਿਆਸੀ ਆਗੂਆਂ ਦੀ ਨਹੀਂ ਮਿਲੀ ਅੱਖ ਨਾਲ ਅੱਖ :ਭਾਵੇਂ ਨੀਂਹ ਪੱਥਰ ਸਮਾਗਮ ਵਿਚ ਕਾਂਗਰਸ, ਭਾਜਪਾ ਤੇ ਅਕਾਲੀ ਦਲ ਦੇ ਆਗੂ ਸਟੇਜ 'ਤੇ ਹਾਜ਼ਰ ਸਨ ਪਰ ਇਨ੍ਹਾਂ ਆਗੂਆਂ ਦੀ ਆਪਸ ਵਿਚ ਕੋਈ ਦੁਆ ਸਲਾਮ ਨਹੀਂ ਹੋਈ। ਸੁਖਬੀਰ ਬਾਦਲ ਤੇ ਸਿੱਖਿਆ ਮੰਤਰੀ ਓਪੀ ਸੋਨੀ ਗੱਲਬਾਤ ਕਰਦੇ ਦੇਖੇ ਗਏ, ਪਰ ਬਾਕੀ ਆਗੂਆਂ ਨੇ ਇਕ ਦੂਸਰੇ ਨਾਲ ਬੋਲਣਾ ਤਾਂ ਦੂਰ ਅੱਖ ਤੱਕ ਨਾ ਮਿਲਾਈ।

**ਕੈਪਟਨ ਨੇ ਪਾਕਿਸਤਾਨੀ ਫੌਜ ਮੁਖੀ 'ਤੇ ਧਰੀ ਰੱਖੀ ਉਂਗਲ** : ਧਾਰਮਿਕ ਸਮਾਗਮ ਵਿੱਚ ਪੰਜਾਬ ਦੇ ਮੁੱਖ ਮੰਤਰੀ ਅਮਰਿੰਦਰ ਸਿੰਘ ਨੇ ਬਿਲਕੁਲ ਹੀ ਗੈਰ ਜਿੰਮੇਵਾਰਾਨਾ ਭਾਸ਼ਣ ਦਿੱਤਾ, ਜਿਸ ਵਿਚ ਉਹਨਾਂ ਨੇ ਪਾਕਿਸਤਾਨ ਵਿਰੁੱਧ ਕਾਫੀ ਬੇਲੋੜਾ ਬੋਲਿਆ ਅਤੇ ਦੱਸ ਦਿੱਤਾ ਕਿ ਉਹ ਬਾਬੇ ਨਾਨਕ ਦੀ ਬਾਣੀ ਤੇ ਸਿੱਖ ਧਰਮ ਸੱਚੇ ਪੈਰੋਕਾਰ ਨਹੀਂ ਹਨ। ਕੈਪਟਨ ਅਮਰਿੰਦਰ ਸਿੰਘ ਨੇ ਪਾਕਿਸਤਾਨੀ ਫ਼ੌਜ ਮੁਖੀ ਜਨਰਲ ਕਮਰ ਜਾਵੇਦ ਬਾਜਵਾ ਨੂੰ ਵਧੇਰੇ ਨਿਸ਼ਾਨਾ ਬਣਾਇਆ ਅਤੇ ਦੋਸ਼ ਲਾਇਆ ਕਿ ਪਾਕਿਸਤਾਨੀ ਫ਼ੌਜ ਦੇ ਇਸ਼ਾਰੇ 'ਤੇ ਆਈਐਸਆਈ ਭਾਰਤ ਵਿਚ ਖ਼ੂਨ ਖ਼ਰਾਬਾ ਕਰਵਾ ਰਹੀ ਹੈ। ਕੈਪਟਨ ਨੇ ਕਿਹਾ ਕਿ ਉਨ੍ਹਾਂ ਪਾਕਿਸਤਾਨ ਦੇ ਸੱਦੇ ਨੂੰ ਇਸ ਲਈ ਠੁਕਰਾਇਆ ਕਿਉਂਕਿ ਪਾਕਿਸਤਾਨੀ ਫ਼ੌਜ ਸਰਹੱਦ 'ਤੇ ਲੁਕਵੇਂ ਹਮਲੇ ਕਰਕੇ ਭਾਰਤੀ ਫ਼ੌਜੀਆਂ ਨੂੰ ਮਾਰ ਰਹੀ ਹੈ। ਉਨ੍ਹਾਂ ਪਾਕਿਸਤਾਨੀ ਪ੍ਰਧਾਨ ਮੰਤਰੀ ਇਮਰਾਨ ਖ਼ਾਨ ਨੂੰ ਸੁਝਾਅ ਦਿੱਤਾ ਕਿ ਉਹ ਫ਼ੌਜ ਦੀ ਲਗਾਮ ਕੱਸਣ ਅਤੇ ਲੋਕਾਂ ਵਿਰੁੱਧ ਅਤਿਵਾਦ ਨੂੰ ਤੁਰੰਤ ਖ਼ਤਮ ਕਰਨ।

ਉਂਜ ਉਨ੍ਹਾਂ ਕਿਹਾ ਕਿ ਉਹ ਲਾਂਘੇ ਰਾਹੀਂ ਕਰਤਾਰਪੁਰ ਸਾਹਿਬ ਜਾਣ ਵਾਲੇ ਪਹਿਲੇ ਜਥੇ ਵਿਚ ਸ਼ਾਮਲ ਹੋਣਗੇ। ਮੁੱਖ ਮੰਤਰੀ ਨੇ ਆਖਿਆ ਕਿ ਲਾਂਘੇ ਰਾਹੀਂ ਗੁਰਦੁਆਰਾ ਕਰਤਾਰਪੁਰ ਸਾਹਿਬ ਦੇ ਦਰਸ਼ਨ ਕਰਨ ਵਾਸਤੇ ਜਾਣ ਵਾਲੇ ਸ਼ਰਧਾਲੂਆਂ ਲਈ ਐਮ ਵੀਜ਼ਾ ਲਾਗੂ ਕੀਤਾ ਜਾਵੇ, ਜਿਸ ਤਹਿਤ ਨਾ ਪਾਸਪੋਰਟ ਅਤੇ ਨਾ ਹੀ ਵੀਜ਼ਾ ਲੈਣ ਦੀ ਲੋੜ ਪਵੇ। ਉਨ੍ਹਾਂ ਸੁਝਾਅ ਰੱਖਿਆ ਕਿ ਪੰਜਾਬ ਸਰਕਾਰ ਸਰਹੱਦ 'ਤੇ ਵਿਸ਼ਾਲ ਗੇਟ ਉਸਾਰੇਗੀ, ਜਿਸ ਨੂੰ 'ਕਰਤਾਰਪੁਰ ਦਵਾਰ' ਦਾ ਨਾਂ ਦਿੱਤਾ ਜਾਵੇਗਾ। ਉਨ੍ਹਾਂ ਕਸਬਾ ਕਰਤਾਰਪੁਰ ਦੇ ਵਿਕਾਸ ਲਈ ਕਰੋੜਾਂ ਰੁਪਏ ਦੇ ਪ੍ਰੋਜੈਕਟਾਂ ਦਾ ਵੀ ਐਲਾਨ ਕੀਤਾ।

**ਲਾਂਘੇ ਦੇ ਬਹਾਨੇ ਦਾਮਨ ਸਾਫ ਕਰਨਾ ਚਾਹੁੰਦੇ ਨੇ ਬਾਦਲਕੇ** : ਕਰਤਾਰਪੁਰ ਸਾਹਿਬ ਦੇ ਲਾਂਘੇ ਲਈ ਭਾਰਤ ਤੇ ਪਾਕਿਸਤਾਨ ਦੀਆਂ ਸਰਕਾਰਾਂ ਵੱਲੋਂ ਲਏ ਫ਼ੈਸਲਿਆਂ ਨੂੰ ਵੀ ਸ਼੍ਰੋਮਣੀ ਅਕਾਲੀ ਦਲ ਆਪਣੀ ਝੋਲੀ ਪਾਉਣ ਦੇ ਯਤਨਾਂ ਵਿਚ ਹੈ। ਗੁਰਦਾਸਪੁਰ ਜ਼ਿਲ੍ਹੇ ਦੇ ਕਸਬਾ ਡੇਰਾ ਬਾਬਾ ਨਾਨਕ ਵਿਚ ਹੋਏ ਸਰਕਾਰੀ ਸਮਾਗਮ ਦੌਰਾਨ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ, ਕੇਂਦਰੀ ਮੰਤਰੀ ਹਰਸਿਮਰਤ ਕੌਰ ਬਾਦਲ ਅਤੇ ਬਿਕਰਮ ਸਿੰਘ ਮਜੀਠੀਆ ਦੀ ਭਰਵੀਂ ਹਾਜ਼ਰੀ ਨੂੰ ਵੀ ਪਾਰਟੀ ਦੀ ਇਸੇ ਰਣਨੀਤੀ ਦੇ ਹਿੱਸੇ ਵਜੋਂ ਦੇਖਿਆ ਜਾ ਰਿਹਾ ਹੈ। ਵਿਧਾਨ ਸਭਾ ਵਿਚ ਚੋਣਾਂ ਵਿਚ ਮਿਲੀ ਹਾਰ ਤੋਂ ਬਾਅਦ ਬੇਅਦਬੀ ਮਾਮਲੇ ਤੇ ਇਸ ਨਾਲ ਜੁੜੇ ਗੋਲੀ ਕਾਂਡ ਕਰਕੇ 'ਪੰਥਕ' ਪਾਰਟੀ ਕਹਾਉਂਦੇ ਅਕਾਲੀ ਦਲ ਨੂੰ ਚੁਫੇਰਿਓਂ ਸਿਆਸੀ ਸੰਕਟ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

ਸ਼੍ਰੋਮਣੀ ਅਕਾਲੀ ਦਲ ਵੱਲੋਂ ਗੁਰਦੁਆਰਾ ਕਰਤਾਰਪੁਰ ਸਾਹਿਬ ਦੇ ਲਾਂਘੇ ਸਬੰਧੀ ਕੀਤੀ ਜਾ ਰਹੀ ਸਿਆਸਤ ਨੇ ਰਾਜਨੀਤਕ ਧੁਨੰਤਰਾਂ ਨੂੰ ਵੀ ਹੈਰਾਨੀ ਵਿਚ ਪਾ ਦਿੱਤਾ ਹੈ। ਅਕਾਲੀ ਦਲ ਵੱਲੋਂ ਇਸ ਮੁੱਦੇ ਦਾ ਵੱਧ ਤੋਂ ਵੱਧ ਸਿਆਸੀ ਲਾਹਾ ਲੈਣ ਦੇ ਯਤਨ ਕੀਤੇ ਜਾ ਰਹੇ ਹਨ ਤਾਂ ਜੋ ਬੇਅਦਬੀ ਅਤੇ ਗੋਲੀ ਕਾਂਡ ਕਾਰਨ ਨਾਰਾਜ਼ ਸਿੱਖਾਂ ਨੂੰ ਨੇੜੇ ਲਿਆਂਦਾ ਜਾ ਸਕੇ ਪਰ ਸ਼ਾਇਦ ਅਕਾਲੀ ਭੁੱਲ ਗਏ ਕਿ ਉਹਨਾਂ ਵਲੋਂ ਕੀਤੀਆਂ ਭੁੱਲਾਂ ਨੂੰ ਸਿੱਖ ਪੰਥ ਤਾਂ ਕੀ ਸਿੱਖ ਕੌਮ ਪ੍ਰਤੀ ਹਮਦਰਦੀ ਰੱਖਦੇ ਲੋਕ ਵੀ ਕਦੇ ਮਾਫ ਨਹੀਂ ਕਰ ਸਕਣਗੇ। ਇਸ ਦੀ ਮਿਸਾਲ ਉਦੋਂ ਮਿਲੀ ਜਦੋਂ ਕੇਂਦਰੀ ਮੰਤਰੀ ਹਰਸਿਮਰਤ ਕੌਰ ਬਾਦਲ ਭਾਸ਼ਣ ਦੇਣ ਲੱਗੀ ਤਾਂ ਦੂਜੇ ਮੰਚ 'ਤੇ ਬੈਠੇ ਸੰਤ ਸਮਾਜ ਦੇ ਆਗੂ ਪੰਡਾਲ ਛੱਡ ਕੇ ਚਲੇ ਗਏ। ਬਾਬਾ ਸਰਬਜੋਤ ਸਿੰਘ ਬੇਦੀ ਪ੍ਰਧਾਨ ਗੁਰਮਤਿ ਸਿਧਾਂਤ ਪਰਚਾਰਕ ਸੰਤ ਸਮਾਜ ਨੇ ਕਿਹਾ ਕਿ ਬਾਦਲ ਪਰਿਵਾਰ ਗੁਰੂ ਨਾਨਕ ਘਰ ਦਾ ਅਪਰਾਧੀ ਹੈ। ਇਹ ਗੁਰੂ ਗਰੰਥ ਸਾਹਿਬ ਦੀ ਬੇਅਦਬੀ ਲਈ ਦੋਸ਼ੀ ਹਨ। ਇਸ ਨੂੰ ਮਾਫ ਨਹੀਂ ਕੀਤਾ ਜਾ ਸਕਦਾ। ਸਰਕਾਰ ਨੂੰ ਅਜਿਹੇ ਲੋਕ ਧਾਰਮਿਕ ਮੰਚ ਤੇ ਨਹੀਂ ਲਿਆਉਣੇ ਚਾਹੀਦੇ।

**ਅਕਾਲੀ ਤੇ ਕਾਂਗਰਸੀ ਮਾਨਸਿਕ ਦੀਵਾਲੀਏਪਣ ਦਾ ਸ਼ਿਕਾਰ-ਭਗਵੰਤ ਮਾਨ** : ਲਾਂਘੇ ਦੇ ਨੀਂਹ ਪੱਥਰ ਸਮਾਗਮ ਦੌਰਾਨ ਕਾਂਗਰਸੀ ਅਤੇ ਅਕਾਲੀ ਆਗੂਆਂ ਵੱਲੋਂ ਰਾਜਨੀਤੀ ਕਰਨ ਉੱਤੇ ਪ੍ਰਤੀਕਿਰਿਆ ਜ਼ਾਹਿਰ ਕਰਦਿਆਂ ਆਮ ਆਦਮੀ ਪਾਰਟੀ ਦੇ ਸੰਸਦ ਮੈਂਬਰ ਭਗਵੰਤ ਮਾਨ ਨੇ ਇਸ ਨੂੰ ਦੋਵਾਂ ਪਾਰਟੀਆਂ ਦੀ ਮਾਨਸਿਕ ਕੰਗਾਲੀ ਕਰਾਰ ਦਿੱਤਾ ਹੈ। ਉਹਨਾਂ ਕਿਹਾ ਕਿ ਸੁਖਜਿੰਦਰ ਰੰਧਾਵਾ, ਸੁਨੀਲ ਜਾਖੜ, ਹਰਸਿਮਰਤ ਕੌਰ ਬਾਦਲ ਅਤੇ ਬਿਕਰਮ ਮਜੀਠੀਆ ਦਾ ਵਿਹਾਰ ਅਤਿ ਨਿੰਦਣਯੋਗ ਹੈ। ਉਨ੍ਹਾਂ ਕਿਹਾ ਕਿ ਸਮੁੱਚੇ ਵਿਸ਼ਵ ਦੇ ਗੁਰੂ ਨਾਨਕ ਸਾਹਿਬ ਦੇ ਸਮਾਗਮ ਦੌਰਾਨ ਰਾਜਨੀਤੀ ਕਰਨਾ ਅਕਾਲੀਆਂ ਅਤੇ ਕਾਂਗਰਸੀਆਂ ਦੀ ਘਟੀਆ ਸੋਚ ਦਾ ਪ੍ਰਗਟਾਵਾ ਹੈ।

**ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਵੱਲੋਂ ਸਿੱਧੂ ਦੀ ਸ਼ਲਾਘਾ** : ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੂੰ ਵੀ ਪਾਕਿਸਤਾਨ ਸਰਕਾਰ ਨੇ ਰਸਮੀ ਤੌਰ 'ਤੇ ਕਰਤਾਰਪੁਰ ਸਾਹਿਬ ਵਿਖੇ ਲਾਂਘੇ ਦੇ ਨੀਂਹ ਪੱਥਰ ਦੇ ਸਮਾਰੋਹ ਲਈ ਸੱਦਾ ਭੇਜਿਆ ਪਰ ਜਥੇਦਾਰ ਹੁਰਾਂ ਨੇ ਉਹ ਸੱਦਾ ਮੁੱਢੋਂ ਰੱਦ ਕਰ ਦਿੱਤਾ। ਉਨ੍ਹਾਂ ਆਪਣੇ ਜਵਾਬ ਵਿੱਚ ਨਾ ਆਉਣ ਦਾ ਕਾਰਣ 'ਆਪਣੇ ਅੰਤਾਂ ਦੇ ਰੁਝੇਵੇਂ' ਦੱਸਿਆ ਹੈ। ਉਂਝ ਉਨ੍ਹਾਂ ਕਰਤਾਰਪੁਰ ਸਾਹਿਬ ਲਾਂਘੇ ਦੇ ਮਾਮਲੇ 'ਤੇ ਨਵਜੋਤ ਸਿੰਘ ਸਿੱਧੂ ਵੱਲੋਂ ਕੀਤੇ ਜਤਨਾਂ ਦੀ ਸ਼ਲਾਘਾ ਕੀਤੀ।

ਅਕਾਲ ਤਖ਼ਤ ਸਾਹਿਬ ਤੋਂ ਪੰਜ ਸਿੰਘ ਸਾਹਿਬਾਨ ਦਾ ਹੁਕਮ ਵੀ ਸਾਰੀਆਂ ਸਿੱਖ ਜੱਥੇਬੰਦੀਆਂ ਨੂੰ ਜਾਰੀ ਕੀਤਾ ਗਿਆ ਹੈ ਕਿ ਇਸ ਮਾਮਲੇ 'ਤੇ ਕਿਸੇ ਵੀ ਤਰ੍ਹਾਂ ਦੀ ਰਾਜਨੀਤੀ ਨਾ ਕੀਤੀ ਜਾਵੇ। ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਸ੍ਰੀ ਅਕਾਲ ਤਖ਼ਤ ਸਾਹਿਬ ਦਾ ਇਹ ਹੁਕਮ ਕੈਪਟਨ ਤੋਂ ਲੈ ਕੇ ਸੁਖਬੀਰ ਬਾਦਲ ਤੇ ਹਰਸਿਮਰਤ ਕੌਰ ਬਾਦਲ ਸਭ 'ਤੇ ਲਾਗੂ ਹੋਵੇਗਾ।

## ਕਰਤਾਰਪੁਰ ਸਾਹਿਬ ਦਾ ਮਹਾਨ ਇਤਿਹਾਸ

ਇਤਿਹਾਸ ਅਨੁਸਾਰ ਗੁਰੂ ਨਾਨਕ ਦੇਵ ਜੀ ਨੇ ਕਰਤਾਰਪੁਰ ਦੀ ਨੀਂਹ ਸੰਨ 1515 ਈ: ਵਿਚ ਰੱਖੀ ਸੀ ਅਤੇ ਸੰਨ 1522 ਵਿਚ ਉਨ੍ਹਾਂ ਨੇ ਇਸ ਥਾਂ 'ਤੇ ਆਪਣੇ ਮਾਤਾ-ਪਿਤਾ ਅਤੇ ਬੱਚਿਆਂ ਨੂੰ ਵੀ ਲੈ ਆਂਦਾ ਸੀ। (ਪ੍ਰਸਿੱਧ ਸਿੱਖ ਵਿਦਵਾਨ ਡਾ: ਰਤਨ ਸਿੰਘ ਜੱਗੀ ਅਨੁਸਾਰ ਗੁਰੂ ਨਾਨਕ ਦੇਵ ਜੀ ਨੇ ਇਸ ਨਗਰ ਦੀ ਨੀਂਹ ਸੰਨ 1504 ਈ: ਵਿਚ ਰੱਖੀ ਸੀ)। ਇਸ ਅਸਥਾਨ 'ਤੇ ਗੁਰੂ ਸਾਹਿਬ ਦੀਆਂ ਸਰਗਰਮੀਆਂ ਬਾਰੇ ਭਾਈ ਗੁਰਦਾਸ ਨੇ ਆਪਣੀ ਪਹਿਲੀ ਵਾਰ ਦੀਆਂ ਦੋ ਪਉੜੀਆਂ 38 ਅਤੇ 45 ਵਿਚ ਕੁਝ ਰੌਸ਼ਨੀ ਪਾਈ ਹੈ :

-ਫਿਰਿ ਬਾਬਾ ਆਇਆ ਕਰਤਾਰਪੁਰਿ
ਭੇਖੁ ਉਦਾਸੀ ਸਗਲ ਉਤਾਰਾ।
ਪਹਿਰਿ ਸੰਸਾਰੀ ਕਪੜੇ
ਮੰਜੀ ਬੈਠਿ ਕੀਆ ਅਵਤਾਰਾ।
ਗਿਆਨੁ ਗੋਸਟਿ ਚਰਚਾ
ਸਦਾ ਅਨਹਦਿ ਸਬਦਿ ਉਠੇ ਧੁਨਕਾਰਾ।
ਸੋਦਰੁ ਆਰਤੀ ਗਾਵੀਐ
ਅੰਮ੍ਰਿਤ ਵੇਲੇ ਜਾਪੁ ਉਚਾਰਾ।
ਗੁਰਮੁਖਿ ਭਾਰਿ ਅਥਰਬਣਿ ਤਾਰਾ।। 38।।
ਜਾਰਤਿ ਕਰਿ ਮੁਲਤਾਨ ਦੀ
ਫਿਰਿ ਕਰਤਾਰਿਪੁਰੇ ਨੋ ਆਇਆ।
ਚੜ੍ਹੇ ਸਵਾਈ ਦਿਹਿ ਦਿਹੀ
ਕਲਿਜੁਗਿ ਨਾਨਕ ਨਾਮ ਧਿਆਇਆ।
ਥਾਪਿਆ ਲਹਿਣਾ ਜੀਂਵਦੇ
ਗੁਰਿਆਈ ਸਿਰਿ ਛਤ੍ਰ ਫਿਰਾਇਆ।
ਜੋਤੀ ਜੋਤਿ ਮਿਲਾਇ ਕੈ
ਸਤਿਗੁਰ ਨਾਨਕ ਰੂਪੁ ਵਟਾਇਆ। .

ਭਾਈ ਗੁਰਦਾਸ ਦੇ ਅਨੁਸਾਰ ਇਥੇ ਆ ਕੇ ਗੁਰੂ ਨਾਨਕ ਦੇਵ ਜੀ ਨੇ ਆਪਣਾ ਉਦਾਸੀਆਂ ਵਾਲਾ ਭਾਵ ਸਾਧੂ-ਸੰਤਾਂ ਵਾਲਾ ਪਹਿਰਾਵਾ ਉਤਾਰ ਦਿੱਤਾ ਅਤੇ ਆਮ ਸੰਸਾਰੀ ਲੋਕਾਂ ਵਾਲੇ ਕੱਪੜੇ ਪਹਿਨ ਲਏ ਅਤੇ ਇਸ ਸਥਾਨ 'ਤੇ ਹੀ ਗੁਰੂ ਨਾਨਕ ਦੇਵ ਜੀ ਨੇ ਭਾਈ ਲਹਿਣਾ ਦੀ ਪਰਖ-ਪੜਚੋਲ ਕਰਕੇ ਉਨ੍ਹਾਂ ਨੂੰ ਸਿੱਖੀ ਦੇ ਪ੍ਰਚਾਰ-ਪ੍ਰਸਾਰ ਲਈ ਆਪਣਾ ਵਾਰਿਸ ਨਿਯੁਕਤ ਕੀਤਾ ਤੇ ਉਸ ਨੂੰ ਅੰਗਦ ਦਾ ਨਾਂਅ ਦਿੱਤਾ ਅਤੇ ਜੋ ਸਿੱਖ ਪੰਥ ਦੇ ਦੂਜੇ ਗੁਰੂ ਸ੍ਰੀ ਗੁਰੂ ਅੰਗਦ ਦੇਵ ਜੀ ਬਣੇ।

ਇਤਿਹਾਸ ਅਨੁਸਾਰ ਕਰਤਾਰਪੁਰ ਦੇ ਇਸੇ ਸਥਾਨ 'ਤੇ ਗੁਰੂ ਨਾਨਕ ਦੇਵ ਜੀ ਨੇ ਖੇਤੀਬਾੜੀ ਕਰਨੀ ਆਰੰਭ ਦਿੱਤੀ ਅਤੇ ਵੱਡੀ ਗਿਣਤੀ ਵਿਚ ਸੰਗਤਾਂ ਦੂਰੋਂ-ਨੇੜਿਓਂ ਇਥੇ ਆਉਣ ਲੱਗ ਪਈਆਂ। ਸੁਬਹ-ਸਵੇਰੇ ਗੁਰੂ ਨਾਨਕ ਦੇਵ ਜੀ ਤੇ ਭਾਈ ਮਰਦਾਨਾ ਜੀ ਬਾਣੀ ਦਾ ਕੀਰਤਨ ਕਰਦੇ ਸਨ ਅਤੇ ਉਸ ਤੋਂ ਬਾਅਦ ਖੇਤੀਬਾੜੀ ਦੇ ਕੰਮ ਵਿਚ ਰੁਝ ਜਾਂਦੇ ਸਨ। ਹੌਲੀ-ਹੌਲੀ ਇਸ ਨਗਰ ਦੀ ਆਬਾਦੀ ਵਧਣ ਲੱਗ ਪਈ ਅਤੇ ਕੁਝ ਸੰਗਤਾਂ ਪੱਕੇ ਤੌਰ 'ਤੇ ਗੁਰੂ ਸਾਹਿਬ ਨਾਲ ਇਸ ਸਥਾਨ 'ਤੇ ਰਹਿਣ ਲੱਗ ਪਈਆਂ। ਉਨ੍ਹਾਂ ਦੇ ਰਹਿਣ ਲਈ ਉਸ ਸਮੇਂ ਦੀਆਂ ਸਥਿਤੀਆਂ ਮੁਤਾਬਿਕ ਕਮਰੇ ਬਣਵਾਏ ਗਏ ਅਤੇ ਕੀਰਤਨ ਲਈ ਵੀ ਇਕ ਵਿਸ਼ੇਸ਼ ਸਥਾਨ ਬਣਾਇਆ ਗਿਆ। ਹਰ ਸ਼ਾਮ ਨੂੰ ਵੀ ਸਵੇਰ ਦੀ ਤਰ੍ਹਾਂ ਹੀ ਭਾਈ ਮਰਦਾਨਾ ਅਤੇ ਗੁਰੂ ਨਾਨਕ ਦੇਵ ਜੀ ਬਾਣੀ ਪੜ੍ਹਦੇ ਅਤੇ ਕੀਰਤਨ ਕਰਦੇ, ਜਿਸ ਨੂੰ ਸੰਗਤਾਂ ਬੇਹੱਦ ਸ਼ਰਧਾ ਨਾਲ ਸਰਵਣ ਕਰਦੀਆਂ। ਇਥੇ ਰਹਿਣ ਵਾਲੇ ਸਾਰੇ ਸ਼ਰਧਾਲੂ ਇਕੱਠਿਆਂ ਖੇਤੀਬਾੜੀ ਦਾ ਕੰਮ ਕਰਦੇ, ਭੋਜਨ ਤਿਆਰ ਕਰਦੇ ਅਤੇ ਇਕੱਠੇ ਹੀ ਰਲ ਮਿਲ ਕੇ ਛਕਦੇ। ਕਿਹਾ ਜਾਂਦਾ ਹੈ ਕਿ ਸਿੱਖ ਪੰਥ ਵਿਚ ਲੰਗਰ ਦੀ ਪਰੰਪਰਾ ਇਸ ਸਥਾਨ ਤੋਂ ਹੀ ਵਿਕਸਤ ਹੋਈ। ਉਸ ਸਮੇਂ ਦਾ ਸਮਾਜ ਜੋ ਕਿ ਜਾਤਾਂ, ਧਰਮਾਂ ਦੇ ਆਧਾਰ 'ਤੇ ਬੁਰੀ ਤਰ੍ਹਾਂ ਵੰਡਿਆ ਹੋਇਆ ਸੀ, ਗੁਰੂ ਨਾਨਕ ਦੇਵ ਜੀ ਨੇ ਉਨ੍ਹਾਂ ਸਾਰੇ ਲੋਕਾਂ ਨੂੰ ਮਿਲ ਕੇ ਲੰਗਰ ਤਿਆਰ ਕਰਨ ਅਤੇ ਸੰਗਤ ਵਿਚ ਬਰਾਬਰ ਬੈਠ ਕੇ ਲੰਗਰ ਛਕਣ ਦੇ ਇਕ ਅਜਿਹੇ ਅਮਲ ਵਿਚ ਢਾਲਿਆ, ਜਿਸ ਨਾਲ ਊਚ-ਨੀਚ ਅਤੇ ਜਾਤ-ਪਾਤ ਦੇ ਬੰਧਨ ਟੁੱਟਣੇ ਸ਼ੁਰੂ ਹੋ ਗਏ। ਮਨੁੱਖੀ ਬਰਾਬਰੀ ਅਤੇ ਮਨੁੱਖੀ ਸਨਮਾਨ ਦਾ ਸੰਕਲਪ ਉੱਭਰਿਆ। ਇਸ ਸਥਾਨ ਤੋਂ ਗੁਰੂ ਨਾਨਕ ਦੇਵ ਜੀ ਨੇ ਖੇਤੀਬਾੜੀ ਦਾ ਕਿੱਤਾ ਆਰੰਭ ਕਰਕੇ ਅਤੇ ਇਸ ਕਿਰਤ ਦੇ ਅਮਲ ਵਿਚ ਉਥੇ ਰਹਿਣ ਵਾਲੇ ਸਾਰੇ ਲੋਕਾਂ ਨੂੰ ਸ਼ਾਮਿਲ ਕਰਕੇ ਦੁਨੀਆ ਅੱਗੇ ਕਿਰਤ ਦੇ ਮਹੱਤਵ ਨੂੰ ਵੀ ਪੇਸ਼ ਕੀਤਾ। ਇਸ ਅਮਲ ਵਿਚੋਂ ਹੀ ਨਾਮ ਜਪੋ, ਕਿਰਤ ਕਰੋ ਅਤੇ ਵੰਡ ਛਕੋ ਦਾ ਉਨ੍ਹਾਂ ਦਾ ਸ਼੍ਰੋਮਣੀ ਸਿਧਾਂਤ ਅਮਲੀ ਰੂਪ ਵਿਚ ਉੱਭਰ ਕੇ ਸਾਹਮਣੇ ਆਇਆ।

ਕਿਹਾ ਜਾਂਦਾ ਹੈ ਕਿ ਗੁਰਦੁਆਰਾ ਕਰਤਾਰਪੁਰ ਦਰਬਾਰ ਸਾਹਿਬ ਦੀ ਇਮਾਰਤ ਦੀ ਹੁਣ ਵਾਲੀ ਉਸਾਰੀ ਮਹਾਰਾਜਾ ਰਣਜੀਤ ਸਿੰਘ ਦੇ ਕਾਲ ਵਿਚ ਕਰਵਾਈ ਗਈ ਸੀ। ਬਾਅਦ ਵਿਚ ਪਟਿਆਲੇ ਦੇ ਮਹਾਰਾਜਾ ਸ. ਭੁਪਿੰਦਰ ਸਿੰਘ ਨੇ 1,35,600 ਰੁਪਏ ਦੀ ਲਾਗਤ ਨਾਲ ਇਸ ਇਮਾਰਤ ਦਾ ਨਵੀਨੀਕਰਨ ਕਰਵਾਇਆ। ਸੰਨ 1995 ਵਿਚ ਪਾਕਿਸਤਾਨ ਦੀ ਸਰਕਾਰ ਨੇ ਵੀ ਇਸ ਦੀ ਮੁਰੰਮਤ ਦਾ ਕੰਮ ਸ਼ੁਰੂ ਕਰਵਾਇਆ ਜੋ ਸੰਨ 2004 ਵਿਚ ਪੂਰਾ ਹੋਇਆ ਸੀ। ਇਹ ਗੁਰਦੁਅਰਾ ਸਾਹਿਬ ਡੇਰਾ ਬਾਬਾ ਨਾਨਕ ਤੋਂ 4 ਕਿਲੋਮੀਟਰ ਦੀ ਦੂਰੀ 'ਤੇ ਸਥਿਤ ਹੈ ਅਤੇ ਹੁਣ ਪਾਕਿਸਤਾਨ ਦੇ ਨਾਰੋਵਾਲ ਜ਼ਿਲ੍ਹੇ ਵਿਚ ਪੈਂਦਾ ਹੈ ਅਤੇ ਜੇਕਰ ਅਗਲੇ ਸਾਲ ਗੁਰੂ ਨਾਨਕ ਦੇਵ ਜੀ ਦੇ 550ਵੇਂ ਗੁਰਪੁਰਬ 'ਤੇ ਦੋਵਾਂ ਦੇਸ਼ਾਂ ਵਲੋਂ ਰਾਵੀ ਦਰਿਆ ਦੇ ਉੱਪਰ ਦੀ ਲਾਂਘੇ ਦੀ ਉਸਾਰੀ ਕਰ ਦਿੱਤੀ ਜਾਂਦੀ ਹੈ ਤਾਂ ਡੇਰਾ ਬਾਬਾ ਨਾਨਕ ਤੋਂ 20 ਮਿੰਟਾਂ ਵਿਚ ਸ਼ਰਧਾਲੂ ਗੁਰਦੁਆਰਾ ਕਰਤਾਰਪੁਰ ਪਹੁੰਚ ਕੇ ਇਸ ਇਤਿਹਾਸਕ ਅਸਥਾਨ ਦੇ ਦਰਸ਼ਨ ਕਰ ਸਕਣਗੇ।

## ਕੈਪਟਨ ਵੱਲੋਂ 965 ਕਰੋੜ ਦੇ ਪ੍ਰਾਜੈਕਟਾਂ ਦਾ ਐਲਾਨ

ਦੀ ਮੁਰੰਮਤ ਲਈ 56.6 ਕਰੋੜ ਰੁਪਏ ਖ਼ਰਚੇ ਜਾਣਗੇ ਜਦਕਿ ਪੁਲਾਂ ਨੂੰ ਅਪਗ੍ਰੇਡ ਕਰਨ ਲਈ 9 ਕਰੋੜ ਰੁਪਏ ਰੱਖੇ ਗਏ ਹਨ। ਮੰਡੀਆਂ ਦੇ ਨਵੀਨੀਕਰਨ ਲਈ 10.7 ਕਰੋੜ ਰੁਪਏ ਖ਼ਰਚੇ ਜਾਣਗੇ। ਅੱਪਰ ਬਾਰੀ ਦੁਆਬ ਨਹਿਰ ਰਾਹੀਂ ਡੇਰਾ ਬਾਬਾ ਨਾਨਕ ਅਤੇ ਫਤਿਹਗੜ੍ਹ ਚੂੜੀਆਂ ਬਲਾਕਾਂ ਦੇ 40 ਪਿੰਡਾਂ ਵਿਚ 61 ਕਰੋੜ ਰੁਪਏ ਦੀ ਲਾਗਤ ਨਾਲ ਪੀਣ ਵਾਲਾ ਪਾਣੀ ਦਿੱਤਾ ਜਾਵੇਗਾ। ਸ੍ਰੀ ਹਰਗੋਬਿੰਦਪੁਰ ਬਲਾਕ ਦੇ ਪਿੰਡ ਘੁੰਮਣ ਲਈ ਜਲ ਸਪਲਾਈ ਅਤੇ ਸੀਵਰੇਜ ਪ੍ਰਾਜਕੈਟ ਲਈ 17 ਕਰੋੜ ਅਤੇ 58 ਪ੍ਰਭਾਵਿਤ ਪਿੰਡਾਂ ਦੇ ਜਲ ਪ੍ਰਾਜੈਕਟ ਲਈ 98 ਕਰੋੜ ਰੁਪਏ ਰੱਖੇ ਗਏ ਹਨ।

## ਭਾਰਤੀ ਵਿਦਿਆਰਥੀਆਂ ਤੋਂ ਹੋ ਰਹੀ ਹੈ 80 ਹਜ਼ਾਰ ਕਰੋੜ ਦੀ ਸਾਲਾਨਾ ਕਮਾਈ

ਕਰ ਰਹੇ ਹਨ ਅਤੇ ਨਿਊਯਾਰਕ ਕੈਲੀਫੋਰਨੀਆ ਅਤੇ ਮੈਸਾਚੂਏਟਸ ਵਰਗੀਆਂ ਥਾਵਾਂ 'ਤੇ ਰਹਿ ਰਹੇ ਹਨ। ਅਮਰੀਕਾ ਵਿਚ ਵਿਦੇਸ਼ੀ ਵਿਦਿਆਰਥੀਆਂ ਤੋਂ ਵੱਧ ਫੀਸ ਲਈ ਜਾਂਦੀ ਹੈ। ਵਿਸ਼ਵ ਵਿਆਪੀ ਉੱਚ ਸਿੱਖਿਆ ਸੰਸਥਾਵਾਂ ਦੀ ਰੈਂਕਿੰਗ ਜਾਰੀ ਕਰਨ ਵਾਲੀ ਸੰਸਥਾ ਮੁਤਾਬਕ, ਅਮਰੀਕੀ ਉੱਚ ਸਿੱਖਿਆ ਸੰਸਥਾਨਾਂ ਵਿਚ ਟਿਊਸ਼ਨ ਫੀਸ ਸਾਢੇ ਤਿੰਨ ਲੱਖ ਰੁਪਏ ਤੋਂ ਲੈ ਕੇ 35 ਲੱਖ ਰੁਪਏ ਤੱਕ ਹੁੰਦੀ ਹੈ। ਔਸਤ ਫੀਸ ਕਰੀਬ 23.5 ਲੱਖ ਰੁਪਏ ਹੈ। ਨਾਲ ਹੀ ਉਥੇ ਰਹਿਣ ਲਈ ਆਉਣ ਵਾਲਿਆਂ ਦਾ ਸਾਲਾਨਾ ਔਸਤ ਖਰਚ 7.61 ਲੱਖ ਰੁਪਏ ਬੈਠਦਾ ਹੈ। ਅੰਦਾਜ਼ੇ ਮੁਤਾਬਕ ਕਿਸੇ ਵੀ ਵਿਦੇਸ਼ੀ ਵਿਦਿਆਰਥੀ ਲਈ ਆਉਣ ਵਾਲਾ ਖਰਚ 59.78 ਹਜ਼ਾਰ ਅਮਰੀਕੀ ਡਾਲਰ ਹੈ। ਰੁਪਏ ਵਿਚ ਵੇਖਿਆ ਜਾਵੇ ਤਾਂ ਕਰੀਬ 42 ਲੱਖ ਰੁਪਏ ਸਾਲਾਨਾ ਦੇ ਬਰਾਬਰ ਹੈ। ਇਹ ਭਾਰਤ ਦੇ ਕੁੱਲ ਸਿੱਖਿਆ ਬਜਟ ਦੇ ਕਰੀਬ ਪਹੁੰਚ ਜਾਂਦਾ ਹੈ।

## ਗੁਰਦੁਆਰਾ ਸਿੰਘ ਸਭਾ ਮਿਲਪੀਟਸ ਦੀ ਪੰਜਵੀਂ ਵਰੇਗੰਢ ਸ਼ਾਨੋਸ਼ੌਕਤ ਨਾਲ ਮਨਾਈ

ਹਮਾਇਤੀ ਡਾਕਟਰ ਇਕਤਦਾਰ ਚੀਮਾ ਪਹੁੰਚੇ ਹੋਏ ਸਨ। ਉਹ ਸੰਯੁਕਤ ਰਾਸ਼ਟਰ ਸੰਘ ਦੀ ਧਾਰਮਿਕ ਅਧਿਕਾਰਾਂ ਵਾਲੀ ਕਮੇਟੀ ਦੇ ਮੈਂਬਰ ਹਨ। ਯੂਐਨਓ ਚਾਰਟਰ ਵਿਚ ਸੰਸਾਰ ਦੇ ਵੱਡੇ ਪੰਜ ਧਰਮਾਂ ਦੀਆਂ ਪਵਿੱਤਰ ਬਾਣੀਆਂ ਸ਼ਾਮਲ ਕਰਨੀਆਂ ਸਨ। ਡਾਕਟਰ ਚੀਮਾਂ ਦੇ ਉਦਮ ਨਾਲ ਸਿੱਖ ਧਰਮ ਨੂੰ ਪੰਜਵੇਂ ਵੱਡੇ ਧਰਮ ਵੱਜੋਂ ਮਾਨਤਾ ਮਿਲੀ ਤੇ ਡਾਕਟਰ ਚੀਮਾ ਦੀਆਂ ਕੋਸ਼ਿਸ਼ਾਂ ਸਦਕਾ ਸ੍ਰੀ ਗੁਰੂ ਗਰੰਥ ਸਾਹਿਬ ਵਿਚੋਂ ਇਲਾਹੀ ਬਾਣੀ ਦੀਆਂ ਤਿੰਨ ਤੁਕਾਂ ਸੰਯੁਕਤ ਰਾਸ਼ਟਰ ਸੰਘ ਦੇ ਚਾਰਟਰ ਵਿਚ ਸ਼ਾਮਲ ਕੀਤੀਆਂ ਗਈਆਂ ਹਨ।

ਸਟੇਜ ਦੀ ਕਾਰਵਾਈ ਏਜੀਪੀਸੀ ਦੇ ਪ੍ਰਧਾਨ ਭਾਈ ਜਸਵੰਤ ਸਿੰਘ ਹੋਠੀ ਨੇ ਚਲਾਈ। ਇਸ ਮੌਕੇ ਬੇਅ ਏਰੀਏ ਤੇ ਸੈਂਟਰਲ ਵੈਲੀ ਦੇ ਪੰਦਰਾਂ ਗੁਰਦੁਆਰਿਆਂ ਦੇ ਸੇਵਦਾਰ ਵਿਸੇਸ਼ ਸੱਦੇ ਉਤੇ ਪਹੁੰਚੇ ਹੋਏ ਸਨ, ਜਿਨਾਂ ਨੂੰ ਖਾਸ ਤੌਰ ਉਤੇ ਸੰਯੁਕਤ ਰਾਸ਼ਟਰ ਸੰਘ ਦੇ ਚਾਰਟਰ ਵਿਚ ਸ਼ਾਮਲ ਗੁਰਬਾਣੀ ਵਾਲੀ ਦਸਤਾਵੇਜ਼ ਵਾਲੀ ਪਲੈਕ ਭੇਟ ਕੀਤੀ ਗਈ, ਜਿਹੜੀ ਉਹ ਆਪਣੇ ਆਪਣੇ ਗੁਰਦੁਆਰਾ ਸਾਹਿਬ ਵਿਚ ਸੰਗਤਾਂ ਦੀ ਜਾਣਕਾਰੀ ਲਈ ਲਾਉਣਗੇ।

ਇਸ ਖਾਸਮਖਾਸ ਦਸਤਾਵੇਜ਼ ਬਾਰੇ ਡਾਕਟਰ ਚੀਮਾ ਨੇ ਸੰਗਤਾਂ ਨਾਲ ਆਪਣੇ ਵੀਚਾਰ ਸਾਂਝੇ ਕਰਦਿਆਂ ਕਿਹਾ ਕਿ ਉਨਾਂ ਨੂੰ ਇਹ ਮਾਣ ਹੈ ਕਿ ਸਿੱਖ ਕੌਮ ਦਾ ਮਾਣ ਰੱਖਣ ਦੀ ਸੇਵਾ ਦਾ ਕਾਰਜ ਉਨਾਂ ਕੋਲੋਂ ਹੋਇਆ ਹੈ। ਉਨ੍ਹਾ ਕਿਹਾ ਕਿ ਇਹ ਕੁਦਰਤੀ ਹੀ ਹੋ ਗਿਆ, ਕਿਉਂਕਿ ਉਹ ਚਾਰਟਰ ਤਿਆਰ ਕਰਨ ਵਾਲੀ ਇਸ ਖਾਸ ਕਿਸਮ ਦੀ ਕਮੇਟੀ ਦੀ ਪ੍ਰਧਾਨਗੀ ਕਰ ਰਹੇ ਸਨ ਤੇ ਉਨਾਂ ਕਿਹਾ ਕਿ ਜਦ ਤਕ ਸਿੱਖ ਧਰਮ ਇਸ ਵਿਚ ਸ਼ਾਮਲ ਨਹੀਂ ਕੀਤਾ ਜਾਵੇਗਾ,ਉਹ ਇਸ 'ਤੇ ਦਸਤਖਤ ਨਹੀਂ ਕਰਨਗੇ। ਸ. ਹੋਠੀ ਨੇ ਦੱਸਿਆ ਕਿ ਗੁਰਦੁਆਰਾ ਸਾਹਿਬ ਦੀ ਨਵੀਂ ਇਮਾਰਤ ਅਗਲੇ ਸਾਲ ਤਿਆਰ-ਬਰ-ਤਿਆਰ ਹੋ ਜਾਵੇਗੀ, ਜਿਥੇ ਵੱਡੇ-ਵੱਡੇ ਪੰਥਕ ਸਮਾਗਮ ਤੇ ਵਿਚਾਰ ਗੋਸ਼ਟੀਆਂ ਹੋਇਆ ਕਰਨਗੀਆਂ।

# Valley Real Estate Center

**Better Deal Will be given from New Builders to Book New home in Mountain House, Tracy, Manteca and Lathrop, livermore, Dublin ,Pleasanpon and Fremont**

**For agriculture and almond Farm, office building, Farm House and for Truck Yard in Tracy Manteca**

ਮਾਊਂਟੇਨ ਹਾਊਸ, ਟਰੇਸੀ, ਮਨਟੀਕਾ ਅਤੇ ਲੈਥਰੋਪ, ਲਿਵਰਮੋਰ, ਡੁਬਲਿਨ, ਪਲੀਸਨਪੌਨ ਅਤੇ ਫਰੀਮਾਂਟ ਵਿਚ ਨਵਾਂ ਘਰ ਬੁੱਕ ਕਰਨ ਲਈ ਨਵੇਂ ਤੇ ਤਜਰਬੇਕਾਰ ਬਿਲਡਰਜ਼ ਤੋਂ ਵਧੀਆ ਡੀਲ ਦਿਵਾਈ ਜਾਵੇਗੀ।

ਖੇਤੀਬਾੜੀ, ਅਲਮੰਡ ਫਾਰਮ, ਆਫਿਸ ਬਿਲਡਿੰਗ, ਫਾਰਮ ਹਾਊਸ ਅਤੇ ਟਰੱਕ ਯਾਰਡ ਲਈ ਵੀ ਵਧੀਆ ਸੇਵਾਵਾਂ ਹਾਸਲ ਕਰੋ।













ਇਹ ਆਲੀਸ਼ਾਨ ਘਰ ਵਿਕਾਊ ਹੈ

Lot Size 4770 Sq. Ft, Year Built 2009, Property type 1 House on lot attached, Community Mountain House, County San joaquin
637 Esplanade Dr. Mountain House, CA 95391,
Price $ 640,000, Beds 4, Baths 3, 2695 Sq. Ft.

## Priti Singh (925) 999-0823

CA BRE Licence #02024721 info@pritisingh.com

# RESIDENTIAL, COMMERCIAL AND SOLAR FARMS

with Sunpreme High Performance Bifacial Smart Panels

ਆਪਣੇ ਘਰ ਅਤੇ ਕਾਰੋਬਾਰ ਤੇ ਸੋਲਰ ਸਿਸਟਮ ਲਗਾਉਣ ਲਈ ਸਤਨਾਮ ਸਿੰਘ ਖਾਲਸਾ ਨਾਲ ਅੱਜ ਹੀ ਸੰਪਰਕ ਕਰੋ



100% CUSTOMER SATISFACTION GUARANTEED

25 YEAR WARRANTY



ਬਿਜਲੀ ਦੇ ਬਿਲ ਤੋਂ ਹਮੇਸ਼ਾਂ ਲਈ ਛੁਟਕਾਰਾ
info@singhsolar.com

SUNPREME
Premium Bifacial Thin Film Solar

Satnam Singh Khalsa
510-706-1300


jus
HINDI HD
DAILY LIVE CALL IN SHOWS
Zindagi Fullon
M-F 1:30PM EST
LO KARLO BAAT
M-F 12:30PM EST
CALL NOW FOR
SPECIAL ADVERTISEMENT RATES
D CODE
THE QUOTE
M-F 12PM EST
AWAM ki AWAZ
M-F 2:30PM EST
America's Premiere Indian Television Channel
WATCH jus HINDI HD CHANNEL 725 ON
dish | sling
TELEVISION
CALL TO ADVERTISE • 1-718-752-9293 | CALL TO SUBSCRIBE +1-800-246-6242
www.jusbroadcasting.com


SHER® ROTI
SOFT
SO SOFT
SHER
DURUM ATTA
DESI
STYLE
20 lb
9.07 kg
SHER ATTA GHAR LAAO
WWW.SHERBRARMILLS.COM